ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 20* Issue 238 | Friday, December 03, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਅੰਦਰ ਇਹ ਵੀ ਪੜ੍ਹੋ


ਵਰਕਰਜ਼ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਫੋਰਡ ਸਰਕਾਰ ਨੇ ਪਾਸ ਕੀਤਾ ਵਰਕਿੰਗ ਫੌਰ ਵਰਕਰਜ਼ ਐਕਟ




ਜੱਥੇਦਾਰ ਅਕਾਲ ਤਖਤ ਵੱਲੋਂ ਦੋਸ਼: ਭਾਜਪਾ ਨੇ ਮਨਜਿੰਦਰ ਸਿੰਘ ਸਿਰਸਾ ਨੂੰ ਮੁਗਲਾਂ ਵਾਂਗ ਸਿਰਫ ਦੋ ਬਦਲ ਦੇ ਕੇ ਫਸਾਇਐ





## ਉਡਾਨਾਂ ਰੱਦ ਹੋਣ ਕਾਰਨ ਕਈ ਕੈਨੇਡੀਅਨਜ਼ ਸਾਊਥ ਅਫਰੀਕਾ ਵਿਚ ਫਸੇ



ਓਟਵਾ, 2 ਦਸੰਬਰ (ਪੋਸਟ ਬਿਊਰੋ) : ਸਾਊਥ ਅਫਰੀਕਾ ਤੋਂ ਕੈਨੇਡਾ ਪਰਤਣ ਦੀ ਕੋਸ਼ਿਸ਼ ਕਰ ਰਹੇ ਕੈਨੇਡੀਅਨਜ਼ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਵੱਲੋਂ ਕਮਿਊਨਿਕੇਸ਼ਨ ਦੀ ਘਾਟ ਕਾਰਨ ਉਹ ਪਰੇਸ਼ਾਨ ਹਨ ਤੇ ਉੱਤੋਂ ਟੈਸਟਿੰਗ ਵਾਲੀਆਂ ਸ਼ਰਤਾਂ ਕਾਰਨ ਕਈਆਂ ਦਾ ਟਰਿੱਪ ਅਸੰਭਵ ਹੋ ਗਿਆ ਹੈ।

ਮੇਗਨ ਤਾਨਿਆ ਹੌਜਕਿੰਸਨ ਸਾਊਥ ਅਫਰੀਕਾ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਗਈ ਸੀ ਜਦੋਂ ਪਿਛਲੇ ਹਫਤੇ ਕੈਨੇਡੀਅਨ ਸਰਕਾਰ ਨੇ ਸਾਊਥ ਅਫਰੀਕਾ ਸਮੇਤ ਕਈ ਅਫਰੀਕੀ ਦੇਸ਼ਾਂ ਲਈ ਟਰੈਵਲ ਸਬੰਧੀ ਨਵੀਆਂ ਪਾਬੰਦੀਆਂ ਲਾ ਦਿੱਤੀਆਂ ਹਨ। ਅਜਿਹਾ ਨੋਵਲ ਕਰੋਨਾਵਾਇਰਸ ਦੇ ਨਵੇਂ ਵੇਰੀਐਂਟ ਓਮਾਈਕ੍ਰੌਨ ਦੇ ਪਸਾਰ ਨੂੰ ਰੋਕਣ ਲਈ ਕੀਤਾ ਗਿਆ। ਹੌਜਕਿੰਸਨ ਨੇ ਆਖਿਆ ਕਿ ਉਸ ਨੇ ਅਗਲੇ ਮੰਗਲਵਾਰ ਵਾਇਆ ਯੂਨਾਇਟਿਡ ਕਿੰਗਡਮ ਕੈਨੇਡਾ ਪਰਤਣਾ ਸੀ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਉਹ ਕੈਨੇਡਾ ਵੱਲੋਂ ਟਰੈਵਲਰਜ਼ ਲਈ ਜਾਰੀ ਕੀਤੇ ਨਵੇਂ ਨਿਯਮਾਂ ਨੂੰ ਪੂਰਾ ਕਰ ਸਕੇਗੀ।

ਹੌਜਕਿੰਸਨ, ਜੋ ਕਿ ਕੈਨੇਡੀਅਨ ਪਰਮਾਨੈਂਟ ਰੈਜ਼ੀਡੈਂਟ ਹੈ ਤੇ ਉਸ ਕੋਲ ਸਾਊਥ ਅਫਰੀਕਾ ਦਾ ਪਾਸਪੋਰਟ ਵੀ ਹੈ, ਨੇ ਆਖਿਆ ਕਿ ਉਸ ਦੀ ਨਾਗਰਿਕਤਾ ਕਾਰਨ ਉਹ ਯੂ ਕੇ ਦੇ ਏਅਰਪੋਰਟਸ ਉੱਤੇ ਟੈਸਟ ਨਹੀਂ ਕਰਵਾ ਸਕੇਗੀ। ਉਨ੍ਹਾਂ ਆਖਿਆ ਕਿ ਅਫਰੀਕੀ ਦੇਸ਼ਾਂ ਨੂੰ ਵੱਖ ਕਰਕੇ ਉਨ੍ਹਾਂ ਉੱਤੇ ਟਰੈਵਲ ਸਬੰਧੀ ਪਾਬੰਦੀਆਂ ਲਾਉਣਾ ਸਹੀ ਨਹੀਂ ਹੈ। ਮਾਂਟਰੀਅਲ ਦੇ ਪੀਟਰ ਫੈਰਲ ਦਾ ਕਹਿਣਾ ਹੈ ਕਿ ਉਹ ਸੋਮਵਾਰ ਨੂੰ ਸਾਊਥ ਅਫਰੀਕਾ ਛੱਡਣ ਦਾ ਮਨ ਬਣਾ ਚੁੱਕੇ ਸਨ ਤੇ ਉਨ੍ਹਾਂ ਨੀਦਰਲੈਂਡਜ਼ ਰਾਹੀਂ ਘਰ ਪਰਤਣ ਦਾ ਫੈਸਲਾ ਕੀਤਾ ਸੀ ਪਰ ਉਨ੍ਹਾਂ ਦੀ ਫਲਾਈਟ ਹੀ ਰੱਦ ਹੋ ਗਈ।

## ਹੁਣ ਅਮਰੀਕਾ ਜਾਣ ਵਾਲਿਆਂ ਨੂੰ ਇੱਕ ਦਿਨ ਪਹਿਲਾਂ ਕਰਵਾਉਣਾ ਹੋਵੇਗਾ ਕੋਵਿਡ-19 ਟੈਸਟ



ਵਾਸ਼ਿੰਗਟਨ, 2 ਦਸੰਬਰ (ਪੋਸਟ ਬਿਊਰੋ) : ਅਗਲੇ ਹਫਤੇ ਦੇ ਸ਼ੁਰੂ ਵਿੱਚ ਅਮਰੀਕਾ ਜਾਣ ਵਾਲੇ ਕੈਨੇਡੀਅਨਜ਼ ਤੇ ਹੋਰ ਵਿਦੇਸ਼ੀ ਨਾਗਰਿਕਾਂ ਨੂੰ ਹਵਾਈ ਟਰੈਵਲ ਤੋਂ ਇੱਕ ਦਿਨ ਪਹਿਲਾਂ ਕੋਵਿਡ-19 ਟੈਸਟ ਕਰਵਾਉਣਾ ਹੋਵੇਗਾ।

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਟੈਸਟ ਕਰਵਾਉਣ ਲਈ ਪਹਿਲਾਂ ਮਿਥੀ ਗਈ 72 ਘੰਟੇ ਦੀ ਸ਼ਰਤ ਨੂੰ ਖ਼ਤਮ ਕਰਦਿਆਂ ਹੋਇਆਂ ਇਸ ਨਵੇਂ ਨਿਯਮ ਦੀ ਸ਼ੁਰੂਆਤ ਕੀਤੀ ਹੈ ਤਾਂ ਕਿ ਕੋਵਿਡ-19 ਦੇ ਨਵੇਂ ਓਮਾਈਕ੍ਰੌਨ ਵੇਰੀਐਂਟ ਨੂੰ ਅੱਗੇ ਫੈਲਣ ਤੋਂ ਰੋਕਿਆ ਜਾ ਸਕੇ। ਵਾਈਟ ਹਾਊਸ ਵੱਲੋਂ ਇਸ ਨਵੇਂ ਪਲੈਨ ਬਾਰੇ ਬੁੱਧਵਾਰ ਨੂੰ ਕੀਤੇ ਗਏ ਐਲਾਨ ਦੌਰਾਨ ਜ਼ਮੀਨੀ ਸਰਹੱਦਾਂ ਦਾ ਜ਼ਿਕਰ ਨਹੀਂ ਕੀਤਾ ਗਿਆ। ਇਹ ਵੀ ਨਹੀਂ ਦੱਸਿਆ ਗਿਆ ਕਿ ਪੂਰੀ ਤਰ੍ਹਾਂ ਟੀਕਾਕਰਣ ਕਰਵਾ ਚੁੱਕੇ ਕੈਨੇਡੀਅਨਜ਼, ਜਿਹੜੇ ਅਮਰੀਕਾ ਜਾਣਾ ਚਾਹੁੰਦੇ ਹਨ, ਨੂੰ ਆਪਣੇ ਟੈਸਟ ਰਿਜ਼ਲਟ ਵਿਖਾਉਣੇ ਹੋਣਗੇ। ਓਮਾਈਕ੍ਰੌਨ ਦੇ ਆਉਣ ਨਾਲ ਰੋਜ਼ਾਨਾਂ ਅਮਰੀਕਾ ਤੇ ਕੈਨੇਡਾ ਦਰਮਿਆਨ ਸਫਰ ਕਰਨ ਵਾਲਿਆਂ ਲਈ ਇੱਕ ਵਾਰੀ ਮੁੜ ਨਵੀਂ ਮੁਸੀਬਤ ਖੜ੍ਹੀ ਹੋ ਗਈ ਹੈ। ਅਜੇ ਇੱਕ ਮਹੀਨੇ ਪਹਿਲਾਂ ਹੀ ਅਮਰੀਕਾ ਨੇ ਪੂਰੀ ਵੈਕਸੀਨੇਸ਼ਨ ਕਰਵਾਉਣ ਵਾਲਿਆਂ ਲਈ ਪਾਬੰਦੀਆਂ ਹਟਾਈਆਂ ਸਨ।

## ਹੁਣ ਓਨਟਾਰੀਓ ਵਿੱਚ 50+ ਨੂੰ ਲੱਗਣਗੇ ਕੋਵਿਡ-19 ਬੂਸਟਰ ਸ਼ੌਟਸ



ਓਨਟਾਰੀਓ, 2 ਦਸੰਬਰ (ਪੋਸਟ ਬਿਊਰੋ) : ਕੋਵਿਡ-19 ਦਾ ਨਵਾਂ ਵੇਰੀਐਂਟ ਸਾਹਮਣੇ ਆਉਣ ਤੋਂ ਬਾਅਦ ਓਨਟਾਰੀਓ ਵੱਲੋਂ ਵੀ ਬੂਸਟਰ ਸ਼ੌਟਸ ਲਈ ਕਮਰ ਕੱਸ ਲਈ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਵੈਕਸੀਨ ਦੀ ਤੀਜੀ ਡੋਜ਼ ਭਾਵ ਬੂਸਟਰ ਡੋਜ਼ ਲਈ ਓਨਟਾਰੀਓ ਸਰਕਾਰ ਵੱਲੋਂ 50 ਸਾਲ ਤੇ ਇਸ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਨੂੰ ਯੋਗ ਕਰਾਰ ਦਿੱਤਾ ਗਿਆ ਹੈ। ਇਸ ਬਾਰੇ ਫੋਰਡ ਸਰਕਾਰ ਵੱਲੋਂ ਵੀਰਵਾਰ ਨੂੰ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਮੀਡੀਆ ਰਿਪੋਰਟਾਂ ਮੁਤਾਬਕ 50 ਸਾਲ ਤੋਂ ਉੱਪਰ ਦੇ ਲੋਕ ਦਸੰਬਰ ਤੋਂ ਯੋਗ ਹੋ ਜਾਣਗੇ।

ਇਸ ਸਮੇਂ ਬੂਸਟਰ ਸ਼ੌਟਸ ਲਈ 70 ਪਲੱਸ ਉਮਰ ਦੇ ਲੋਕ ਹੀ ਯੋਗ ਮੰਨੇ ਜਾਂਦੇ ਹਨ ਤੇ ਇਸ ਦੇ ਨਾਲ ਹੀ ਐਸਟ੍ਰਾਜ਼ੈਨੇਕਾ ਵੈਕਸੀਨ ਦੀਆਂ ਦੋ ਡੋਜ਼ਾਂ ਜਿਨ੍ਹਾਂ ਨੇ ਲਈਆਂ ਹੋਈਆਂ ਹਨ ਉਨ੍ਹਾਂ ਨੂੰ ਵੀ ਇਸ ਬੂਸਟਰ ਸ਼ੌਟ ਲਈ ਯੋਗ ਮੰਨਿਆ ਜਾਂਦਾ ਹੈ। ਇਸ ਹਫਤੇ ਦੇ ਸ਼ੁਰੂ ਵਿੱਚ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਤੇ ਚੀਫ ਮੈਡੀਕਲ ਆਫੀਸਰ ਡਾ. ਕੀਰਨ ਮੂਰ ਨੇ ਆਖਿਆ ਸੀ ਕਿ ਆਉਣ ਵਾਲੇ ਦਿਨਾਂ ਵਿੱਚ ਪ੍ਰੋਵਿੰਸ ਬੂਸਟਰ ਸ਼ੌਟਸ ਬਾਰੇ ਅਪਡੇਟ ਕਰੇਗਾ।

## ਕੈਨੇਡਾ-ਅਮਰੀਕਾ ਸਰਹੱਦ ਨੇੜੇ ਮਿਲੇ ਗੈਰਕਾਨੂੰਨੀ ਹਥਿਆਰ, 2 ਖਿਲਾਫ ਚਾਰਜ ਦਾਇਰ



ਓਨਟਾਰੀਓ, 2 ਦਸੰਬਰ (ਪੋਸਟ ਬਿਊਰੋ) : ਕੌਰਨਵਾਲ, ਓਨਟਾਰੀਓ ਨੇੜੇ ਕੈਨੇਡੀਅਨ ਸਰਹੱਦ ਉੱਤੇ ਇੱਕ ਬੋਟ ਦੀ ਤਲਾਸ਼ੀ ਲਏ ਜਾਣ ਉੱਤੇ ਆਰਸੀਐਮਪੀ ਨੂੰ 59 ਗੈਰਕਾਨੂੰਨੀ ਹਥਿਆਰ ਬਰਾਮਦ ਹੋਏ। ਇਸ ਸਬੰਧ ਵਿੱਚ ਕਿਊਬਿਕ ਦੇ ਦੋ ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ।

ਆਰਸੀਐਮਪੀ ਨੇ ਦੱਸਿਆ ਕਿ 28 ਨਵੰਬਰ ਨੂੰ ਇੰਟੇਗ੍ਰੇਟਿਡ ਆਰਸੀਐਮਪੀ ਕੌਰਨਵਾਲ ਬਾਰਡਰ ਇੰਟੇਗ੍ਰਿਟੀ ਟੀਮ ਦੇ ਮੈਂਬਰਾਂ ਨੇ ਇੱਕ ਬੋਟ ਦੇ ਸੇਂਟ ਲਾਅਰੈਂਸ ਤੇ ਮੇਡ ਲੈਂਡਫਾਲ ਪਾਰ ਕਰਨ ਤੋਂ ਬਾਅਦ ਹਥਿਆਰਾਂ ਦੀ ਸਮਗਲਿੰਗ ਸਬੰਧੀ ਜਾਂਚ ਲਾਂਚ ਕੀਤੀ। ਵੀਰਵਾਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਆਰਸੀਐਮਪੀ ਨੇ ਆਖਿਆ ਕਿ ਬੋਟ ਤੋਂ ਤਿੰਨ ਵੱਡੇ ਬੈਗ ਉਤਾਰ ਕੇ ਇੱਕ ਗੱਡੀ ਵਿੱਚ ਰੱਖੇ ਗਏ ਤੇ ਫਿਰ ਉਹ ਉੱਥੋਂ ਚਲੀ ਗਈ।

ਇਸ ਤੋਂ ਬਾਅਦ ਆਰਸੀਐਮਪੀ ਨੇ ਗੱਡੀ ਨੂੰ ਸੜਕ ਉੱਤੇ ਰੋਕਿਆ ਤੇ ਉਸ ਵਿੱਚੋਂ ਪੁਲਿਸ ਨੂੰ ਪਾਬੰਦੀਸ਼ੁਦਾ ਹਥਿਆਰ ਤੇ ਹਾਈ ਕਪੈਸਿਟੀ ਵਾਲੇ ਮੈਗਜ਼ੀਨ ਮਿਲੇ। ਜਾਂਚ ਵਿੱਚ 53 ਪਾਬੰਦੀਸ਼ੁਦਾ ਪਿਸਟਲਜ਼, ਛੇ ਪਾਬੰਦੀਸ਼ੁਦਾ ਰਾਈਫਲਜ਼ ਤੇ 110 ਮੈਗਜ਼ੀਨ ਬਰਾਮਦ ਹੋਏ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਹ ਗੰਨਜ਼ ਤੇ ਹਥਿਆਰ ਮੁਜਰਮਾਨਾਂ ਨੈੱਟਵਰਕ ਤੇ ਗੰਨਜ਼ ਦੀ ਗੈਰਕਾਨੂੰਨੀ ਸਮਗਲਿੰਗ ਲਈ ਵਰਤੇ ਜਾਣੇ ਸਨ।

ਇਸ ਸਬੰਧ ਵਿੱਚ ਲਾਵਲ, ਕਿਊਬਿਕ ਦੇ 25 ਸਾਲਾ ਫਲੇਰੋਡੇਲਗਾਡੋ ਤੇ ਮਾਂਟਰੀਅਲ ਦੇ 49 ਸਾਲਾ ਵਲਾਦੀਮੀਰ ਸੁਫਰੈਂਟ ਖਿਲਾਫ ਚਾਰਜਿਜ਼ ਲਾਏ ਗਏ ਹਨ।


Best Insurance Rates
Life • Auto • Home • Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca ksgpestcontrol@gmail.com
Amarjeet Singh Gill Certified & Licensed Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

YES! Immigration Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc Raj Narang Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance | Mortgage Insurance | Life Insurance | Visitor Insurance | Travel Insurance | RESP(Education Plan) | Critical Illness Insurance

INSURANCE MART INSURANCE COMPANY
Life Insurance | Critical Illness | Disability | Super Visa | Home and Auto Insurance
Gurdip Gill (647)767-6665 gurdipgill1@hotmail.ca

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan Mob: 416-465-1200
www.dubaijewellers.ca info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
www.ufsinsurance.com
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਟਰੈਵਲ ਬੈਨ ਵਾਲੀ ਸੂਚੀ ਵਿੱਚ ਕੈਨੇਡਾ ਨੇ ਤਿੰਨ ਦੇਸ਼ ਹੋਰ ਕੀਤੇ ਸ਼ਾਮਿਲ



ਓਟਵਾ, 2 ਦਸੰਬਰ (ਪੋਸਟ ਬਿਊਰੋ) : ਕੋਵਿਡ-19 ਦੇ ਨਵੇਂ ਵੇਰੀਐਂਟ ਓਮਾਈਕ੍ਰੌਨ ਦੇ ਤੇਜ਼ੀ ਨਾਲ ਆਪਣੇ ਪੈਰ ਪਸਾਰਨ ਦੇ ਮੱਦੇਨਜ਼ਰ ਫੈਡਰਲ ਸਰਕਾਰ ਨੇ ਤਿੰਨ ਹਰ ਅਫਰੀਕੀ ਦੇਸ਼ਾਂ ਨੂੰ ਟਰੈਵਲ ਬੈਨ ਦੀ ਆਪਣੀ ਸੂਚੀ ਵਿੱਚ ਸ਼ਾਮਲ ਕਰ ਲਿਆ ਹੈ।

ਨਾਈਜੀਰੀਆ, ਮਾਲਾਵੀ ਤੇ ਮਿਸਰ ਹੀ ਉਹ ਦੇਸ਼ ਹਨ, ਪਿਛਲੇ ਦੋ ਹਫਤਿਆਂ ਵਿੱਚ ਜਿਥੋਂ ਦਾ ਦੌਰਾ ਕਰਨ ਵਾਲੇ ਲੋਕਾਂ ਉੱਤੇ ਕੈਨੇਡਾ ਦਾਖਲ ਹੋਣ ਉੱਤੇ ਪਾਬੰਦੀ ਲਾ ਦਿੱਤੀ ਗਈ ਹੈ। ਜਿਨ੍ਹਾਂ ਹੋਰਨਾਂ ਦੇਸ਼ਾਂ ਉੱਤੇ ਪਾਬੰਦੀ ਲਾਈ ਗਈ ਹੈ ਉਨ੍ਹਾਂ ਵਿੱਚ ਦੱਖਣੀ ਅਫਰੀਕਾ, ਮੌਜ਼ੰਮਬੀਕ, ਬੋਤਸਵਾਨਾ, ਜ਼ਿੰਬਾਬਵੇ, ਨਾਮੀਬੀਆ, ਲੇਸੋਥੋ ਤੇ ਏਸਵਾਤਿਨੀ ਸ਼ਾਮਲ ਹਨ।

ਇਨ੍ਹਾਂ ਦੇਸ਼ਾਂ ਦਾ ਦੌਰਾ ਕਰਕੇ ਆਉਣ ਵਾਲੇ ਕੈਨੇਡੀਅਨਜ਼ ਤੇ ਪਰਮਾਨੈਂਟ ਰੈਜ਼ੀਡੈਂਟਸ ਦਾ ਕੈਨੇਡਾ ਪਹੁੰਚਣ ਉੱਤੇ ਟੈਸਟ ਕੀਤਾ ਜਾਵੇਗਾ ਤੇ ਜਦੋਂ ਤੱਕ ਉਨ੍ਹਾਂ ਦਾ ਨੈਗੇਟਿਵ ਟੈਸਟ ਨਹੀਂ ਆ ਜਾਂਦਾ ਉਦੋਂ ਤੱਕ ਉਨ੍ਹਾਂ ਨੂੰ ਕੁਆਰਨਟੀਨ ਕੀਤਾ ਜਾਵੇਗਾ। ਜੇ ਉਨ੍ਹਾਂ ਦਾ ਟੈਸਟ ਨੈਗੇਟਿਵ ਆ ਜਾਂਦਾ ਹੈ ਤਾਂ ਉਹ ਆਪਣਾ ਕੁਆਰਨਟੀਨ ਵਾਲਾ ਸਮਾਂ ਆਪਣੇ ਘਰ ਵਿੱਚ ਪੂਰਾ ਕਰ ਸਕਣਗੇ। ਫਿਰ ਉਨ੍ਹਾਂ ਨੂੰ ਕੁਆਰਨਟੀਨ ਦੇ ਅੱਠਵੇਂ ਦਿਨ ਟੈਸਟ ਕਰਵਾਉਣਾ ਹੋਵੇਗਾ।

ਅਮਰੀਕਾ ਨੂੰ ਛੱਡ ਕੇ ਕੈਨੇਡਾ ਚਾਹੁੰਦਾ ਹੈ ਕਿ ਇੱਧਰ ਆਉਣ ਵਾਲੇ ਸਾਰੇ ਏਅਰ ਟਰੈਵਲਰਜ਼ ਦੀ ਵੈਕਸੀਨੇਸ਼ਨ ਹੋਣ ਦੇ ਬਾਵਜੂਦ ਏਅਰਪੋਰਟ ਉੱਤੇ ਉਨ੍ਹਾਂ ਦਾ ਟੈਸਟ ਜ਼ਰੂਰ ਕਰਵਾਇਆ ਜਾਵੇ। ਇਹ ਨਿਯਮ ਮੰਗਲਵਾਰ ਰਾਤ ਤੋਂ ਹੀ ਪ੍ਰਭਾਵੀ ਹੋ ਗਏ ਹਨ।

# ਵਰਕਰਜ਼ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਫੋਰਡ ਸਰਕਾਰ ਨੇ ਪਾਸ ਕੀਤਾ ਵਰਕਿੰਗ ਫੌਰ ਵਰਕਰਜ਼ ਐਕਟ

ਓਨਟਾਰੀਓ, 2 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਨਵੇਂ ਨਿਯਮ ਪਾਸ ਕੀਤੇ ਗਏ ਹਨ ਜਿਸ ਨਾਲ ਇੰਪਲੌਈਜ਼ ਨੂੰ ਆਫਿਸ ਨਾਲੋਂ ਡਿਸਕੁਨੈਕਟ ਹੋਣ ਵਿੱਚ ਮਦਦ ਮਿਲੇਗੀ ਤੇ ਉਹ ਕੰਮ ਤੇ ਜ਼ਿੰਦਗੀ ਦਰਮਿਆਨ ਬਿਹਤਰ ਤਾਲਮੇਲ ਕਾਇਮ ਕਰ ਸਕਣਗੇ।

ਮੰਗਲਵਾਰ ਨੂੰ ਸਰਕਾਰ ਨੇ "ਵਰਕਿੰਗ ਫੌਰ ਵਰਕਰਜ਼ ਐਕਟ" ਪਾਸ ਕੀਤਾ। ਇਸ ਤਹਿਤ ਓਨਟਾਰੀਓ ਵਿੱਚ 25 ਲੋਕਾਂ ਜਾਂ ਇਸ ਤੋਂ ਵੱਧ ਮੁਲਾਜ਼ਮਾਂ ਵਾਲੇ ਬਿਜ਼ਨਸਿਜ਼ ਲਈ ਇਹ ਸ਼ਰਤ ਹੋਵੇਗੀ ਕਿ ਉਨ੍ਹਾਂ ਦੀ ਇੱਕ ਲਿਖਤੀ ਪਾਲਿਸੀ ਮੁਲਾਜ਼ਮਾਂ ਦੇ ਅਧਿਕਾਰਾਂ ਬਾਰੇ ਹੋਵੇ ਜਿਸ ਵਿੱਚ ਇਹ ਦਰਜ ਹੋਵੇ ਕਿ ਦਿਨ ਖ਼ਤਮ ਹੋਣ ਸਮੇਂ ਕਦੋਂ ਉਨ੍ਹਾਂ ਨੇ ਆਪਣੇ ਕੰਮ ਨਾਲੋਂ ਡਿਸਕੁਨੈਕਟ ਕਰਨਾ ਹੈ।

ਸਰਕਾਰ ਦਾ ਕਹਿਣਾ ਹੈ ਕਿ ਇਨ੍ਹਾਂ ਕੰਮ ਵਾਲੀਆਂ ਨੀਤੀਆਂ ਵਿੱਚ ਜਿਹੜੀਆਂ ਗੱਲਾਂ ਸ਼ਾਮਲ ਹਨ ਉਨ੍ਹਾਂ ਅਨੁਸਾਰ ਈਮੇਲਜ਼ ਦਾ ਜਵਾਬ ਦੇਣ ਲਈ ਇੱਕ ਨਿਰਧਾਰਤ ਸਮਾਂ ਸੀਮਾ ਹੋਵੇ ਤੇ ਜਦੋਂ ਮੁਲਾਜ਼ਮ ਕੰਮ ਨਹੀਂ ਕਰ ਰਹੇ ਹੋਣ ਉਦੋਂ ਉਹ ਆਊਟ ਆਫ ਆਫਿਸ ਨੋਟੀਫਿਕੇਸ਼ਨ ਆਨ ਕਰ ਲੈਣ। ਐਕਟ ਅਨੁਸਾਰ ਹਰ ਸਾਲ ਪਹਿਲੀ ਜਨਵਰੀ ਤੇ ਪਹਿਲੀ ਮਾਰਚ ਦਰਮਿਆਨ ਇੰਪਲੌਇਰ ਇਹ ਯਕੀਨੀ ਬਣਾਵੇ ਕਿ ਮੁਲਾਜ਼ਮਾਂ ਦੇ ਕੰਮ ਨਾਲੋਂ ਡਿਸਕੁਨੈਕਟ ਹੋਣ ਲਈ ਲਿਖਤੀ ਪਾਲਿਸੀ ਹੋਵੇ।



ਇੱਕ ਬਿਆਨ ਵਿੱਚ ਮੰਗਲਵਾਰ ਨੂੰ ਲੇਬਰ ਮੰਤਰੀ ਮੌਂਟੀ ਮੈਕਨੌਟਨ ਨੇ ਆਖਿਆ ਕਿ ਅਸੀਂ ਹਾਲਾਤ ਨੂੰ ਮੁੜ ਸੰਤੁਲਿਤ ਕਰਨ ਲਈ ਦ੍ਰਿੜ ਹਾਂ ਤੇ ਓਨਟਾਰੀਓ ਦੇ ਆਰਥਿਕ ਵਿਕਾਸ ਦੀ ਵਾਗਡੋਰ ਅਸੀਂ ਵਰਕਰਜ਼ ਦੇ ਹੱਥ ਦੇਣੀ ਚਾਹੁੰਦੇ ਹਾਂ। ਇਸ ਦੇ ਨਾਲ ਹੀ ਅਸੀਂ ਆਪਣੇ ਪ੍ਰੋਵਿੰਸ ਲਈ ਆਲ੍ਹਾ ਵਰਕਰਜ਼ ਨੂੰ ਆਕਰਸ਼ਿਤ ਕਰਨਾ ਚਾਹੁੰਦੇ ਹਾਂ। ਇਸ ਐਕਟ ਤਹਿਤ ਅਜਿਹੇ ਕਲਾਜ਼ ਦੀ ਵਰਤੋਂ ਉੱਤੇ ਵੀ ਰੋਕ ਲਾਈ ਜਾਵੇਗੀ ਜਿਹੜੇ ਵਰਕਰਜ਼ ਨੂੰ ਚੰਗੀਆਂ ਤਨਖਾਹਾਂ ਵਾਲੀਆਂ ਹੋਰ ਨੌਕਰੀਆਂ ਤੇ ਹੋਰ ਮੌਕੇ ਹਾਸਲ ਕਰਨ ਤੋਂ ਰੋਕਦੇ ਹਨ।

# ਛੁਰੇਬਾਜ਼ੀ ਵਿੱਚ ਇੱਕ 15 ਸਾਲਾ ਲੜਕਾ ਜ਼ਖ਼ਮੀ

ਓਸ਼ਵਾ, 2 ਦਸੰਬਰ (ਪੋਸਟ ਬਿਊਰੋ) : ਬੁੱਧਵਾਰ ਦੁਪਹਿਰ ਨੂੰ ਓਸ਼ਵਾ ਵਿੱਚ ਛੁਰੇਬਾਜ਼ੀ ਵਿੱਚ ਜ਼ਖ਼ਮੀ ਹੋਏ 15 ਸਾਲਾ ਲੜਕੇ ਦੇ ਮਾਮਲੇ ਦੀ ਦਰਹਾਮ ਰੀਜਨਲ ਪੁਲਿਸ ਵੱਲੋਂ ਜਾਚ ਕੀਤੀ ਜਾ ਰਹੀ ਹੈ।

ਦੁਪਹਿਰੇ 12:30 ਵਜੇ ਤੋਂ ਠੀਕ ਬਾਅਦ ਪੁਲਿਸ ਨੂੰ ਝੜਪ ਹੋਣ ਦੀ ਖਬਰ ਦੇ ਕੇ ਹਾਰਮਨੀ ਰੋਡ ਤੇ ਐਡੀਲੇਡ ਐਵਨਿਊ ਇਲਾਕੇ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਮੌਕੇ ਉੱਤੇ ਉਨ੍ਹਾਂ ਨੂੰ 15 ਸਾਲਾ ਲੜਕਾ ਜ਼ਖ਼ਮੀ ਹਾਲਤ ਵਿੱਚ ਮਿਲਿਆ ਤੇ ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।



ਪੁਲਿਸ ਵੱਲੋਂ ਇਲਾਕੇ ਵਿੱਚ ਕੀਤੀ ਜਾ ਰਹੀ ਜਾਂਚ ਦਰਮਿਆਨ ਕੌਰਨੇਸ਼ਨ ਪਬਲਿਕ ਸਕੂਲ, ਹਾਰਮਨੀ ਹਾਈਟਸ ਪਬਲਿਕ ਸਕੂਲ, ਈਸਟਡੇਲ ਕਾਲਜੀਏਟ ਐਂਡ ਵੋਕੇਸ਼ਨਲ ਇੰਸਟੀਚਿਊਟ, ਵਿਨਸੈਂਟ ਮੈਸੀ ਪਬਲਿਕ ਸਕੂਲ, ਗੌਰਡਨ ਬੀ ਐਟਰਸਲੇਅ ਪਬਲਿਕ ਸਕੂਲ ਤੇ ਸਰ ਅਲਬਰਟਾ ਲਵ ਕੈਥੋਲਿਕ ਸਕੂਲ ਨੂੰ ਹੋਲਡ ਐਂਡ ਸਕਿਓਰ ਉੱਤੇ ਰੱਖਿਆ ਗਿਆ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਜ਼ਖ਼ਮੀ ਲੜਕਾ ਇਨ੍ਹਾਂ ਸਕੂਲਾਂ ਵਿੱਚੋਂ ਕਿਸੇ ਦਾ ਵਿਦਿਆਰਥੀ ਸੀ ਜਾਂ ਨਹੀਂ।

ਦੁਪਹਿਰੇ 2:30 ਵਜੇ ਪੁਲਿਸ ਨੇ ਟਵੀਟ ਕਰਕੇ ਦੱਸਿਆ ਕਿ ਹੋਲਡ ਐਂਡ ਸਕਿਓਰ ਆਰਡਰ ਹਟਾ ਦਿੱਤੇ ਗਏ ਹਨ। ਪੁਲਿਸ ਵੱਲੋਂ ਕਿਸੇ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਵੀ ਜਾਰੀ ਨਹੀਂ ਕੀਤੀ ਗਈ।

# ਟੀਕਾਕਰਣ ਕਰਵਾਏ ਬਿਨਾਂ ਹੀ ਟੀਡੀਐਸਬੀ ਦੇ 1000 ਮੁਲਾਜ਼ਮ ਬੱਚਿਆਂ ਨਾਲ ਕਰ ਰਹੇ ਹਨ ਕੰਮ

ਟੋਰਾਂਟੋ, 2 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀਡੀਐਸਬੀ) ਦੇ ਸੈਂਕੜੇ ਅਜਿਹੇ ਮੁਲਾਜ਼ਮ ਹਨ ਜਿਨ੍ਹਾਂ ਨੇ ਟੀਕਾਕਰਣ ਨਹੀਂ ਕਰਵਾਇਆ ਹੋਇਆ ਪਰ ਉਹ ਬੱਚਿਆਂ ਦੇ ਨਾਲ ਕੰਮ ਕਰ ਰਹੇ ਹਨ। ਦੂਜੇ ਪਾਸੇ ਬੋਰਡ ਵੱਲੋਂ ਇਨ੍ਹਾਂ ਮੁਲਾਜ਼ਮਾਂ ਦੀਆਂ ਕੋਵਿਡ-19 ਵੈਕਸੀਨ ਤੋਂ ਛੋਟ ਸਬੰਧੀ ਬੇਨਤੀਆਂ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਇਸ ਦੀ ਪੁਸ਼ਟੀ ਬੁੱਧਵਾਰ ਨੂੰ ਤਰਜ਼ਮਾਨ ਵੱਲੋਂ ਕੀਤੀ ਗਈ।

21 ਨਵੰਬਰ ਤੱਕ ਮੈਡੀਕਲ ਕਾਰਨਾਂ ਕਰਕੇ ਤੇ ਜਾਂ ਫਿਰ ਧਾਰਮਿਕ ਕਾਰਨਾਂ ਕਰਕੇ ਕੋਵਿਡ-19 ਦੀ ਵੈਕਸੀਨੇਸ਼ਨ ਤੋਂ ਛੋਟ ਲੈਣ ਲਈ ਅਰਜ਼ੀ ਭੇਜਣ ਵਾਲਿਆਂ ਦੀ ਗਿਣਤੀ 1,000 ਤੋਂ ਵੱਧ ਸੀ। ਟੀਡੀਐਸਬੀ ਦੇ ਬੁਲਾਰੇ ਰਾਇਨ ਬਰਡ ਵੱਲੋਂ ਇਸ ਦੀ ਪੁਸ਼ਟੀ ਕੀਤੀ ਗਈ ਕਿ ਇਨ੍ਹਾਂ ਮੁਲਾਜ਼ਮਾਂ ਵਿੱਚੋਂ 920 ਅਜਿਹੇ ਫੈਕਲਟੀ ਮੈਂਬਰ ਹਨ ਜਿਹੜੇ ਵਿਦਿਆਰਥੀਆਂ ਨਾਲ ਰੋਜ਼ਾਨਾ ਕੰਮ ਕਰ ਰਹੇ ਹਨ। ਬਰਡ ਨੇ ਆਖਿਆ ਕਿ ਅਸੀਂ ਇਨ੍ਹਾਂ ਬੇਨਤੀਆਂ ਦਾ ਮੁਲਾਂਕਣ ਕਰ ਰਹੇ ਹਾਂ ਪਰ ਕਈ ਵਾਰੀ ਸਾਨੂੰ ਅਜਿਹੀ ਜਾਣਕਾਰੀ ਚਾਹੀਦੀ ਹੁੰਦੀ ਹੈ ਜਿਹੜੀ ਸਾਨੂੰ ਮੁਲਾਜ਼ਮਾਂ ਤੋਂ ਲੈਣੀ ਪੈਂਦੀ ਹੈ। ਬਰਡ ਨੇ ਆਖਿਆ ਕਿ ਇਨ੍ਹਾਂ ਬੇਨਤੀਆਂ ਉੱਤੇ ਫਾਈਨਲ ਫੈਸਲਾ ਅਗਲੇ ਹਫਤਿਆਂ ਤੱਕ ਆਉਣ ਦੀ ਸੰਭਾਵਨਾ ਹੈ ਤੇ ਉਦੋਂ ਸੱਭ ਨੂੰ ਇਸ ਬਾਰੇ ਜਾਣਕਾਰੀ ਦੇ ਦਿੱਤੀ ਜਾਵੇਗੀ।

# ਗੱਡੀ ਵੱਲੋਂ ਰਾਹਗੀਰਾਂ ਨੂੰ ਮਾਰੀ ਗਈ ਟੱਕਰ ਕਾਰਨ 8 ਸਾਲਾ ਬੱਚੀ ਦੀ ਹੋਈ ਮੌਤ



ਓਨਟਾਰੀਓ, 2 ਦਸੰਬਰ (ਪੋਸਟ ਬਿਊਰੋ) : ਲੰਡਨ, ਓਨਟਾਰੀਓ ਵਿੱਚ ਇੱਕ ਗੱਡੀ ਵੱਲੋਂ 10 ਰਾਹਗੀਰਾਂ ਤੇ ਇੱਕ ਹੋਰ ਗੱਡੀ ਨੂੰ ਟੱਕਰ ਮਾਰੇ ਜਾਣ ਤੋਂ ਬਾਅਦ ਅੱਠ ਸਾਲਾ ਬੱਚੀ ਦੀ ਮੌਤ ਹੋ ਗਈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਲੰਡਨ ਪੁਲਿਸ ਸਰਵਿਸ ਨੇ ਦੱਸਿਆ ਕਿ ਐਮਰਜੰਸੀ ਅਮਲੇ ਨੂੰ ਸ਼ਾਮੀਂ 6:45 ਉੱਤੇ ਇਸ ਹਾਦਸੇ ਦਾ ਪਤਾ ਲੱਗਿਆ ਤੇ ਉਹ ਫੌਰਨ ਵੰਡਰਲੈਂਡ ਰੋਡ ਦੇ ਪੱਛਮ ਵੱਲ ਰਿਵਰਸਾਈਡ ਡਰਾਈਵ ਉੱਤੇ ਘਟਨਾ ਵਾਲੀ ਥਾਂ ਉੱਤੇ ਪਹੁੰਚੇ। ਬੁੱਧਵਾਰ ਨੂੰ ਦਿੱਤੀ ਗਈ ਅਪਡੇਟ ਵਿੱਚ ਪੁਲਿਸ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਛੇ ਸਾਲ ਤੋਂ 40 ਸਾਲ ਦੀ ਉਮਰ ਦੀਆਂ 10 ਮਹਿਲਾ ਰਾਹਗੀਰ ਜ਼ਖ਼ਮੀ ਹੋਈਆਂ। ਅੱਠ ਸਾਲਾ ਬੱਚੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਈ ਤੇ ਬਾਅਦ ਵਿੱਚ ਹਸਪਤਾਲ ਵਿੱਚ ਉਸ ਦੀ ਮੌਤ ਹੋ ਗਈ।

ਪੁਲਿਸ ਨੇ ਇਹ ਵੀ ਦੱਸਿਆ ਕਿ ਇੱਕ ਬਾਲਗ ਤੇ ਚਾਰ ਬੱਚੇ ਅਜੇ ਹਸਪਤਾਲ ਵਿੱਚ ਹੀ ਹਨ ਤੇ ਉਨ੍ਹਾਂ ਦੀ ਹਾਲਤ ਠੀਕ ਹੈ ਤੇ ਇੱਕ ਹੋਰ ਬੱਚੇ ਦੀ ਹਾਲਤ ਬਿਹਤਰ ਹੈ। ਉਨ੍ਹਾਂ ਦੱਸਿਆ ਕਿ ਦੋ ਬੱਚਿਆਂ ਤੇ ਇੱਕ ਟੀਨੇਜਰ ਨੂੰ ਮਾਮੂਲੀ ਜ਼ਖ਼ਮਾਂ ਦੇ ਇਲਾਜ ਤੋਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਦੇ ਦਿੱਤੀ ਗਈ। ਪੁਲਿਸ ਨੇ ਦੱਸਿਆ ਕਿ ਰਾਹਗੀਰਾਂ ਦਾ ਇੱਕ ਗਰੁੱਪ ਰਿਵਰਸਾਈਡ ਦੇ ਉੱਤਰ ਵਾਲੇ ਪਾਸੇ ਪੂਰਬ ਵੱਲ ਤੁਰਿਆ ਜਾ ਰਿਹਾ ਸੀ ਜਦੋਂ ਇੱਕ ਗੱਡੀ ਉਨ੍ਹਾਂ ਨਾਲ ਆ ਟਕਰਾਈ। ਇਸ ਗੱਡੀ ਨੂੰ 78 ਸਾਲਾ ਮਹਿਲਾ ਚਲਾ ਰਹੀ ਸੀ।

ਪੁਲਿਸ ਅਨੁਸਾਰ ਇਸ ਡਰਾਈਵਰ ਨੇ ਹੀ ਫਿਰ ਇੱਕ ਗੱਡੀ ਵਿੱਚ ਆਪਣੀ ਗੱਡੀ ਜਾ ਮਾਰੀ ਜਿਹੜੀ ਰੈੱਡ ਲਾਈਟ ਉੱਤੇ ਰੁਕੀ ਹੋਈ ਸੀ। ਕਾਂਸਟੇਬਲ ਸੰਦਾਸ਼ਾ ਬਫ ਨੇ ਦੱਸਿਆ ਕਿ ਅਜੇ ਤੱਕ ਇਸ ਮਾਮਲੇ ਵਿੱਚ ਕੋਈ ਚਾਰਜਿਜ਼ ਨਹੀਂ ਲਾਏ ਗਏ ਹਨ ਤੇ ਨਾ ਹੀ ਕਿਸੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

# ਭਾਰਤ ਵਿੱਚ 'ਓਮੀਕਰੋਨ' ਆਣ ਪੁੱਜਾ, ਕਰਨਾਟਕ ਵਿੱਚ ਦੋ ਪਾਜ਼ਿਟਿਵ ਕੇਸ ਮਿਲੇ



ਨਵੀਂ ਦਿੱਲੀ, 2 ਦਸੰਬਰ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਨਵੇਂ ਰੂਪ 'ਓਮੀਕਰੋਨ' ਦੀ ਭਾਰਤ ਵਿੱਚਪਹੁੰਚ ਹੋ ਗਈ ਹੈ।ਕਰਨਾਟਕ ਰਾਜਵਿੱਚ 2 ਕੇਸ ਮਿਲਣ ਬਾਰੇ ਕੇਂਦਰੀ ਸਿਹਤ ਮੰਤਰਾਲਾ ਨੇ ਮੰਨਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਕਰਨਾਟਕ ਵਿੱਚਦੱਖਣੀ ਅਫ਼ਰੀਕਾ ਤੋਂ ਆਏ 66 ਅਤੇ 46 ਸਾਲ ਦੇ ਦੋ ਵਿਅਕਤੀ ਓਮੀਕਰੋਨ ਤੋਂ ਪੀੜਤ ਹਨ, ਜਿਨ੍ਹਾਂ ਨੂੰ ਇਕਾਂਤਵਾਸ ਵਿੱਚ ਭੇਜ ਦਿੱਤਾ ਹੈ। ਸਿਹਤ ਮੰਤਰਾਲਾ ਨੇ ਵਿਸ਼ਵ ਸਿਹਤ ਸੰਗਠਨ (ਡਬਲਯੂ ਐੱਚ ਓ) ਦੇ ਹਵਾਲੇ ਨਾਲ ਕਿਹਾ ਕਿ ਕੋਰੋਨਾ ਦਾ ਓਮੀਕਰੋਨ ਵੇਰੀਐਂਟ ਡੈਲਟਾ ਦੇ ਮੁਕਾਬਲੇ 5 ਗੁਣਾ ਵੱਧਮਾਰੂ ਹੈ ਅਤੇ ਬਾਕੀਆਂ ਮੁਕਾਬਲੇ ਤੇਜ਼ੀ ਨਾਲ ਫੈਲ ਸਕਦਾ ਹੈ।ਅਜੇ ਤੱਕ ਦੁਨੀਆ ਦੇ ਕਰੀਬ 23 ਦੇਸ਼ਾਂ ਵਿਚ ਓਮੀਕਰੋਨ ਤੋਂ ਪੀੜਤ ਮਰੀਜ਼ਾਂ ਦੀ ਪਛਾਣ ਹੋਈ ਹੈ। ਡਬਲਯੂ ਐੱਚ ਓ ਨੇ ਇਸ ਨੂੰ 'ਹਾਈ ਰਿਸਕ' ਕੈਟੇਗਰੀ ਕਿਹਾ ਹੈ।

ਇਸ ਦੌਰਾਨ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ 'ਜੋਖ਼ਮ ਵਾਲੇ' ਦੇਸ਼ਾਂ ਤੋਂ ਆਏ ਛੇ ਹੋਰ ਯਾਤਰੀ ਅੱਜ ਵੀਰਵਾਰ ਨੂੰ ਜਾਂਚ ਵਿੱਚ ਕੋਰੋਨਾ ਪਾਜ਼ੇਟਿਵ ਨਿਕਲੇ। ਇਨ੍ਹਾਂ ਵਿਚੋਂ ਇਕਜਣਾ ਪਿੱਛੇ ਜਿਹੇਦੱਖਣੀ ਅਫਰੀਕਾ ਦੀ ਯਾਤਰਾ ਕਰ ਚੁੱਕਾ ਹੈ।ਇੱਕ ਅਧਿਕਾਰੀ ਮੁਤਾਬਕ ਰਾਤ ਕਰੀਬ 12 ਵਜੇ ਏਅਰ ਫ਼ਰਾਂਸ ਫਲਾਈਟਵਿੱਚ ਆਏ 243 ਲੋਕਾਂ ਵਿੱਚੋਂ ਤਿੰਨ ਜਣੇ ਪਾਜ਼ੇਟਿਵ ਸਨ ਤੇ ਲੰਡਨ ਤੋਂ ਆਏ ਦੋ ਲੋਕ ਵੀ ਕੋਵਿਡ ਪਾਜ਼ੇਟਿਵ ਸਨ। ਅਧਿਕਾਰੀ ਦੇ ਮੁਤਾਬਕਇੱਕ ਮੁਸਾਫਰ ਦੱਖਣੀ ਅਫਰੀਕਾ ਦੇ ਜੋਹਾਨਸਬਰਗ ਵਿੱਚ ਕਰੀਬ ਹਫਤਾ ਰਿਹਾ ਤੇ ਫਿਰ ਤਨਜ਼ਾਨੀਆ ਤੋਂ ਦੋਹਾ ਗਿਆ ਅਤੇ ਉੱਥੋਂ ਦਿੱਲੀ ਆਇਆ ਸੀ, ਇਹ ਯਾਤਰੀ ਵੀ ਕੋਰੋਨਾ ਦਾ ਪੀੜਤ ਨਿਕਲਿਆ ਹੈ।

# ਫਾਈਜ਼ਰ ਨੇ ਐਂਟੀਵਾਇਰਲ ਕੋਵਿਡ-19 ਪਿੱਲ ਸਬੰਧੀ ਡਾਟਾ ਮੁਲਾਂਕਣ ਲਈ ਹੈਲਥ ਕੈਨੇਡਾ ਕੋਲ ਜਮ੍ਹਾਂ ਕਰਵਾਇਆ

ਟੋਰਾਂਟੋ, 2 ਦਸੰਬਰ (ਪੋਸਟ ਬਿਊਰੋ) : ਫਾਈਜ਼ਰ ਵੱਲੋਂ ਐਂਟੀਵਾਇਰਲ ਕੋਵਿਡ-19 ਪਿੱਲ ਸਬੰਧੀ ਕਲੀਨਿਕਲ ਡਾਟਾ ਹੈਲਥ ਕੈਨੇਡਾ ਕੋਲ ਜਮ੍ਹਾਂ ਕਰਵਾਇਆ ਗਿਆ ਹੈ। ਕੰਪਨੀ ਨੂੰ ਪੂਰੀ ਆਸ ਹੈ ਕਿ ਇਸ ਪਿੱਲ ਨਾਲ ਕੋਵਿਡ-19 ਦੇ ਮਾਮੂਲੀ ਤੋਂ ਦਰਮਿਆਨੇ ਮਾਮਲਿਆਂ ਦਾ ਇਲਾਜ ਸਹਿਜੇ ਹੀ ਕੀਤਾ ਜਾ ਸਕੇਗਾ।

ਫਾਈਜ਼ਰ ਦੀ ਇਸ ਐਂਟੀਵਾਇਰਲ ਪਿੱਲ ਨੂੰ ਪੈਕਸਲੋਵਿਡ ਦਾ ਨਾਂ ਦਿੱਤਾ ਗਿਆ ਹੈ। ਇਹ ਪਿੱਲ 18 ਸਾਲ ਤੇ ਉਸ ਤੋਂ ਵੱਧ ਉਮਰ ਦੇ ਉਨ੍ਹਾਂ ਬਾਲਗਾਂ ਨੂੰ ਦਿੱਤੀ ਜਾ ਸਕੇਗੀ ਜਿਨ੍ਹਾਂ ਨੂੰ ਕੋਵਿਡ-19 ਹੋਣ ਦੀ ਪੁਸ਼ਟੀ ਹੋਈ ਹੋਵੇਗੀ ਤੇ ਜਿਨ੍ਹਾਂ ਦੇ ਗੰਭੀਰ ਰੂਪ ਵਿੱਚ ਬਿਮਾਰ ਹੋਣ ਦਾ ਖਤਰਾ ਹੋਵੇਗਾ। ਇਸ ਡਰੱਗ ਨਿਰਮਾਤਾ ਕੰਪਨੀ ਵੱਲੋਂ ਜਾਰੀ ਕੀਤੀ ਗਈ ਪ੍ਰੈੱਸ ਰਲੀਜ਼ ਵਿੱਚ ਆਖਿਆ ਗਿਆ ਹੈ ਕਿ ਇਹ ਪਿੱਲ ਸਾਰਸ-ਕੋਵ-2 ਵਿੱਚ ਅਜਿਹੇ ਐਨਜ਼ਾਈਮ ਦੀ ਗਤੀਵਿਧੀ ਨੂੰ ਬਲਾਕ ਕਰਨ ਲਈ ਤਿਆਰ ਕੀਤੀ ਗਈ ਹੈ ਜਿਹੜਾ ਵਾਇਰਸ ਨੂੰ ਅਗਾਂਹ ਕਾਪੀ ਕਰਨ ਲਈ ਜ਼ਰੂਰੀ ਹੈ। ਇਸ ਪਿੱਲ ਵਿੱਚ ਅਜਿਹੇ ਇਨਗ੍ਰੀਡੀਐਂਟਸ ਹਨ ਜਿਹੜੇ ਵਾਇਰਸ ਨਾਲ ਲੰਮੇਂ ਸਮੇਂ ਤੱਕ ਲੜਨ ਵਿੱਚ ਮਦਦ ਕਰਦੇ ਹਨ।




ਇਸ ਪਿੱਲ ਵਿੱਚ ਰਿਟੋਨਾਵੀਅਰ ਦੀ ਵਰਤੋਂ ਵੀ ਕੀਤੀ ਗਈ ਹੈ। ਇਹ ਇੱਕ ਅਜਿਹੀ ਦਵਾਈ ਹੈ ਜਿਸਦੀ ਵਰਤੋਂ ਪਹਿਲਾਂ ਵੀ ਐਂਟੀਵਾਇਰਲ ਮੈਡੀਕੇਸ਼ਨਜ਼ ਲਈ ਕੀਤੀ ਜਾਂਦੀ ਰਹੀ ਹੈ। ਇਸ ਤੋਂ ਦੋ ਮਹੀਨੇ ਪਹਿਲਾਂ ਡਰੱਗ ਨਿਰਮਾਤਾ ਕੰਪਨੀ ਮਰਕ ਵੱਲੋਂ ਕੋਵਿਡ-19 ਦੇ ਇਲਾਜ ਲਈ ਮੌਲਨੂਪਿਰਾਵੀਅਰ ਨਾਂ ਦੀ ਪਿੱਲ ਸਬੰਧੀ ਕਲੀਨਿਕਲ ਡਾਟਾ ਹੈਲਥ ਕੈਨੇਡਾ ਨੂੰ ਮੁਲਾਂਕਣ ਲਈ ਭੇਜਿਆ ਗਿਆ ਸੀ। ਮਰਕ ਦੀ ਇਸ ਪਿੱਲ ਦਾ ਮੁਲਾਂਕਣ ਕੈਨੇਡਾ ਵਿੱਚ ਅਜੇ ਵੀ ਚੱਲ ਰਿਹਾ ਹੈ ਪਰ ਯੂ·ਕੇ ਤੇ ਯੂ·ਐਸ ਵਿੱਚ ਇਸ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਯੂ·ਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਨੇ ਮੰਗਲਵਾਰ ਨੂੰ ਮਰਕ ਦੀ ਇਸ ਪਿੱਲ ਨੂੰ ਮਨਜ਼ੂਰੀ ਦੇ ਦਿੱਤੀ। ਹੁਣ ਕੋਵਿਡ-19 ਦਾ ਘਰ ਵਿੱਚ ਇਲਾਜ ਕਰਨ ਲਈ ਅਮੈਰੀਕਨਜ਼ ਇਹ ਪਿੱਲ ਲੈ ਸਕਣਗੇ।

# ਛੁਰੇਬਾਜ਼ੀ ਵਿੱਚ ਇੱਕ ਗੰਭੀਰ ਜ਼ਖ਼ਮੀ

ਟੋਰਾਂਟੋ, 2 ਦਸੰਬਰ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਡਾਊਨਟਾਊਨ ਟੋਰਾਂਟੋ ਵਿੱਚ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਪੁਲਿਸ ਨੂੰ ਘਟਨਾ ਦੀ ਜਾਣਕਾਰੀ ਦੇ ਕੇ ਸ਼ਾਮੀਂ 6:40 ਉੱਤੇ ਡੰਡਸ ਸਟਰੀਟ ਤੇ ਚਰਚ ਸਟਰੀਟ ਉੱਤੇ ਸੱਦਿਆ ਗਿਆ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲਿਆ, ਉਸ ਉੱਤੇ ਚਾਕੂ ਨਾਲ ਕਈ ਵਾਰ ਕੀਤੇ ਗਏ ਸਨ।




ਉਸ ਨੂੰ ਹਸਪਤਾਲ ਲਿਜਾਇਆ ਗਿਆ ਤੇ ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਪੁਲਿਸ ਵੱਲੋਂ ਮਸ਼ਕੂਕ ਦੀ ਭਾਲ ਕੀਤੀ ਜਾ ਰਹੀ ਹੈ ਪਰ ਅਜੇ ਤੱਕ ਉਸ ਦਾ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ShorGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਡੰਪ ਟਰੱਕ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਜ਼ਖ਼ਮੀ

ਟੋਰਾਂਟੋ, 2 ਦਸੰਬਰ (ਪੋਸਟ ਬਿਊਰੋ) : ਡੰਪ ਟਰੱਕ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਹਾਦਸੇ ਤੋਂ ਬਾਅਦ ਟਰੱਕ ਦਾ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ।ਪੁਲਿਸ ਨੂੰ ਸਵੇਰੇ 8:30 ਵਜੇ ਘਟਨਾ ਦੀ ਜਾਣਕਾਰੀ ਦੇ ਕੇ ਸੱਦਿਆ ਗਿਆ ਜਦੋਂ ਸਕਾਰਬਰੋ ਦੇ ਉੱਤਰ ਵੱਲ ਫਿੰਚ ਐਵਨਿਊ ਈਸਟ ਤੇ ਵਾਰਡਨ ਵਿਖੇ ਟਰੱਕ ਵੱਲੋਂ ਟੱਕਰ ਮਾਰੇ ਜਾਣ ਕਾਰਨ 40 ਸਾਲਾ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ। ਪੁਲਿਸ ਨੇ ਦੱਸਿਆ ਕਿ ਡਰਾਈਵਰ ਨੂੰ ਵਾਰਡਨ ਐਵਨਿਊ ਉੱਤੇ ਦੱਖਣ ਵੱਲ ਜਾਂਦਿਆਂ ਵੇਖਿਆ ਗਿਆ। ਜ਼ਖ਼ਮੀ ਹਾਲਤ ਵਿੱਚ ਉਸ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ।

# ਸੀਜੇਐਮਆਰ 1320 ਏਐਮ ਰੇਡੀਓ ਨੇ ਰੇਡੀਓਥੌਨ ਰਾਹੀਂ ਸੇਵਾ ਫੂਡ ਬੈਂਕ ਲਈ ਜੁਟਾਏ 300,000 ਡਾਲਰ ਤੇ 120,000 ਪਾਊਂਡ ਫੂਡ

ਮਿਸੀਸਾਗਾ, 2 ਦਸੰਬਰ (ਪੋਸਟ ਬਿਊਰੋ) : ਬੀਤੇ ਦਿਨੀਂ 11ਵੇਂ ਸਾਲਾਨਾ ਸੀਜੇਐਮਆਰ ਗੁਰੂ ਨਾਨਕ ਰੇਡੀਓਥੌਨ ਤੇ ਫੂਡ ਡਰਾਈਵ ਨੇ 300,000 ਡਾਲਰ ਤੇ 120,000 ਪਾਊਂਡ ਫੂਡ ਸੇਵਾ ਫੂਡ ਬੈਂਕ ਲਈ ਇੱਕਠਾ ਕੀਤਾ।ਇਹ ਕੋਸ਼ਿਸ਼ਾਂ ਸੀਜੇਐਮਆਰ 1320 ਏਐਮ ਰੇਡੀਓ ਸਟੇਸ਼ਨ ਦੇ ਪ੍ਰੋਡਿਊਸਰਜ਼ ਵੱਲੋਂ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਉਤਸਵ ਮੌਕੇ ਕੀਤੀਆਂ ਗਈਆਂ। ਰੇਡੀਓ ਹੋਸਟ ਕੁਲਦੀਪ ਦੀਪਕ ਨੇ ਇਸ ਮੌਕੇ ਆਖਿਆ ਕਿ ਅਸੀਂ ਗੁਰੂ ਨਾਨਕ ਵੱਲੋਂ ਸਮਾਨਤਾ, ਸਮਾਜਕ ਨਿਆਂ ਤੇ ਸੇਵਾ ਦੇ ਦਿੱਤੇ ਸੁਨੇਹੇ ਨੂੰ ਘਰ ਘਰ ਪਹੁੰਚਾਉਣਾ ਚਾਹੁੰਦੇ ਹਾਂ। ਸੇਵਾ ਫੂਡ ਬੈਂਕ ਨਿਸ਼ਕਾਮ ਸੇਵਾ ਤੇ ਸਰਬੱਤ ਦੇ ਭਲੇ ਦੇ ਸੁਨੇਹੇ ਉੱਤੇ ਕੰਮ ਕਰਕੇ ਮਨੁੱਖਤਾ ਦੀ ਸੇਵਾ ਹੀ ਕਰ ਰਿਹਾ ਹੈ।ਸੀਜੇਐਮਆਰ ਦੇ ਰੇਡੀਓ ਹੋਸਟਸ ਦੋ ਦਿਨਾਂ ਤੱਕ ਵੀਹ ਘੰਟੇ ਤੋਂ ਵੱਧ ਸਮੇਂ ਲਈ ਆਨ ਏਅਰ ਰਹੇ ਤੇ ਉਨ੍ਹਾਂ ਡੋਨਰਜ਼ ਤੋਂ ਸੇਵਾ ਫੂਡ ਬੈਂਕ ਲਈ ਡੋਨੇਸ਼ਨਜ਼ ਲਈ ਆਏ ਸੱਤ ਸੌ ਕਾਲਜ਼ ਅਟੈਂਡ ਕੀਤੇ। ਪੀਲ ਭਰ ਵਿੱਚ ਰੀਜਨ ਪੱਧਰੀ ਫੂਡ ਡਰਾਈਵ ਦਾ ਪ੍ਰਬੰਧ ਵੀ ਕੀਤਾ ਗਿਆ। ਇਸ ਦੌਰਾਨ ਦੋ ਸੌ ਵਾਲੰਟੀਅਰਜ਼ ਨੇ 14 ਸਾਊਥ ਏਸ਼ੀਅਨ ਗਰੌਸਰੀ ਸਟੋਰਜ਼ ਤੋਂ ਪੌਸ਼ਟਿਕ ਖਾਣਾ ਇੱਕਠਾ ਕੀਤਾ।

ਸੀਜੇਐਮਆਰ 1320 ਦੇ ਪ੍ਰੈਜ਼ੀਡੈਂਟ ਮੈਟ ਕੇਨ ਨੇ ਆਖਿਆ ਕਿ ਉਨ੍ਹਾਂ ਦੀ ਇਸ ਕੋਸ਼ਿਸ਼ ਸਦਕਾ 24 ਘੰਟਿਆਂ ਦੇ ਅੰਦਰ ਅੰਦਰ ਸੇਵਾ ਫੂਡ ਬੈਂਕ ਦਾ ਵੇਅਰਹਾਊਸ ਖਾਲੀ ਤੋਂ ਭਰ ਗਿਆ। ਸੇਵਾ ਫੂਡ ਬੈਂਕ ਆਰਗੇਨਾਈਜ਼ਰ ਸਰਬਜੋਤ ਕੌਰ (ਜੋਤੀ) ਬੇਦੀ ਨੇ ਆਖਿਆ ਕਿ ਇਸ ਨਾਲ ਸਾਡੇ ਪਰਿਵਾਰਾਂ ਤੇ ਕਮਿਊਨਿਟੀ ਉੱਤੇ ਸਕਾਰਾਤਮਕ ਪ੍ਰਭਾਵ ਪਵੇਗਾ।ਉਨ੍ਹਾਂ ਇਸ ਫੂਡ ਡਰਾਈਵ ਵਿੱਚ ਯੋਗਦਾਨ ਪਾਉਣ ਲਈ ਸਾਰਿਆਂ ਦਾ ਧੰਨਵਾਦ ਕੀਤਾ।

# ਜਿਨ੍ਹਾਂ ਦਾ ਪੂਰਾ ਟੀਕਾਕਰਣ ਨਹੀਂ ਹੋਇਆ ਉਹ ਜਹਾਜ਼ ਤੇ ਟਰੇਨਜ਼ ਦਾ ਸਫਰ ਨਹੀਂ ਕਰ ਸਕਣਗੇ



ਓਟਵਾ, 2 ਦਸੰਬਰ (ਪੋਸਟ ਬਿਊਰੋ) : ਅੱਜ ਤੋਂ 12 ਸਾਲ ਤੋਂ ਉੱਪਰ ਉਮਰ ਦੇ ਉਨ੍ਹਾਂ ਲੋਕਾਂ ਨੂੰ ਹਵਾਈ ਜਹਾਜ਼ ਜਾਂ ਰੇਲਗੱਡੀ ਵਿੱਚ ਨਹੀਂ ਚੜ੍ਹਨ ਦਿੱਤਾ ਜਾਵੇਗਾ ਜਿਨ੍ਹਾਂ ਦਾ ਪੂਰਾ ਟੀਕਾਕਰਣ ਨਹੀਂ ਹੋਇਆ ਹੋਵੇਗਾ। ਹੁਣ ਕੋਵਿਡ-19 ਦਾ ਨੈਗੇਟਿਵ ਟੈਸਟ ਵੀ ਬਹੁਤੇ ਲੋਕਾਂ ਦੀ ਮਦਦ ਨਹੀਂ ਕਰ ਸਕੇਗਾ।

ਇਹ ਪਾਲਿਸੀ 30 ਅਕਤੂਬਰ ਤੋਂ ਪ੍ਰਭਾਵੀ ਹੋਣ ਜਾ ਰਹੀ ਹੈ। ਪਰ ਜਿਨ੍ਹਾਂ ਟਰੈਵਲਰਜ਼ ਦਾ ਟੀਕਾਕਰਣ ਨਹੀਂ ਹੋਇਆ ਉਨ੍ਹਾਂ ਲਈ ਫੈਡਰਲ ਸਰਕਾਰ ਨੇ ਥੋੜ੍ਹੇ ਸਮੇਂ ਦੀ ਮੁਹਲਤ ਦਿੱਤੀ ਹੈ ਤੇ ਉਹ ਆਪਣੇ ਟਰਿੱਪ ਤੋਂ 72 ਘੰਟੇ ਪਹਿਲਾਂ ਕਰਵਾਏ ਗਏ ਕੋਵਿਡ-19 ਦੇ ਨੈਗੇਟਿਵ ਮੌਲੀਕਿਊਲਰ ਟੈਸਟ ਤੋਂ ਬਾਅਦ ਜਹਾਜ਼ ਚੜ੍ਹ ਸਕਦੇ ਹਨ ਜਾਂ ਰੇਲਗੱਡੀ ਦਾ ਸਫਰ ਕਰ ਸਕਦੇ ਹਨ। ਇਹ ਨਵਾਂ ਨਿਯਮ ਕੈਨੇਡਾ ਵੱਲੋਂ ਕੋਵਿਡ-19 ਦੇ ਓਮਾਈਕ੍ਰੌਨ ਵੇਰੀਐਂਟ ਦੇ ਸਾਹਮਣੇ ਆਉਣ ਤੋਂ ਬਾਅਦ ਲਿਆਂਦਾ ਗਿਆ ਹੈ।

ਇਸ ਨਵੇਂ ਵੇਰੀਐਂਟ ਦੇ ਸਾਹਮਣੇ ਆਉਣ ਤੋਂ ਬਾਅਦ ਇੱਕ ਵਾਰੀ ਫਿਰ ਸਰਹੱਦਾਂ ਬੰਦ ਕਰਨ ਤੇ ਭਾਰੀ ਸਕਰੀਨਿੰਗ ਦੀ ਸ਼ੁਰੂਆਤ ਦਾ ਡਰ ਪੈਦਾ ਹੋ ਗਿਆ ਹੈ।ਵਰਲਡ ਹੈਲਥ ਆਰਗੇਨਾਈਜ਼ੇਸ਼ਨ ਅਨੁਸਾਰ ਓਮਾਈਕ੍ਰੌਨ ਤੋਂ ਰਿਸਕ ਬਹੁਤ ਜ਼ਿਆਦਾ ਹੈ ਪਰ ਅਜੇ ਵੀ ਇਸ ਬਾਰੇ ਪਬਲਿਕ ਹੈਲਥ ਅਧਿਕਾਰੀ ਤੇ ਵਿਗਿਆਨੀ ਬਹੁਤਾ ਕੁੱਝ ਨਹੀਂ ਜਾਣਦੇ।

# ਸੱਤਾ ਵਿਚ ਆਉਣ ’ਤੇ ਘੱਟ ਤੋਂ ਘੱਟ ਉਜਰਤਾਂ 20 ਡਾਲਰ ਪ੍ਰਤੀ ਘੰਟਾ ਕਰਾਂਗੇ : ਹਾਰਵਥ




ਓਨਟਾਰੀਓ, 2 ਦਸੰਬਰ (ਪੋਸਟ ਬਿਊਰੋ) : ਐਨਡੀਪੀ ਆਗੂ ਐਂਡਰੀਆ ਹਾਰਵਥ ਵੱਲੋਂ ਇਹ ਵਾਅਦਾ ਕੀਤਾ ਜਾ ਰਿਹਾ ਹੈ ਕਿ ਜੂਨ ਵਿੱਚ ਪ੍ਰੋਵਿੰਸ ਦੀ ਪ੍ਰੀਮੀਅਰ ਚੁਣੇ ਜਾਣ ਉੱਤੇ ਉਨ੍ਹਾਂ ਵੱਲੋਂ ਉਸੇ ਸਾਲ ਮਈ 2026 ਵਿੱਚ ਘੱਟ ਤੋਂ ਘੱਟ ਉਜਰਤਾਂ 20 ਡਾਲਰ ਕਰ ਦਿੱਤੀਆਂ ਜਾਣਗੀਆਂ।

ਮੰਗਲਵਾਰ ਨੂੰ ਕੁਈਨਜ਼ ਪਾਰਕ ਵਿਖੇ ਹਾਰਵਥ ਨੇ ਵਰਕਰਜ਼ ਨੂੰ ਇਹ ਗਾਰੰਟੀ ਦਿੱਤੀ। ਹਾਰਵਥ ਨੇ ਆਖਿਆ ਕਿ ਭਾਵੇਂ ਕੋਈ ਗਰੌਸਰੀ ਸਟੋਰਜ਼ ਉੱਤੇ ਸ਼ੈਲਫਾਂ ਭਰਦਾ ਹੈ ਜਾਂ ਹਸਪਤਾਲ ਵਿੱਚ ਸਾਫ ਸਫਾਈ ਕਰਦਾ ਹੈ, ਸਾਰੇ ਹੀ ਵਰਕਰ ਸਨਮਾਨ ਦੇ ਹੱਕਦਾਰ ਹਨ। ਕਿਸੇ ਨੂੰ ਧੰਨਵਾਦ ਕਰਨਾ ਤੇ ਕਿਸੇ ਨੂੰ ਹੀਰੋ ਸੱਦਣਾ ਹੀ ਸਨਮਾਨ ਨਹੀਂ ਹੁੰਦਾ। ਕਿਸੇ ਦਾ ਆਦਰ ਕਰਨ ਦਾ ਮਤਲਬ ਇਹ ਵੀ ਹੈ ਕਿ ਕਿਸੇ ਦੇ ਭੱਤਿਆਂ ਵਿੱਚ ਵਾਧਾ ਕੀਤਾ ਜਾਵੇ ਤਾਂ ਕਿ ਉਹ ਆਪਣੇ ਬਿੱਲ ਭਰ ਸਕਣ।

ਐਨਡੀਪੀ ਦੇ ਭੱਤਿਆਂ ਵਿੱਚ ਵਾਧੇ ਦੀ ਯੋਜਨਾ ਤਹਿਤ ਹਰੇਕ ਸਾਲ ਘੱਟ ਤੋਂ ਘੱਟ ਇੱਕ ਡਾਲਰ ਦਾ ਵਾਧਾ ਕਰਨਾ ਵੀ ਸ਼ਾਮਲ ਹੈ ਜਦੋਂ ਤੱਕ ਇਹ 20 ਡਾਲਰ ਤੱਕ ਦਾ ਟੀਚਾ ਪੂਰਾ ਨਹੀਂ ਹੋ ਜਾਂਦਾ।ਹਾਰਵਥ ਨੇ ਅੱਗੇ ਆਖਿਆ ਕਿ ਹਰ ਚੀਜ਼ ਦੀ ਕੀਮਤ ਦਿਨੋਂ ਦਿਨ ਉੱਪਰ ਜਾ ਰਹੀ ਹੈ ਫਿਰ ਭਾਵੇਂ ਗੈਸ ਹੋਵੇ ਜਾਂ ਹਾਈਡ੍ਰੋਬਿੱਲ ਤੇ ਡੱਗ ਫੋਰਡ ਦੀ ਘੱਟ ਭੱਤਿਆਂ ਵਾਲੀ ਨੀਤੀ ਦੇ ਚੱਲਤਿਆਂ ਹਰ ਕੋਈ ਤੰਗ ਹੈ। ਜਿਨ੍ਹਾਂ ਨੂੰ ਘੱਟ ਤੋਂ ਘੱਟ ਉਜਰਤਾਂ ਮਿਲਦੀਆਂ ਹਨ ਉਹ ਬੜੀ ਮੁਸ਼ਕਲ ਨਾਲ ਆਪਣਾ ਗੁਜ਼ਾਰਾ ਕਰ ਰਹੇ ਹਨ ਤੇ ਅਜੇ ਵੀ ਉਨ੍ਹਾਂ ਨੂੰ ਸਮੇਂ ਸਿਰ ਆਪਣੇ ਬਿੱਲ ਅਦਾ ਕਰਨ ਲਈ ਪੂਰੀ ਰਕਮ ਨਹੀਂ ਮਿਲ ਪਾਉਂਦੀ। ਉਨ੍ਹਾਂ ਨੂੰ ਆਪਣੇ ਬੱਚਿਆਂ ਲਈ ਜ਼ਿੰਦਗੀ ਦੀ ਜ਼ਰੂਰੀ ਚੀਜ਼ਾਂ ਖਰੀਦਣ ਲਈ ਵੀ ਕਈ ਤਰ੍ਹਾਂ ਦੇ ਬਲੀਦਾਨ ਦੇਣੇ ਪੈਂਦੇ ਹਨ। ਇਸ ਲਈ ਉਨ੍ਹਾਂ ਨੂੰ ਦੋ ਜੌਬਜ਼ ਜਾਂ ਤਿੰਨ-ਤਿੰਨ ਜੌਬਜ਼ ਕਰਨੀਆਂ ਪੈਂਦੀਆਂ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਸੀ ਕਿ ਪਹਿਲੀ ਜਨਵਰੀ ਤੋਂ ਘੱਟ ਤੋਂ ਘੱਟ ਉਜਰਤਾਂ 14.35 ਤੋਂ 15 ਡਾਲਰ ਪ੍ਰਤੀ ਘੰਟਾ ਹੋਣਗੀਆਂ।

# ਮਿਸ਼ੀਗਨ ਦੇ ਸਕੂਲ ਵਿੱਚ ਇੱਕ ਵਿਦਿਆਰਥੀ ਨੇ ਚਲਾਈਆਂ ਗੋਲੀਆਂ, 3 ਹਲਾਕ, 8 ਜ਼ਖ਼ਮੀ




ਆਕਸਫੋਰਡ ਟਾਊਨਸ਼ਿਪ, ਮਿਸ਼ੀਗਨ, 2 ਦਸੰਬਰ (ਪੋਸਟ ਬਿਊਰੋ) : ਇੱਕ 15 ਸਾਲਾ ਵਿਦਿਆਰਥੀ ਨੇ ਮੰਗਲਵਾਰ ਨੂੰ ਆਪਣੇ ਮਿਸ਼ੀਗਨ ਹਾਈ ਸਕੂਲ ਉੱਤੇ ਗੋਲੀਆਂ ਚਲਾ ਕੇ ਤਿੰਨ ਵਿਦਿਆਰਥੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਇੱਕ ਟੀਚਰ ਸਮੇਤ ਅੱਠ ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ।

ਨਿਊਜ਼ ਕਾਨਫਰੰਸ ਵਿੱਚ ਓਕਲੈਂਡ ਕਾਊਂਟੀ ਅੰਡਰਸ਼ੈਰਿਫ ਮਾਈਕ ਮੈਕੈਬ ਨੇ ਆਖਿਆ ਕਿ ਆਕਸਫੋਰਡ ਟਾਊਨਸ਼ਿਪ ਵਿੱਚ ਆਕਸਫੋਰਡ ਹਾਈ ਸਕੂਲ ਉੱਤੇ ਗੋਲੀਆਂ ਚਲਾਉਣ ਵਾਲੇ ਵਿਦਿਆਰਥੀ ਦਾ ਮੰਤਵ ਕੀ ਸੀ ਇਹ ਪਤਾ ਲਾਉਣ ਦੀ ਜਾਂਚਕਾਰ ਕੋਸ਼ਿਸ਼ ਕਰ ਰਹੇ ਹਨ।

ਮੈਕੈਬ ਨੇ ਦੱਸਿਆ ਕਿ ਸੋਸ਼ਲ ਮੀਡੀਆ ਉੱਤੇ ਇਹ ਦੋਸ਼ ਲਾਏ ਜਾ ਰਹੇ ਹਨ ਕਿ ਮੰਗਲਵਾਰ ਨੂੰ ਹੋਏ ਇਸ ਹਮਲੇ ਤੋਂ ਪਹਿਲਾਂ 1700 ਵਿਦਿਆਰਥੀਆਂ ਵਾਲੇ ਇਸ ਸਕੂਲ ਉੱਤੇ ਸੂਟਿੰਗ ਦੀਆਂ ਧਮਕੀਆਂ ਮਿਲੀਆਂ ਸਨ।ਪਰ ਉਨ੍ਹਾਂ ਸਾਰਿਆਂ ਨੂੰ ਇਸ ਬਿਆਨ ਉੱਤੇ ਹਾਲ ਦੀ ਘੜੀ ਯਕੀਨ ਨਾ ਕੀਤਾ ਜਾਵੇ ਕਿਉਂਕਿ ਜਾਂਚਕਾਰ ਅਜੇ ਮਾਮਲੇ ਦੀ ਜਾਂਚ ਕਰ ਰਹੇ ਹਨ। ਇਸ ਤੋਂ ਪਹਿਲਾਂ ਨਵੰਬਰ ਵਿੱਚ ਇੱਕ





ਹਿਰਨ ਦਾ ਸਿਰ ਸਕੂਲ ਦੀ ਛੱਤ ਤੋਂ ਹੇਠਾ ਸੁੱਟਿਆ ਗਿਆ ਸੀ।ਪਰ ਮੈਕੈਬ ਨੇ ਆਖਿਆ ਕਿ ਇਸ ਘਟਨਾ ਦਾ ਸੂਟਿੰਗ ਨਾਲ ਕੋਈ ਲੈਣਾ ਦੇਣਾ ਨਹੀਂ ਹੈ।



ਅਧਿਕਾਰੀਆਂ ਵੱਲੋਂ ਮਸ਼ਕੂਕ ਦਾ ਨਾਂ ਅਜੇ ਜਾਰੀ ਨਹੀਂ ਕੀਤਾ ਗਿਆ ਪਰ ਮੈਕੈਬ ਨੇ ਆਖਿਆ ਕਿ ਉਨ੍ਹਾਂ ਦੇ ਡਿਪਟੀਜ਼ ਵੱਲੋਂ ਇਸ ਵਿਦਿਆਰਥੀ ਦੇ ਸਕੂਲ ਪਹੁੰਚਣ ਉਪਰੰਤ ਕੁੱਝ ਮਿੰਟਾਂ ਵਿੱਚ ਹੀ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਇਹ ਵੀ ਦੱਸਿਆ ਕਿ ਡਿਪਟੀਜ਼ ਨੂੰ ਇਸ ਵਿਦਿਆਰਥੀ ਕੋਲੋਂ ਸੈਮੀ ਆਟੋਮੈਟਿਕ ਹੈਂਡਗੰਨ ਤੇ ਉਸ ਦੇ ਕਈ ਮੈਗਜ਼ੀਨ ਮਿਲੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਉਸ ਨੇ ਕਈ ਗੋਲੀਆਂ ਚਲਾਈਆਂ।

ਇਸ ਘਟਨਾ ਵਿੱਚ ਮਾਰੇ ਗਏ ਵਿਦਿਆਰਥੀਆਂ ਵਿੱਚ 16 ਸਾਲਾਂ ਦਾ ਇੱਕ ਲੜਕਾ ਤੇ 14 ਅਤੇ 17 ਸਾਲਾਂ ਦੀਆਂ ਦੋ ਲੜਕੀਆਂ ਸ਼ਾਮਲ ਹਨ। ਜ਼ਖ਼ਮੀਆਂ ਵਿੱਚੋਂ ਦੋ ਦੀ ਸਰਜਰੀ ਕੀਤੀ ਜਾ ਰਹੀ ਹੈ ਤੇ ਬਾਕੀ ਜ਼ਖ਼ਮੀਆਂ ਵਿੱਚੋਂ ਛੇ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।

# ਓਮਾਈਕ੍ਰੌਨ ਕਾਰਨ ਏਅਰ ਟਰੈਵਲਰਜ਼ ਲਈ ਨਵੀਆਂ ਟੈਸਟਿੰਗ ਸ਼ਰਤਾਂ ਲਾਗੂ ਕਰੇਗੀ ਸਰਕਾਰ

## ਬੂਸਟਰ ਸਟਰੈਟੇਜੀ ਦਾ ਕੀਤਾ ਜਾ ਰਿਹਾ ਹੈ ਮੁਲਾਂਕਣ




ਓਟਵਾ, 2 ਦਸੰਬਰ (ਪੋਸਟ ਬਿਊਰੋ) : ਓਮਾਈਕ੍ਰੌਨ ਵੇਰੀਐਂਟ ਕਾਰਨ ਪੈਦਾ ਹੋਏ ਤੌਖਲਿਆਂ ਦੇ ਚੱਲਦਿਆਂ ਕੈਨੇਡਾ ਵੱਲੋਂ ਆਪਣੀ ਵੈਕਸੀਨ ਬੂਸਟਰ ਸਟ੍ਰੈਟੇਜੀ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ, ਫੈਡਰਲ ਸਰਕਾਰ ਵੱਲੋਂ ਟਰੈਵਲ ਸਬੰਧੀ ਲਾਈਆਂ ਪਾਬੰਦੀਆਂ ਦੀ ਸੂਚੀ ਵਿੱਚ ਨਵੇਂ ਦੇਸ਼ਾਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ ਤੇ ਕੈਨੇਡਾ ਦੇ ਬਾਹਰੋਂ, ਅਮਰੀਕਾ ਨੂੰ ਛੱਡ ਕੇ, ਆਉਣ ਵਾਲੇ ਸਾਰੇ ਏਅਰ ਟਰੈਵਲਰਜ਼ ਲਈ ਨਵੀਆਂ ਟੈਸਟਿੰਗ ਸ਼ਰਤਾਂ ਲਾਗੂ ਕੀਤੀਆਂ ਜਾ ਰਹੀਆਂ ਹਨ।

ਮੰਗਲਵਾਰ ਨੂੰ ਫੈਡਰਲ ਮੰਤਰੀਆਂ ਤੇ ਪਬਲਿਕ ਹੈਲਥ ਅਧਿਕਾਰੀਆਂ ਨੇ ਕੈਨੇਡਾ ਵੱਲੋਂ ਚੁੱਕੇ ਜਾਣ ਵਾਲੇ ਤਿੰਨ ਨਵੇਂ ਕਦਮਾਂ ਦਾ ਐਲਾਨ ਕੀਤਾ। ਅਜਿਹਾ ਇਸ ਨਵੇਂ ਵੇਰੀਐਂਟ ਨੂੰ ਅੱਗੇ ਫੈਲਣ ਤੋਂ ਰਕਣ ਲਈ ਕੀਤਾ ਗਿਆ।ਨਵੀਆਂ ਸ਼ਰਤਾਂ ਮੁਤਾਬਕ ਕੈਨੇਡਾ ਦੇ ਬਾਹਰੋਂ, ਅਮਰੀਕਾ ਨੂੰ ਛੱਡ ਕੇ, ਆਉਣ ਵਾਲੇ ਸਾਰੇ ਟਰੈਵਲਰਜ਼ ਨੂੰ ਕੈਨੇਡਾ ਪਹੁੰਚਣ ਉਪਰੰਤ ਏਅਰਪੋਰਟ ਉੱਤੇ ਹੀ ਟੈਸਟ ਕਰਵਾਉਣਾ ਹੋਵੇਗਾ। ਜਿਨ੍ਹਾਂ ਦਾ ਟੀਕਾਕਰਣ ਹੋ ਚੁੱਕਿਆ ਹੈ ਉਨ੍ਹਾਂ ਨੂੰ ਨੈਗੇਟਿਵ ਰਿਜ਼ਲਟ ਆਉਣ ਤੱਕ ਖੁਦ ਨੂੰ ਆਈਸੋਲੇਟ ਕਰਨਾ ਹੋਵੇਗਾ।ਜਿਨ੍ਹਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਉਨ੍ਹਾਂ ਨੂੰ ਪੂਰੇ 14 ਦਿਨਾਂ ਲਈ ਖੁਦ ਨੂੰ ਆਈਸੋਲੇਟ ਕਰਨਾ ਹੋਵੇਗਾ। ਇਸ ਦੇ ਨਾਲ ਹੀ ਉਨ੍ਹਾਂ ਨੂੰ ਕੁਆਰਨਟੀਨ ਰਹਿੰਦਿਆਂ ਪਹਿਲੇ ਤੇ ਅੱਠਵੇਂ ਦਿਨ ਆਪਣਾ ਟੈਸਟ ਕਰਵਾਉਣਾ ਹੋਵੇਗਾ। ਜਿੰਨਾਂ ਚਿਰ ਟਰੈਵਲਰਜ਼ ਕੋਲ ਆਈਸੋਲੇਟ ਕਰਨ ਲਈ ਥਾਂ ਹੈ ਓਨਾ ਚਿਰ ਉਨ੍ਹਾਂ ਨੂੰ ਸਰਕਾਰ ਵੱਲੋਂ ਕੁਆਰਨਟੀਨ ਕਰਨ ਲਈ ਨਿਰਧਾਰਤ ਕੀਤੇ ਗਏ ਹੋਟਲ ਵਿੱਚ ਰਹਿਣ ਦੀ ਲੋੜ ਨਹੀਂ ਹੋਵੇਗੀ।

ਸਿਹਤ ਮੰਤਰੀ ਜੀਨ ਯਵੇਸ ਡਕਲਸ ਨੇ ਆਖਿਆ ਕਿ ਜਿਨ੍ਹਾਂ ਦੇਸ਼ਾਂ ਦੇ ਲੋਕਾਂ ਉੱਤੇ ਟਰੈਵਲ ਸਬੰਧੀ ਬੈਨ ਨਹੀਂ ਹੈ ਉਨ੍ਹਾਂ ਦੀ ਲਿਸਟ ਆਉਣ ਵਾਲੇ ਦਿਨਾਂ ਵਿੱਚ ਸਾਂਝੀ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਹਿਸਾਬ ਨਾਲ ਕੈਨੇਡੀਅਨ ਏਅਰਪੋਰਟਸ ਉੱਤੇ ਰੋਜ਼ਾਨਾ 32,000 ਟੈਸਟਸ ਕੀਤੇ ਜਾਣਗੇ। ਇਨ੍ਹਾਂ ਟੈਸਟਸ ਦਾ ਖਰਚਾ ਸਰਕਾਰ ਸਹੇਗੀ।

# ਸੀਡੀਸੀ ਵੱਲੋਂ 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਬੂਸਟਰ ਸ਼ੌਟ ਲਾਉਣ ਦੀ ਕੀਤੀ ਜਾ ਰਹੀ ਹੈ ਸਿਫਾਰਿਸ਼



ਓਨਟਾਰੀਓ, 2 ਦਸੰਬਰ (ਪੋਸਟ ਬਿਊਰੋ) : ਓਮਾਈਨੋਕ੍ਰੌਨ ਵੇਰੀਐਂਟ ਦੇ ਹੋਰਨਾਂ ਦੇਸ਼ਾਂ ਵਿੱਚ ਵੀ ਸਾਹਮਣੇ ਆਉਣ ਤੋਂ ਬਾਅਦ ਦ ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ (ਸੀਡੀਸੀ) ਵੱਲੋਂ ਕੋਵਿਡ-19 ਦਾ ਬੂਸਟਰ ਸ਼ੌਟ ਹੁਣ 18 ਪਲੱਸ ਲੋਕਾਂ ਨੂੰ ਲਾਉਣ ਦੀ ਸਿਫਾਰਿਸ਼ ਵੀ ਕੀਤੀ ਜਾ ਰਹੀ ਹੈ।

ਪਹਿਲਾਂ ਏਜੰਸੀ ਵੱਲੋਂ ਬੂਸਟਰ ਸ਼ੌਟ ਸਾਰੇ ਬਾਲਗਾਂ ਲਈ ਮਨਜ਼ੂਰ ਕੀਤਾ ਗਿਆ ਸੀ ਪਰ ਇਸ ਦੀ ਸਿਫਾਰਿਸ਼ 50 ਸਾਲ ਤੋਂ ਉੱਪਰ ਉਮਰ ਦੇ ਲੋਕਾਂ ਜਾਂ ਅਜਿਹੇ ਲੋਕਾਂ ਨੂੰ ਦੇਣ ਦੀ ਸਿਫਾਰਿਸ਼ ਕੀਤੀ ਗਈ ਸੀ ਜਿਹੜੇ ਲਾਂਗ ਟਰਮ ਕੇਅਰ ਸੈਟਿੰਗ ਵਿੱਚ ਰਹਿੰਦੇ ਹਨ। ਸੀਡੀਸੀ ਦੀ ਡਾਇਰੈਕਟਰ ਡਾ• ਰੋਸ਼ੇਲ ਵਾਲੈਂਸਕੀ ਨੇ ਆਖਿਆ ਕਿ ਇਸ ਤੱਥ-ਪੜਤਾਲ ਦਾ ਕਾਰਨ ਓਮਾਈਨਕ੍ਰੌਨ ਵੇਰੀਐਂਟ ਦਾ ਅਚਾਨਕ ਸਾਹਮਣੇ ਆਉਣਾ ਹੈ। ਉਨ੍ਹਾਂ ਆਖਿਆ ਕਿ ਭਾਵੇਂ ਅਜੇ ਅਮਰੀਕਾ ਵਿੱਚ ਇਹ ਸਾਹਮਣੇ ਨਹੀਂ ਆਇਆ ਹੈ ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਹੌਲੀ ਹੌਲੀ ਉੱਥੇ ਵੀ ਇਹ ਪਹੁੰਚ ਜਾਵੇਗਾ।

ਉਨ੍ਹਾਂ ਆਖਿਆ ਕਿ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਫਾਈਜ਼ਰ ਤੇ ਮੌਡਰਨਾ ਦੀਆਂ ਦੋਵੇਂ ਡੋਜ਼ਾਂ ਲਵਾਉਣ ਤੋਂ ਛੇ ਮਹੀਨੇ ਬਾਅਦ ਤੇ ਜੇ ਐਂਡ ਜੇ ਵੈਕਸੀਨ ਲੈਣ ਤੋਂ ਦੋ ਮਹੀਨੇ ਬਾਅਦ ਇਹ ਬੂਸਟਰ ਸ਼ੌਟ ਲਵਾਉਣਾ ਚਾਹੀਦਾ ਹੈ।

# ਤੇਜ਼ ਰਫਤਾਰ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਕਈ ਰਾਹਗੀਰ ਜ਼ਖ਼ਮੀ



ਓਨਟਾਰੀਓ, 2 ਦਸੰਬਰ (ਪੋਸਟ ਬਿਊਰੋ) : ਇੱਕ ਗੱਡੀ ਵੱਲੋਂ ਕਈ ਰਾਹਗੀਰਾਂ ਨੂੰ ਟੱਕਰ ਮਾਰੇ ਜਾਣ ਕਾਰਨ ਉਹ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਪੱਛਮੀ ਲੰਡਨ, ਓਨਟਾਰੀਓ, ਦੇ ਹਸਪਤਾਲ ਲਿਜਾਇਆ ਗਿਆ।ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਕਾਂਸਟੇਬਲ ਸੰਦਾਸਾ ਬਫ ਨੇ ਦੱਸਿਆ ਕਿ ਹਾਦਸੇ ਦਾ ਸ਼ਿਕਾਰ ਹੋਏ ਲੋਕ ਕਿੰਨੀ ਉਮਰ ਦੇ ਸਨ ਇਸ ਬਾਰੇ ਜਾਣਕਾਰੀ ਅਜੇ ਪੂਰੀ ਤਰ੍ਹਾਂ ਹਾਸਲ ਨਹੀਂ ਹੋਈ ਪਰ ਉਨ੍ਹਾਂ ਆਖਿਆ ਕਿ ਲੋਕਾਂ ਨੂੰ ਮਾਮੂਲੀ ਸੱਟਾਂ ਤੋਂ ਲੈ ਕੇ ਜਾਨਲੇਵਾ ਸੱਟਾਂ ਲੱਗੀਆਂ ਹਨ। ਇੱਕ ਚਸ਼ਮਦੀਦ ਨੇ ਦੱਸਿਆ ਕਿ ਕਾਰ ਦਾ ਡਰਾਈਵਰ ਬੜੀ ਤੇਜ਼ੀ ਨਾਲ ਕਾਰ ਚਲਾ ਰਿਹਾ ਸੀ ਤੇ ਉਹ ਰੈੱਡ ਲਾਈਟ ਉੱਤੇ ਵੀ ਨਹੀਂ ਰੁਕਿਆ।

ਬਫ ਨੇ ਇਹ ਵੀ ਆਖਿਆ ਕਿ ਇਸ ਹਾਦਸੇ ਵਿੱਚ ਕਈ ਗੱਡੀਆਂ ਸ਼ਾਮਲ ਹਨ ਤੇ ਗੱਡੀ ਵੱਲੋਂ ਰਾਹਗੀਰਾਂ ਨੂੰ ਰਿਵਰਸਾਈਡ ਡਰਾਈਵ ਉੱਤੇ ਇੱਕ ਰਿਹਾਇਸ਼ੀ ਬਿਲਡਿੰਗ ਦੀ ਐਂਟਰੈਂਸ ਉੱਤੇ ਟੱਕਰ ਮਾਰੀ ਗਈ।

ਇਹ ਹਾਦਸਾ ਸ਼ਾਮੀਂ 6:45 ਉੱਤੇ ਵਾਪਰਿਆ। ਅਜਿਹਾ ਵੀ ਨਹੀਂ ਸੀ ਕਿ ਪੁਲਿਸ ਵੱਲੋਂ ਗੱਡੀ ਦਾ ਪਿੱਛਾ ਕੀਤਾ ਜਾ ਰਿਹਾ ਸੀ। ਇਸ ਨੂੰ ਹਿੱਟ ਐਂਡ ਰਨ ਦਾ ਮਾਮਲਾ ਵੀ ਨਹੀਂ ਮੰਨਿਆ ਜਾ ਰਿਹਾ।ਜਾਂਚ ਲਈ ਸਪਰਿੰਗਬੈਂਕ ਡਰਾਈਵ ਤੇ ਕਿੰਗਸਵੇਅ ਐਵਨਿਊ ਦੇ ਨਾਲ ਨਾਲ ਰਿਵਰਸਾਈਡ ਡਰਾਈਵ ਬ੍ਰੇਮਰ ਕ੍ਰੀਸੈਂਟ ਤੇ ਵਾਰੇਨ ਰੋਡ ਦਰਮਿਆਨ ਬੰਦ ਕਰ ਦਿੱਤੀ ਗਈ ਹੈ।

# ਓਮਾਈਕ੍ਰੌਨ ਵੇਰੀਐਂਟ ਦੀ ਹੋਈ ਪੁਸ਼ਟੀ, ਟੋਰਾਂਟੋ ਜੇਲ੍ਹ ਵਿੱਚ ਐਲਾਨੀ ਗਈ ਆਊਟਬ੍ਰੇਕ



ਟੋਰਾਂਟੋ, 2 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਪਬਲਿਕ ਹੈਲਥ (ਟੀਪੀਐਚ) ਵੱਲੋਂ ਓਮਾਈਕ੍ਰੌਨ ਵੇਰੀਐਂਟ ਦੇ ਇੱਕ ਮਾਮਲੇ ਦੀ ਪੁਸ਼ਟੀ ਤੋਂ ਬਾਅਦ ਸਕਾਰਬਰੋ ਸਥਿਤ ਟੋਰਾਂਟੋ ਈਸਟ ਡਿਟੈਂਸ਼ਨ ਸੈਂਟਰ ਵਿੱਚ ਕੋਵਿਡ-19 ਆਊਟਬ੍ਰੇਕ ਐਲਾਨ ਦਿੱਤੀ ਗਈ। ਪ੍ਰੋਵਿੰਸ ਵੱਲੋਂ ਚਲਾਈ ਜਾਂਦੀ ਇਸ ਫੈਸਿਲਿਟੀ ਉੱਤੇ ਸੱਭ ਤੋਂ ਪਹਿਲਾਂ ਇੱਕ ਸਟਾਫ ਮੈਂਬਰ ਵਿੱਚ ਕੋਵਿਡ-19 ਦੇ ਲੱਛਣ ਪਾਏ ਗਏ ਤੇ ਵੀਰਵਾਰ ਨੂੰ ਇਸ ਦੀ ਹੋਰ ਜਾਂਚ ਕਰਨ ਤੋਂ ਬਾਅਦ ਇਸ ਦੇ ਨਵਾਂ ਕੋਵਿਡ-19 ਵੇਰੀਐਂਟ ਹੋਣ ਦੀ ਪੁਸ਼ਟੀ ਕੀਤੀ ਗਈ। ਵੀਰਵਾਰ ਦੁਪਹਿਰ ਤੱਕ ਜੇਲ੍ਹ ਦੇ ਚਾਰ ਇਨਮੇਟਸ ਵੀ ਕੋਵਿਡ-19 ਪਾਜ਼ੀਟਿਵ ਆ ਗਏ ਪਰ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਚਾਰੇ ਨਵੇਂ ਵੇਰੀਐਂਟ ਕਾਰਨ ਬਿਮਾਰ ਹੋਏ ਹਨ ਜਾਂ ਪੁਰਾਣੇ ਵੇਰੀਐਂਟ ਕਾਰਨ ਬਿਮਾਰ ਹੋਏ ਹਨ।

ਟੀਪੀਐਚ ਨੇ ਆਖਿਆ ਕਿ ਦਰਹਾਮ ਰੀਜਨ ਹੈਲਥ ਡਿਪਾਰਟਮੈਂਟ ਵੱਲੋਂ ਸਟਾਫ ਮੈਂਬਰ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਕੀ ਇਹ ਉਹੀ ਸ਼ਖਸ ਹੈ ਜਿਹੜਾ ਜੀਟੀਏ ਦਾ ਪਹਿਲਾ ਓਮਾਈਕ੍ਰੌਨ ਵੇਰੀਐਂਟ ਵਾਲਾ ਮਾਮਲਾ ਹੈ। ਦਰਹਾਮ ਰੀਜਨ ਦੀ ਪਬਲਿਕ ਹੈਲਥ ਯੂਨਿਟ ਨੇ ਆਖਿਆ ਕਿ ਇਹ ਵਿਅਕਤੀ ਸਾਊਥ ਅਫਰੀਕਨ ਦੇਸ਼ਾਂ ਵਿੱਚੋਂ ਇੱਕ ਤੋਂ ਪਰਤੇ ਸ਼ਖਸ ਦੇ ਨੇੜਲੇ ਸੰਪਰਕ ਵਿੱਚ ਆਇਆ ਸੀ।




## ਟੋਰਾਂਟੋ ਪੁਲਿਸ ਨੇ ਵੈਕਸੀਨ ਸਟੇਟਸ ਨਾ ਦੱਸਣ ਵਾਲੇ ਆਪਣੇ 200 ਮੈਂਬਰਾਂ ਨੂੰ ਭੇਜਿਆ ਛੁੱਟੀ ਉੱਤੇ

ਟੋਰਾਂਟੋ, 2 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਅਧਿਕਾਰੀਆਂ ਲਈ ਕੋਵਿਡ-19 ਵੈਕਸੀਨੇਸ਼ਨ ਦਾ ਸਟੇਟਸ ਵਿਖਾਉਣ ਦੀ ਤਰੀਕ ਅਖੀਰ ਆ ਹੀ ਗਈ। ਟੋਰਾਂਟੋ ਪੁਲਿਸ ਵੱਲੋਂ ਆਪਣੇ ਵਰਦੀਧਾਰੀ ਤੇ ਸਿਵਲੀਅਨ ਮੈਂਬਰਾਂ ਨੂੰ ਆਪਣਾ ਵੈਕਸੀਨੇਸ਼ਨ ਸਟੇਟਸ ਵਿਖਾਉਣ ਲਈ ਆਖਿਆ ਗਿਆ ਤੇ ਜਿਹੜੇ ਅਜਿਹਾ ਨਹੀਂ ਕਰ ਸਕੇ ਉਨ੍ਹਾਂ ਨੂੰ ਬਿਨਾਂ ਤਨਖਾਹ ਦੇ ਘਰ ਰਹਿਣ ਲਈ ਆਖ ਦਿੱਤਾ ਗਿਆ ਹੈ।

ਮੰਗਲਵਾਰ ਨੂੰ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਵਿੱਚ ਟੋਰਾਂਟੋ ਪੁਲਿਸ ਸਰਵਿਸਿਜ਼ (ਟੀਪੀਐਸ) ਨੇ ਆਖਿਆ ਕਿ 98 ਫੀ ਸਦੀ ਤੋਂ ਵੱਧ 7400 ਮੈਂਬਰਾਂ ਨੇ ਆਪਣਾ ਵੈਕਸੀਨੇਸ਼ਨ ਸਟੇਟਸ ਜ਼ਾਹਿਰ ਕਰ ਦਿੱਤਾ ਜਦਕਿ ਬਾਕੀ 205 ਮੁਲਾਜ਼ਮ, ਜਿਨ੍ਹਾਂ ਨੇ ਆਪਣਾ ਵੈਕਸੀਨੇਸ਼ਨ ਸਟੇਟਸ ਨਹੀਂ ਦੱਸਿਆ, ਉਨ੍ਹਾਂ ਨੂੰ ਬਿਨਾਂ ਤਨਖਾਹ ਛੁੱਟੀ ਉੱਤੇ ਭੇਜ ਦਿੱਤਾ ਗਿਆ। ਟੀਪੀਐਸ ਨੇ ਦੱਸਿਆ ਕਿ 117 ਵਰਦੀਧਾਰੀ ਮੁਲਾਜ਼ਮ ਹਨ ਤੇ ਬਾਕੀ 88 ਸਿਵਲੀਅਨ ਹਨ। ਪੁਲਿਸ ਚੀਫ ਜੇਮਜ਼ ਰੈਮਰ ਨੇ ਇੱਕ ਬਿਆਨ ਵਿੱਚ ਆਖਿਆ ਕਿ ਸਾਡਾ ਮਕਸਦ ਆਪਣੇ ਮੈਂਬਰਾਂ, ਜਿਸ ਜਨਤਾ ਦੀ ਅਸੀਂ ਸੇਵਾ ਕਰਦੇ ਹਾਂ ਉਨ੍ਹਾਂ ਦੀ ਸਿਹਤ ਤੇ ਕੰਮ ਵਾਲੀਆਂ ਥਾਂਵਾਂ ਦੀ ਸੇਫਟੀ ਨੂੰ ਯਕੀਨੀ ਬਣਾਉਣਾ ਹੈ।

# ਸਮਗਲਿੰਗ ਸਬੰਧੀ ਜਾਂਚ ਵਿੱਚ ਇੱਕ ਮਸ਼ਕੂਕ ਦੇ ਘਰੋਂ ਨਸ਼ੇ ਤੇ 30,000 ਦੀ ਨਕਦੀ ਬਰਾਮਦ

ਟੋਰਾਂਟੋ, 2 ਦਸੰਬਰ (ਪੋਸਟ ਬਿਊਰੋ) : ਵਾਅਨ ਵਿੱਚ ਨਸ਼ਿਆਂ ਦੀ ਸਮਗਲਿੰਗ ਦੇ ਮਾਮਲੇ ਦੀ ਚੱਲ ਰਹੀ ਜਾਂਚ ਦੇ ਸਬੰਧ ਵਿੱਚ ਟੋਰਾਂਟੋ ਦੇ 24 ਸਾਲਾ ਵਿਅਕਤੀ ਨੂੰ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸੋਮਵਾਰ ਨੂੰ ਜਾਰੀ ਕੀਤੀ ਗਈ ਨਵੀਂ ਰਲੀਜ਼ ਵਿੱਚ ਯੌਰਕ ਰੀਜਨਲ ਪੁਲਿਸ ਵੱਲੋਂ ਆਖਿਆ ਗਿਆ ਕਿ ਉਨ੍ਹਾਂ ਵੱਲੋਂ ਮਸ਼ਕੂਕ ਡਰੱਗ ਡੀਲਰ ਦੀ ਜਾਣਕਾਰੀ ਹਾਸਲ ਹੋਣ ਤੋਂ ਬਾਅਦ 2021 ਦੀਆਂ ਗਰਮੀਆਂ ਦੇ ਅਖੀਰ ਵਿੱਚ ਜਾਂਚ ਸ਼ੁਰੂ ਕੀਤੀ ਗਈ ਸੀ। ਇਸ ਜਾਂਚ ਤੋਂ ਬਾਅਦ ਮਸ਼ਕੂਕ ਦੀ ਪਛਾਣ ਕਰ ਲਈ ਗਈ ਤੇ 25 ਨਵੰਬਰ ਨੂੰ ਟੋਰਾਂਟੋ ਦੇ ਵਸਨੀਕ ਦੇ ਘਰ ਸਰਚ ਵਾਰੰਟ ਲਿਜਾ ਕੇ ਤਲਾਸ਼ੀ ਲਈ ਗਈ।

ਐਂਥਨੀ ਗਿਆਲੋ ਨਾਰਡੋ ਨੂੰ ਗ੍ਰਿਫਤਾਰ ਕਰਕੇ ਉਸ ਉੱਤੇ ਨਸ਼ਿਆਂ ਦੀ ਸਮਗਲਿੰਗ ਕਰਨ, ਸਮਗਲਿੰਗ ਲਈ ਨਸ਼ੇ ਕੋਲ ਰੱਖਣ, ਕੋਕੀਨ ਸਮਗਲ ਕਰਨ ਤੇ ਵੰਡਣ ਲਈ ਆਪਣੇ ਕੋਲ ਮੈਰੀਯੁਆਨਾ ਰੱਖਣ ਦੇ ਦੋਸ਼ ਲਾਏ ਗਏ ਹਨ। ਇਸ ਤੋਂ ਇਲਾਵਾ ਇਸ ਵਿਅਕਤੀ ਦੀ ਲਗਜ਼ਰੀ ਗੱਡੀ ਦਾ ਸਰਚ ਵਾਰੰਟ ਵੀ ਕਢਵਾਇਆ ਗਿਆ। ਇਸ ਵਿਅਕਤੀ ਨਾਲ ਸਬੰਧਤ ਜੈਗੁਆਰ ਵਿੱਚੋਂ ਪੁਲਿਸ ਨੂੰ ਪੰਜ ਗ੍ਰਾਮ ਕੋਕੀਨ, 10 ਐਕਸੈਕਸ ਪਿੱਲਜ਼, 19 ਪਰਕੋਸੈਟ ਪਿੱਲਜ਼ ਤੇ ਪੈਕੇਜਿੰਗ ਵਾਲੀ ਸਮੱਗਰੀ ਵੀ ਮਿਲੀ ਹੈ।

## ਅੱਜ ਨਾਮਾ

ਭਾਰਤ ਦੇਸ਼ ਵਿੱਚ ਕੋਈ ਵੀ ਕੰਮ ਹੁੰਦਾ,
ਰਾਜਨੀਤੀ ਦਾ ਰੰਗ ਪਿਆ ਚੜ੍ਹੇ ਮੀਆਂ।
ਪਕੜ ਲਓ ਆਗੂ ਬੇਸ਼ੱਕ ਵਿਰੋਧੀਆਂ ਦਾ,
ਆਪਣੇ ਬੰਦੇ ਨੂੰ ਕੋਈ ਕਿਉਂ ਫੜੇ ਮੀਆਂ।
ਆਪਣੇ ਬੰਦੇ ਲਈ ਨਰਮ ਕਾਨੂੰਨ ਸਾਰੇ,
ਦੂਜਿਆਂ ਬਾਰੇ ਕਾਨੂੰਨ ਆ ਕੜੇ ਮੀਆਂ।
ਏਹੀਓ ਕਾਰਨ ਕਿ ਲਟਕਦੇ ਕੇਸ ਰਹਿੰਦੇ,
ਮਸਲੇ ਰਹਿੰਦੇ ਹਨ ਅੜੇ ਦੇ ਅੜੇ ਮੀਆਂ।
'ਅੰਨਾ' ਬੇਸ਼ੱਕ ਕਾਨੂੰਨ ਵੀ ਕਹੀ ਜਾਈਏ,
ਅੰਨ੍ਹਾ ਹੋਇਆ ਨਹੀਂ ਕਦੀ ਕਾਨੂੰਨ ਮੀਆਂ।
ਲੱਗ ਜਾਏ ਕਰਨ ਕਾਨੂੰਨ ਹੀ ਤਰਫਦਾਰੀ,
ਕਿੱਦਾਂ ਲੋਕਾਂ ਦੀ ਸੁਧਰ ਜਾਊ ਜੂਨ ਮੀਆਂ।

**ਤੀਸ ਮਾਰ ਖਾਂ**

# ਜੱਥੇਦਾਰ ਅਕਾਲ ਤਖਤ ਵੱਲੋਂ ਦੋਸ਼: ਭਾਜਪਾ ਨੇ ਮਨਜਿੰਦਰ ਸਿੰਘ ਸਿਰਸਾ ਨੂੰ ਮੁਗਲਾਂ ਵਾਂਗ ਸਿਰਫ ਦੋ ਬਦਲ ਦੇ ਕੇ ਫਸਾਇਐ

## * ਸੁਖਬੀਰ ਨੇ ਕਿਹਾ: ਸਿਰਸਾ ਕੇਂਦਰ ਦੇ ਦਬਾਅ ਹੇਠ ਭਾਜਪਾ ਵਿੱਚ ਗਿਐ

ਚੰਡੀਗੜ੍ਹ, 2 ਦਸੰਬਰ, (ਪੋਸਟ ਬਿਊਰੋ)- ਸਿੱਖਾਂ ਦੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮਨਜਿੰਦਰ ਸਿੰਘ ਸਿਰਸਾ ਦੀ ਦਲਬਦਲੀ ਦੇ ਮੁੱਦੇ ਉੱਤੇ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੀ ਤੁਲਨਾ ਪਿਛਲੀਆਂ ਸਦੀਆਂ ਵਾਲੇ ਮੁਗਲ ਬਾਦਸ਼ਾਹਾਂ ਨਾਲ ਕੀਤੀ ਹੈ।



ਅਕਾਲੀ ਆਗੂਅਤੇ ਦਿੱਲੀ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵੱਲੋਂ ਅਹੁਦੇ ਤੋਂ ਅਸਤੀਫਾ ਦੇ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਪਿੱਛੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਭਾਜਪਾ ਉੱਤੇ ਹਮਲਾ ਕਰਦਿਆਂ ਕਿਹਾ ਕਿ ਜਿਵੇਂ ਮੁਗ਼ਲ ਹਾਕਮ ਲੋਕਾਂ ਮੂਹਰੇਧਰਮ ਪਾਲਣ ਜਾਂ ਜਿੰਦਾ ਰਹਿਣ ਦੀ ਚੋਣ ਦਾ ਬਦਲ ਰੱਖਦੇ ਸਨ, ਭਾਜਪਾ ਨੇ ਏਹੋ ਬਦਲ ਅਕਾਲੀ ਆਗੂ ਮਨਜਿੰਦਰ ਸਿੰਘ ਸਿਰਸਾ ਅੱਗੇ ਰੱਖਿਆ ਹੈ।ਕਾਰਜਕਾਰੀ ਜਥੇਦਾਰ ਨੇ ਦੱਸਿਆ ਕਿ ਇੱਕ ਦਸੰਬਰ ਸਵੇਰੇ ਉਨ੍ਹਾਂ ਦੀ ਮਨਜਿੰਦਰ ਸਿੰਘ ਸਿਰਸਾ ਨਾਲ ਗੱਲ ਹੋਈ ਤਾਂਓਦੋਂ ਉਸ ਨੇ ਦਿੱਲੀ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਨਹੀਂ ਸੀਦਿੱਤਾ, ਪਰ ਉਸ ਦੀਆਂ ਗੱਲਾਂ ਤੋਂ ਪਤਾ ਲੱਗਾ ਗਿਆ ਸੀ ਕਿ ਉਹ ਦਬਾਅ ਹੇਠ ਹੈ।ਜਥੇਦਾਰ ਦੇ ਦੱਸਣ ਅਨੁਸਾਰ ਮਨਜਿੰਦਰ ਸਿੰਘ ਸਿਰਸਾ ਲਈਜੇਲ੍ਹ ਜਾਣ ਜਾਂ ਭਾਜਪਾ ਵਿੱਚਆਉਣ ਦਾ ਬਦਲ ਰੱਖਿਆ ਗਿਆ ਤਾਂ ਉਸ ਨੇ ਡਟਣ ਦੀ ਥਾਂ ਭਾਜਪਾ ਵਿੱਚ ਸ਼ਾਮਲ ਹੋਣਾ ਠੀਕ ਸਮਝਿਆ।ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਕਿਸੇ ਦਾ ਨਾਂ ਲਏ ਬਿਨਾਂ ਕਿਹਾ ਕਿ ਸਿਰਸਾ ਨੂੰ ਭਾਜਪਾ ਵਿੱਚ ਸ਼ਾਮਲ ਕਰਾਉਣ ਪਿੱਛੇ ਦਿੱਲੀਤੇ ਪੰਜਾਬ ਦੇ ਕੁਝ ਸਿੱਖਆਗੂਆਂ ਦਾ ਵੀ ਹੱਥ ਹੈ, ਜਿਨ੍ਹਾਂ ਨੇ ਇਸ ਦੇ ਲਈ ਹਾਲਾਤ ਬਣਾਏ ਸਨ।

ਦੂਸਰੇ ਪਾਸੇ ਅੱਜ ਜਲੰਧਰ ਨੇੜੇ ਕਰਤਾਰਪੁਰਆਏ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਿਸਾਨ ਅੰਦੋਲਨ ਦੀ ਮਦਦ ਕਰਨਕਰ ਕੇ ਕੇਂਦਰ ਸਰਕਾਰ ਅਕਾਲੀ ਦਲ ਨੂੰ ਨਿਸ਼ਾਨਾ ਬਣਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਤੋਂ ਅਕਾਲੀ ਦਲ ਨੇ ਭਾਜਪਾ ਤੋਂ ਨਾਤਾ ਤੋੜਿਆ, ਉਦੋਂ ਤੋਂ ਕੇਂਦਰ ਸਰਕਾਰ ਨੇ ਪੰਜਾਬਤੇ ਸਿੱਖਾਂ ਦੇ ਖਿਲਾਫ ਸਾਜਿਸ਼ਾਂ ਰਚਣੀਆਂ ਸ਼ੁਰੂ ਕਰ ਦਿੱਤੀਆਂ ਹਨ। ਮਨਜਿੰਦਰ ਸਿੰਘ ਸਿਰਸਾ ਬਾਰੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਕੇਂਦਰ ਦੇ ਦਬਾਅ ਹੇਠਭਾਜਪਾ ਵਿੱਚਗਏ ਹਨ। ਉਨ੍ਹਾਂ ਕਿਹਾ ਕਿ ਮਨਜਿੰਦਰ ਸਿੰਘ ਸਿਰਸਾ ਦੇ ਸਿਰ ਉੱਤੇ ਬੰਦੂਕ ਰੱਖ ਕੇ ਉਸ ਨੂੰ ਕਿਹਾ ਗਿਆ ਕਿ ਪ੍ਰਧਾਨਗੀ ਛੱਡੇ ਜਾਂ ਜੇਲ੍ਹ ਜਾਵੇ।ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੈਨੂੰਦੋ ਦਿਨ ਪਹਿਲਾਂ ਮਨਜਿੰਦਰ ਸਿੰਘ ਸਿਰਸਾ ਨੇ ਫੋਨ ਉੱਤੇਕਿਹਾ ਸੀ ਕਿ ਕੇਂਦਰ ਸਰਕਾਰ ਨੇ ਮੇਰੇ ਸਾਰੇ ਪਰਿਵਾਰ ਉੱਤੇ ਸ਼ਿਕੰਜਾ ਕੱਸ ਦਿੱਤਾ ਹੈ ਤੇ ਮੈਨੂੰ ਗ੍ਰਿਫ਼ਤਾਰ ਕਰਨ ਲੱਗੇ ਹਨ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਿਰਸਾ ਨੇ ਵੈਟਸਐਪ ਉੱਤੇ ਮੈਸੇਜ ਕਰਕੇ ਵੀ ਉਨ੍ਹਾਂ ਨੂੰ ਕਿਹਾ ਸੀ ਕਿ 'ਕੇਂਦਰ ਸਰਕਾਰ ਮੇਰੇ ਤੇ ਮੇਰੇ ਪਰਿਵਾਰ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ ਹੈ।' ਉਨ੍ਹਾਂਕਿਹਾ ਕਿ ਜਦੋਂ ਮਨਜਿੰਦਰ ਸਿੰਘ ਸਿਰਸਾ ਪ੍ਰਧਾਨ ਬਣਿਆ ਸੀ, ਉਦੋਂ ਵੀ ਉਸ ਉੱਤੇ ਕੋਰਟ ਕੇਸ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਦਿੱਲੀਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵੇਲੇ ਕੇਂਦਰ ਸਰਕਾਰ ਨੇ ਆਪਣੇ ਚਹੇਤਿਆਂ ਨੂੰ ਉਮੀਦਵਾਰਾਂ ਬਣਾਇਆ ਸੀ,ਜਦੋਂ ਉਹ ਬੁਰੀ ਤਰ੍ਹਾਂ ਹਾਰ ਗਏਅਤੇਅਕਾਲੀ ਉਮੀਦਵਾਰ ਜਿੱਤ ਗਏ ਤਾਂਤਿੰਨ ਮਹੀਨੇ ਹੋਣ ਪਿੱਛੋਂ ਵੀ ਸਾਡੇ ਮੈਂਬਰਾਂ ਚਾਰਜ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਦਿੱਲੀ ਗੁਰ-ਦੁਆਰਾ ਕਮੇਟੀ ਵਿੱਚ ਸਾਡੇ 11 ਮੈਂਬਰਾਂ ਉੱਤੇਝੂਠੇ ਕੇਸ ਦਰਜ ਕੀਤੇ ਗਏ ਤੇ ਕਿਹਾ ਕਿ ਜਾਂ ਅਕਾਲੀ ਦਲ ਛੱਡੋ ਜਾਂ ਜੇਲ੍ਹ ਜਾਓ, ਪਰ ਉਹ ਡੱਟ ਕੇ ਖੜ੍ਹੇ ਰਹੇ। ਉਨ੍ਹਾਂ ਕਿਹਾ ਕਿ ਹਰਮੀਤ ਸਿੰਘ ਕਾਲਕਾ ਅਤੇ ਮਨਜਿੰਦਰ ਸਿੰਘ ਸਿਰਸਾ ਉੱਤੇ ਵੀ ਕੇਸ ਦਰਜ ਕਰ ਕੇ ਦਬਾਅ ਪਾਇਆ ਗਿਆ ਸੀ, ਮੈਨੂੰ ਅਫ਼ਸੋਸ ਹੈ ਕਿ ਮਨਜਿੰਦਰ ਸਿੰਘ ਸਿਰਸਾ ਕੇਂਦਰ ਸਰਕਾਰ ਦਾ ਦਬਾਅ ਨਹੀਂ ਸਹਿ ਸਕਿਆ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਦਿੱਲੀਸਿੱਖ ਗੁਰਦੁ-ਆਰਾ ਪ੍ਰਬੰਧਕ ਕਮੇਟੀ ਉੱਤੇ ਕੰਟਰੋਲਕਰਨਾ ਚਾਹੁੰਦੀ ਹੈ, ਇਸ ਤੋਂ ਵੱਡਾ ਹਮਲਾ ਸਿੱਖ ਪੰਥ ਉੱਤੇ ਕੀ ਹੋ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਵੀ ਅਕਾਲੀ ਦਲ ਤੋੜਨ ਦੀ ਕੋਸ਼ਿਸ਼ ਕੀਤੀ ਸੀ ਅਤੇ ਉਹੀ ਕੰਮ ਕੇਂਦਰ ਸਰਕਾਰ ਕਰ ਰਹੀ ਹੈ, ਮੈਨੂੰ ਬੜਾ ਦੁੱਖ ਹੈ ਕਿ ਮਨਜਿੰਦਰ ਸਿੰਘ ਸਿਰਸਾ ਕੇਂਦਰ ਦੀ ਸਰਕਾਰ ਅੱਗੇ ਝੁਕ ਗਿਆ ਹੈ।

# ਮੁੱਖ ਮੰਤਰੀ ਚੰਨੀ ਨੇ ਕਿਹਾ: ਮੈਂ ਐਲਾਨਜੀਤ ਨਹੀਂ, ਵਿਸ਼ਵਾਸਜੀਤ ਹਾਂ

## * ਸਰਕਾਰ ਦੇ 70 ਦਿਨਾਂ ਦੀ ਰਿਪੋਰਟ ਪੇਸ਼

ਚੰਡੀਗੜ੍ਹ, 2 ਦਸੰਬਰ, (ਪੋਸਟ ਬਿਊਰੋ)- ਪੰਜਾਬਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਆਪਣੀ ਰਾਜ ਸਰਕਾਰ ਦੇ 70 ਦਿਨਾਂ ਦਾ ਰਿਪੋਰਟ ਕਾਰਡ ਪੇਸ਼ ਕੀਤਾ ਤੇ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਮੇਰੇ ਰਿਪੋਰਟ ਕਾਰਡ ਮੁਤਾਬਕ 60 ਫੀਸਦੀ ਵਾਅਦੇ ਲਾਗੂ ਹੋਏ ਹਨ। ਉਨ੍ਹਾਂ ਕਿਹਾ ਕਿ ਹਰ ਕੋਈ 'ਚੰਨੀ ਸਰਕਾਰ'ਕਹੀ ਜਾ ਰਿਹਾ ਹੈ, ਪਰ ਇਹ ਅਸਲ ਵਿੱਚ'ਚੰਗੀ ਸਰਕਾਰ' ਹੈ ਅਤੇ ਆਮ ਲੋਕਾਂ ਅਤੇ ਸਾਰਿਆਂ ਦੀ ਸਰਕਾਰ ਹੈ।



ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਸ ਮੌਕੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਚੈਲਿੰਜ ਕੀਤਾ ਤੇ ਅਕਾਲੀ ਦਲ ਵੱਲੋਂ ਗਲਤ ਬਿਜਲੀ ਖਰੀਦ ਸਮਝੌਤੇਕਰਨ ਦੀ ਨਿੰਦਾ ਕਰਦਿਆਂ ਕਿਹਾ ਕਿ ਲੋਕਾਂ ਦਾ ਦਰਦ ਨਾ ਸਮਝਣ ਵਾਲੇ ਮੈਨੂੰ 'ਨਕਲੀ ਆਮ ਆਦਮੀ' ਕਹਿ ਰਹੇ ਹਨ। ਅਰਵਿੰਦ ਕੇਜਰੀਵਾਲ ਵੱਲੋਂ ਉਨ੍ਹਾਂ ਨੂੰ 'ਨਕਲੀ ਕੇਜਰੀਵਾਲ' ਕਹਿਣ ਦੀ ਚੁਟਕੀ ਲੈਂਦੇ ਹੋਏ ਚੰਨੀ ਨੇ ਕਿਹਾ ਕਿ ਮੈਂ ਕੰਮਵਿੱਚ ਵਿਸ਼ਵਾਸ ਰੱਖਦਾ ਹਾਂ, ਫੋਕੇ ਐਲਾਨਾਂ ਵਿੱਚ ਨਹੀਂ ਅਤੇ ਮੈਂ 'ਐਲਾਨਜੀਤ' ਨਹੀਂ,'ਵਿਸ਼ਵਾਸਜੀਤ' ਹਾਂ। ਉਨ੍ਹਾਂ ਕਿਹਾ ਕਿ ਮੇਰੀ ਸਰਕਾਰ ਨੇ ਜਲ ਸਪਲਾਈ ਸਕੀਮਾਂ ਦੇ ਪਿੰਡਾਂ ਦੇ 1168 ਕਰੋੜ ਦੇ ਪੰਚਾਇਤੀ ਬਿਜਲੀ ਬਿੱਲ ਮਾਫ਼ ਕੀਤੇ ਹਨ।ਇਹ ਬਿੱਲ ਸਰਕਾਰ ਭਰੇਗੀ। ਸ਼ਹਿਰੀ ਖੇਤਰਾਂ ਦੇ ਜਲ ਸਪਲਾਈ ਤੇ ਸੀਵਰੇਜ ਦੇ ਬਕਾਏ ਮੁਆਫ ਕਰ ਦਿੱਤੇ ਹਨ ਅਤੇ ਇਹ ਬਿੱਲ ਵੀ ਸਰਕਾਰ ਭਰੇਗੀ। ਉਨ੍ਹਾਂ ਦੱਸਿਆ ਕਿ 'ਮੇਰਾ ਘਰ ਮੇਰਾ ਨਾਮ' ਸਕੀਮ ਹੇਠ ਲਾਲ ਲਕੀਰ ਦੇ ਅੰਦਰ ਜ਼ਮੀਨ ਦੀ ਮਾਲਕੀ ਦੇਣ ਦਾ ਕੰਮ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਦੋ ਕਿਲੋਵਾਟ ਤੱਕਘਰੇਲੂ ਖਪਤਕਾਰਾਂ ਦੇ ਬਿਜਲੀ ਬਿੱਲਾਂ ਦੇ ਭੁਗਤਾਨ ਦੀ ਥਾਂ 20 ਲੱਖ ਖਪਤਕਾਰਾਂ ਨੂੰ 1500 ਕਰੋੜ ਰੁਪਏ ਦੀ ਰਾਹਤ ਦਿੱਤੀਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬੀ ਮਾਤ ਭਾਸ਼ਾ ਦੀ ਪ੍ਰਫੁੱਲਤਾ ਲਈ ਵਚਨਬੱਧ ਹੈਅਤੇਸਭ ਨੌਕਰੀਆਂ ਲਈ ਪੰਜਾਬੀ ਭਾਸ਼ਾ 10ਵੀਂਜਮਾਤਤੱਕ ਲਾਜ਼ਮੀ ਹੈ।

# 15 ਤੋਂ ਭਾਰਤ ਵਿੱਚੋਂ ਹੋਣ ਵਾਲੀਆਂ ਅੰਤਰਰਾਸ਼ਟਰੀ ਉਡਾਣਾਂ ਮੁਲਤਵੀ

ਨਵੀਂ ਦਿਲੀ, 2 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਇੱਕ ਤਾਜ਼ਾ ਬਿਆਨ ਵਿੱਚ ਕਿਹਾ ਸੀ ਕਿ ਦਸੰਬਰ ਦੇ ਤੀਜੇ ਹਫ਼ਤੇ 15 ਦਸੰਬਰ ਤੋਂ ਅੰਤਰਰਾਸ਼ਟਰੀ ਉਡਾਣਾਂ ਮੁੜ ਸ਼ੁਰੂ ਹੋ ਸਕਦੀਆਂ ਹਨ ਪਰ ਕੱਲ੍ਹ ਡੀ ਜੀ ਸੀ ਏ ਨੇ ਕੌਮਾਂਤਰੀ ਉਡਾਣਾਂ ਨੂੰ ਬਹਾਲ ਕੀਤੇ ਜਾਣ ਨੂੰ ਮੁਲਤਵੀ ਕਰਨ ਦਾ ਫ਼ੈਸਲਾ ਕੀਤਾ ਹੈ।

ਬੀਤੇ ਸਾਲ 23 ਮਾਰਚ ਤੋਂ ਦੇਸ਼ ਵਿੱਚ ਅੰਤਰਰਾਸ਼ਟਰੀ ਉਡਾਣਾਂ ਨੂੰ ਰੱਦ ਕਰ ਦਿੱਤਾ ਗਿਆ ਹੈ ਅਤੇਵਰਨਣ ਯੋਗ ਹੈ ਕਿ ਉਸ ਪਿੱਛੋਂ ਭਾਰਤ ਵਿੱਚ ਪਿਛਲੇ ਸਾਲ ਜੁਲਾਈ ਤੋਂ ਲੱਗਭਗ 28 ਦੇਸ਼ਾਂ ਨਾਲ ਏਅਰ ਬਬਲ ਵਿਵਸਥਾ ਹੇਠ ਵਿਸ਼ੇਸ਼ ਅੰਤਰਰਾਸ਼ਟਰੀ ਯਾਤਰੀ ਉਡਾਣਾਂ ਚਲਾਈਆਂ ਜਾ ਰਹੀਆਂ ਹਨ। ਕੱਲ੍ਹ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਕਿਹਾ ਸੀ ਕਿ ਗ੍ਰਹਿ ਮੰਤਰਾਲਾ, ਵਿਦੇਸ਼ ਮੰਤਰਾਲਾ ਤੇ ਹੈਲਥ ਮੰਤਰਾਲਾ ਅੰਤਰਰਾਸ਼ਟਰੀ ਉਡਾਣਾਂ ਮੁੜ ਸ਼ੁਰੂ ਕਰਨ ਬਾਰੇ ਸਹਿਮਤ ਹੋ ਗਏ ਹਨ, ਜਿਸ ਪਿੱਛੋਂ 15 ਦਸੰਬਰ ਤੋਂ ਅੰਤਰਰਾਸ਼ਟਰੀ ਉਡਾਣਾਂ ਚੱਲਣ ਦੀ ਸੰਭਾਵਨਾ ਸੀ, ਪਰ ਹਾਲੇ ਇਸ ਬਾਰੇ ਮੌਜੂਦਾ ਪ੍ਰਬੰਧ ਹੀ ਜਾਰੀ ਰਹਿਣ ਦੀ ਸੰਭਾਵਨਾ ਹੈ। ਇਸ ਨਾਲ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਸਬੰਧਤ ਮੰਤਰਾਲੇ ਤੇ ਅਧਿਕਾਰੀਆਂ ਨੂੰ ਮਾਮਲੇ ਦੀ ਸਮੀਖਿਆ ਕਰਨ ਲਈ ਕਿਹਾ ਸੀ।

# ਪਠਾਨਕੋਟ ਆਏ ਕੇਜਰੀਵਾਲ ਵੱਲੋਂ ਪੰਜਾਬੀਆਂ ਲਈ 2 ਹੋਰ ਗਰੰਟੀਆਂ ਪੇਸ਼

ਪਠਾਨਕੋਟ, 2 ਦਸੰਬਰ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇਅੱਜ ਪਠਾਨਕੋਟ ਦੇ ਸ਼ਹੀਦ ਭਗਤ ਸਿੰਘ ਚੌਂਕਵਿਖੇ ਪਾਰਟੀ ਵੱਲੋਂਕਰਵਾਈ ਗਈ 'ਤਿਰੰਗਾ ਯਾਤਰਾ' ਦੀ ਅਗਵਾਈ ਕੀਤੀ, ਜਿਸ ਵਿੱਚਵੱਡੀ ਗਿਣਤੀ ਵਿੱਚ ਆਮ ਲੋਕ ਸ਼ਾਮਲ ਹਨ।

ਇਸ ਤਿਰੰਗਾ ਯਾਤਰਾ ਮੌਕੇ ਬੋਲਦਿਆਂ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਪੰਜਾਬੀਆਂ ਦੇ ਲਈ ਦੋ ਵੱਡੇ ਐਲਾਨ ਹੋਰ ਕਰਦੇ ਹੋਏ ਕਿਹਾ ਕਿ ਪੰਜਾਬ ਵਿੱਚਜਨਮੇ ਹਰ ਬੱਚੇ ਨੂੰ ਮੁਫ਼ਤ ਤੇ ਚੰਗੀ ਸਿੱਖਿਆਦਿਆਂਗੇ ਤੇ ਗਰੀਬ ਬੱਚਿਆਂ ਨੂੰ ਵੀ ਬਾਕੀਆਂਵਾਂਗ ਮੁਫ਼ਤ ਤੇ ਚੰਗੀਸਿੱਖਿਆਮਿਲੇਗੀ। ਕੇਜਰੀਵਾਲ ਨੇ ਕਿਹਾ ਕਿ ਦਿੱਲੀ ਵਰਗੀ ਸਿੱਖਿਆ ਪ੍ਰਣਾਲੀ ਉਹ ਪੰਜਾਬ ਵਿੱਚਲਿਆਉਣਗੇ ਤਾਂ ਕਿ ਸਭ ਬੱਚੇ ਪੜ੍ਹ ਲਿਖ ਕੇ ਮਾਂ ਪਿਓ ਦੇ ਸੁਫ਼ਨੇ ਪੂਰੇ ਕਰ ਸਕਣ।ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਦੂਸਰੀ ਗਰੰਟੀ ਦੇਂਦਿਆਂ ਕਿਹਾ ਕਿ ਪੰਜਾਬ ਦੇ ਬਹੁਤ ਸਾਰੇ ਫ਼ੌਜੀ ਜਵਾਨ ਸਰਹੱਦਾਂ ਉੱਤੇ ਸ਼ਹੀਦ ਹੁੰਦੇ ਹਨ, ਸਭ ਤੋਂ ਵੱਧ ਨੌਜਵਾਨ ਪਠਾਨਕੋਟ ਦੇ ਸ਼ਹੀਦ ਹੁੰਦੇ ਹਨ, ਜਿਨ੍ਹਾਂ ਨੂੰ ਸਰਕਾਰ ਵਲੋਂ ਖਾਸ



ਸਹੂਲਤ ਨਹੀਂ ਮਿਲਦੀ। ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿੱਚਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਉੱਤੇਸਰਹੱਦ ਉੱਤੇ ਕਿਸੇ ਅਪਰੇਸ਼ਨ ਵਿੱਚ ਸ਼ਹੀਦ ਹੋਏ ਪੰਜਾਬ ਦੇ ਜਵਾਨਾਂ ਦੇ ਪਰਿਵਾਰਾਂ ਨੂੰ ਇਕ ਕਰੋੜ ਰੁਪਏ ਸਨਮਾਨ ਵਜੋਂ ਦਿੱਤੇ ਜਾਣਗੇ।

ਇਸ ਮੌਕੇ ਕੇਜਰੀਵਾਲ ਨੇ ਕਿਹਾ ਕਿ ਮੈਂ ਪਹਿਲਾਂ ਜਦੋਂ ਪੰਜਾਬਆਇਆ ਤਾਂ ਪੰਜਾਬ ਦੇ ਲੋਕਾਂ ਨੂੰ ਤਿੰਨ ਗਰੰਟੀਆਂ ਦਿੱਤੀਆਂ ਸਨ ਤੇ ਅੱਜ 2 ਹੋਰ ਗਰੰਟੀਆਂ ਦੇ ਰਿਹਾ ਹਾਂ, ਵਿਧਾਨ ਸਭਾ ਚੋਣਾਂ ਮਗਰੋਂ ਜਦੋਂ ਸਾਡੀ ਸਰਕਾਰ ਬਣੀ ਤਾਂ 300 ਯੂਨਿਟ ਤੱਕ ਮੁਫ਼ਤ ਬਿਜਲੀ ਦੀ ਪਹਿਲੀ ਗਰੰਟੀ ਲੋਕਾਂ ਲਈ ਲਾਗੂ ਕਰਾਂਗੇ, ਕਿਉਂਕਿ ਲੋਕਾਂ ਦੇ ਬਿੱਲ ਬਹੁਤ ਵੱਡੇ ਆਉਂਦੇ ਹਨ ਤੇ 24 ਘੰਟੇ ਬਿਜਲੀ ਸਪਲਾਈ ਨਾਲ ਪੁਰਾਣੇ ਬਿੱਲ ਮੁਆਫ਼ ਕਰਾਂਗੇ।ਉਨ੍ਹਾ ਕਿਹਾ ਕਿ ਮੈਂ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਤੇ ਦਵਾਈਆਂ ਦੀ ਦੂਸਰੀ ਗਰੰਟੀ ਦਿੱਤੀ ਹੈ, ਜੋਪੂਰੀ ਕਰਾਂਗੇ। ਕੇਜਰੀਵਾਲ ਨੇ ਐਲਾਨ ਕੀਤਾ ਕਿ ਜੇ ਸੱਤਾ ਮਿਲੀ ਤਾਂ ਪੰਜਾਬ ਵਿੱਚ 18 ਸਾਲ ਜਾਂ ਇਸ ਤੋਂ ਵੱਡੀ ਹਰ ਔਰਤ ਦੇ ਖਾਤੇ ਵਿੱਚ ਹਰ ਮਹੀਨੇ 1,000 ਰੁਪਏ ਪਾਵਾਂਗੇ।

# 94 ਸਾਲ ਦੇ ਵੱਡੇ ਬਾਦਲ ਇੱਕ ਵਾਰ ਮੁੜ ਕੇ ਲੰਬੀ ਅਸੈਂਬਲੀ ਸੀਟ ਤੋਂ ਚੋਣ ਲੜਨ ਦੇ ਮੂਡ ਵਿੱਚ

ਚੰਡੀਗੜ੍ਹ, 2 ਦਸੰਬਰ, (ਪੋਸਟ ਬਿਊਰੋ)-ਬਹੁਜਨ ਸਮਾਜ ਪਾਰਟੀ ਨਾਲ ਸਮਝੌਤੇ ਵਿੱਚਅਕਾਲੀ ਦਲ ਦੇ ਹਿੱਸੇ ਦੀਆਂ 97 ਸੀਟਾਂ ਵਿੱਚੋਂ 89 ਉੱਤੇਅਕਾਲੀ ਦਲ ਨੇ ਉਮੀਦਵਾਰ ਐਲਾਨ ਕਰ ਦਿੱਤੇ ਹਨ, ਪਰ ਸਭ ਤੋਂ ਅਹਿਮ ਸੀਟ ਲੰਬੀ ਉੱਤੇ ਹਾਲੇ ਤੱਕ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ।ਏਥੋਂ ਲਗਾਤਾਰ ਜਿੱਤਦੇ ਰਹੇ ਪ੍ਰਕਾਸ਼ ਸਿੰਘ ਬਾਦਲ ਮੁੜ ਕੇ ਚੋਣ ਲੜਨ ਦੇ ਮੂਡ ਵਿੱਚ ਦੱਸੇ ਜਾਂਦੇ ਹਨ ਅਤੇ ਇਸ ਬਾਰੇ ਸਰਗਰਮੀ ਵੀ ਸ਼ੁਰੂ ਹੋਣ ਲੱਗੀ ਹੈ।



ਅਕਾਲੀ ਦਲ ਇਸ ਵਾਰੀ ਬਹੁਤ ਸੋਚ ਕੇ ਚੱਲਣਾ ਚਾਹੁੰਦਾ ਹੈ, ਇਸ ਲਈ ਸਾਬਕਾ ਮੁੱਖ ਮੰਤਰੀ ਅਤੇ ਦੇਸ਼ ਦੇ ਸਭ ਤੋਂ ਬਜ਼ੁਰਗ ਵਿਧਾਇਕ ਪ੍ਰਕਾਸ਼ ਸਿੰਘ ਬਾਦਲ (94) ਨੂੰ ਮੁੜ ਕੇ ਚੋਣ ਲੜਾਉਣ ਦੀ ਤਿਆਰੀ ਹੋ ਰਹੀ ਹੈ। ਪਹਿਲਾਂ ਕਿਹਾ ਗਿਆ ਸੀ ਕਿ ਸੁਖਬੀਰ ਸਿੰਘ ਬਾਦਲ ਆਪਣੀ ਜਲਾਲਾਬਾਦ ਸੀਟ ਛੱਡ ਕੇ ਇਸ ਵਾਰ ਲੰਬੀ ਤੋਂ ਚੋਣ ਲੜ ਸਕਦੇ ਹਨ ਤੇ ਪ੍ਰਕਾਸ਼ ਸਿੰਘ ਬਾਦਲ ਕਿਉਂਕਿ ਬਜ਼ੁਰਗ ਹੋ ਚੁੱਕੇ ਹਨ ਅਤੇ ਉਨ੍ਹਾਂ ਦੀ ਸਿਹਤ ਵੀ ਠੀਕ ਨਹੀਂ, ਇਸ ਲਈ ਉਹ ਚੋਣ ਨਹੀਂ ਲੜਨਗੇ ਤੇ ਉਨ੍ਹਾਂ ਦੀ ਥਾਂ ਬਾਦਲ ਪਰਿਵਾਰ ਆਪਣੀ ਜੱਦੀ ਸੀਟ ਲੰਬੀ ਤੋਂ ਸੁਖਬੀਰ ਸਿੰਘ ਬਾਦਲ ਨੂੰ ਖੜ੍ਹਾ ਕਰੇਗਾ, ਪਰ ਸੁਖਬੀਰ ਸਿੰਘ ਬਾਦਲ ਦੇ ਫਿਰ ਜਲਾਲਾਬਾਦ ਤੋਂ ਖੜ੍ਹਾ ਹੋਣ ਨਾਲ ਲੰਬੀ ਬਾਰੇ ਸ਼ੰਕਾ ਖੜ੍ਹਾ ਸੀ। ਪਾਰਟੀ ਦੇ ਇਕ ਸੀਨੀਅਰ ਆਗੂਦੇ ਮੁਤਾਬਕ ਪ੍ਰਕਾਸ਼ ਸਿੰਘ ਬਾਦਲ ਹੀ ਇਸ ਸੀਟਤੋਂ ਚੋਣ ਲੜਨਗੇ। ਉਨ੍ਹਾਂ ਕਿਹਾ ਕਿ ਇਸ ਸੀਟ ਬਾਰੇ ਗੰਭੀਰਤਾ ਨਾਲ ਵਿਚਾਰ ਹੋ ਰਿਹਾ ਹੈ ਤੇ ਪਾਰਟੀ ਕੋਈ ਅਜਿਹਾ ਉਮੀਦਵਾਰ ਖੜ੍ਹਾ ਨਹੀਂ ਕਰਨਾ ਚਾਹੁੰਦੀ, ਜੋ ਜਿੱਤਣਜੋਗਾ ਨਾ ਹੋਵੇ, ਇਸ ਲਈ ਪ੍ਰਕਾਸ਼ ਸਿੰਘ ਬਾਦਲ ਨੂੰ ਮੁੜ ਕੇ ਏਥੋਂ ਚੋਣ ਲੜਾਉਣ ਉੱਤੇ ਵਿਚਾਰ ਹੋ ਰਿਹਾ ਹੈ।

# ਸਿੱਧੂ ਵੱਲੋਂ ਕੇਜਰੀਵਾਲ ਨੂੰ ਮੁੱਖ ਮੰਤਰੀ ਚਿਹਰੇ ਦੀ ਚੋਭ : ਪੰਜਾਬ ਵਿੱਚ ਲਾੜਾ ਨਹੀਂ ਲੱਭਦਾ

ਕਾਦੀਆਂ, 2 ਦਸੰਬਰ, (ਪੋਸਟ ਬਿਊਰੋ)- ਅੱਜ ਏਥੇ ਕਾਂਗਰਸ ਰੈਲੀ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਮੁੱਖ ਮੰਤਰੀ ਚਿਹਰੇ ਬਾਰੇ ਆਮ ਆਦਮੀ ਪਾਰਟੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਉੱਤੇਵਿਅੰਗਕਰਦਿਆਂ ਕਿਹਾ ਕਿ ਕੇਜਰੀਵਾਲ ਨੂੰ ਪੰਜਾਬ ਵਿੱਚ ਅਜੇ ਤਕ ਲਾੜਾ ਨਹੀਂ ਲੱਭਾ ਤੇ ਬਰਾਤ ਬਿਨਾਂ ਲਾੜੇ ਤੋਂ ਨੱਚ ਰਹੀ ਹੈ।ਉਸ ਦਾ ਇਸ਼ਾਰਾ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿੱਚਮੁੱਖ ਮੰਤਰੀ ਦਾ ਚਿਹਰਾ ਨਾ ਐਲਾਨਣ ਵੱਲ ਸੀ।

ਇਸ ਮੌਕੇ ਨਵਜੋਤ ਸਿੰਘ ਸਿੱਧੂ ਨੇ ਅਰਵਿੰਦ ਕੇਜਰੀਵਾਲ ਬਾਰੇ ਕਿਹਾ ਕਿ ਉਹ ਪੰਜਾਬ ਆਣ ਕੇ ਪੰਜਾਬੀਆਂ ਨਾਲ ਝੂਠੇ ਵਾਅਦੇ ਕਰ ਰਿਹਾ ਹੈ।ਉਨ੍ਹਾ ਕਿਹਾ ਕਿ ਮੈਂ ਸਾਢੇ ਚਾਰ ਸਾਲ ਰੇਤ ਅਤੇ ਨਸ਼ਾ ਮਾਫੀਆ ਨਾਲ ਲੜਦਾ ਰਿਹਾ ਸਾਂ,ਪਰ ਕੇਜਰੀਵਾਲ ਨੇ



ਸਮੱਗਲਰਾਂ ਅੱਗੇ ਗੋਡੇ ਟੇਕ ਕੇ ਮੁਆਫੀ ਮੰਗ ਲਈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਜਿੰਨੀਆਂ ਗਰੰਟੀਆਂ ਦਿੱਤੀਆਂ ਹਨ, ਉਨ੍ਹਾਂ ਸਭਦਾ ਕੁੱਲ 1.10 ਲੱਖ ਕਰੋੜ ਰੁਪਏ ਖਰਚ ਬਣੇਗਾ, ਪੰਜਾਬ ਦਾਕੁੱਲ ਬਜਟ 72 ਹਜ਼ਾਰ ਕਰੋੜ ਰੁਪਏ ਹੈ। ਉਨ੍ਹਾਂ ਕਿਹਾ ਕਿ 70 ਹਜ਼ਾਰ ਕਰੋੜ ਰੁਪਏ ਮੁਲਾਜ਼ਮਾਂ ਦੀ ਤਨਖਾਹ, ਪੈਨਸ਼ਨ ਤੇ ਕਰਜਾ ਚੁਕਾਉਣ ਵਿੱਚ ਖਰਚ ਹੋ ਜਾਣਗੇ, ਕੇਜਰੀਵਾਲ ਆਪਣੇ ਐਲਾਨਾਂ ਲਈ ਪੈਸਾ ਕਿੱਥੋਂ ਲਿਆਏਗਾ।ਨਵਜੋਤ ਸਿੰਘਸਿੱਧੂਏਥੇ ਵਿਧਾਨ ਸਭਾ ਹਲਕਾ ਕਾਦੀਆਂ ਦੇ ਵਿਧਾਇਕ ਫਤਹਿਜੰਗ ਸਿੰਘ ਬਾਜਵਾ ਅਤੇ ਸ੍ਰੀ ਹਰਗੋਬਿੰਦਪੁਰ ਦੇ ਵਿਧਾਇਕ ਬਲਵਿੰਦਰ ਸਿੰਘ ਲਾਡੀ ਦੀ ਅਗਵਾਈ ਵਿੱਚ ਕਾਹਨੂੰਵਾਨ ਦਾਣਾ ਮੰਡੀ ਵਿੱਚਰੈਲੀ ਵਿੱਚਪਹੁੰਚੇ ਸਨ। ਉਨ੍ਹਾ ਨੇ ਕਿਹਾ ਕਿ ਕੇਜਰੀਵਾਲਪੰਜਾਬ ਆ ਕੇ ਛੁਰਲੀਆਂ ਛੱਡਦਾ ਤੇਝੂਠੀ ਨੀਂਹ ਉੱਤੇ ਹਵਾ ਬੰਨ੍ਹਦਾ ਹੈ, ਜਦਕਿ ਦਿੱਲੀ ਦੀ ਹਵਾ ਖਰਾਬ ਹੈ।ਉਨ੍ਹਾ ਕਿਹਾ ਕਿ ਕਾਂਗਰਸ ਦੀ ਸ਼ੀਲਾ ਦੀਕਸ਼ਿਤਸਰਕਾਰ ਸਮੇਂ ਦਿੱਲੀ ਵਿੱਚ 6 ਹਜ਼ਾਰ ਸੀ ਐੱਨ ਜੀ ਬੱਸਾਂ ਸਨ ਤੇ 3 ਹਜ਼ਾਰ ਰਹਿ ਗਈਆਂ ਹਨ ਤੇ ਬੱਸਾਂ ਦੀਆਂ 45 ਲੱਖ ਸਵਾਰੀਆਂ ਦੀ ਥਾਂ 25 ਲੱਖ ਸਵਾਰੀਆਂ ਰਹਿ ਗਈਆਂ ਹਨ। ਉਨ੍ਹਾਂ ਕਿਹਾ ਕਿ ਸ਼ੀਲਾ ਦੀਕਸ਼ਿਤ ਦੀ ਸਰਕਾਰ ਸਮੇਂ ਮੈਟਰੋ ਦੇ ਸਾਢੇ ਤਿੰਨ ਫੇਸ ਕੰਪਲੀਟ ਹੋਏ ਸਨ, ਪਰ ਕੇਜਰੀਵਾਲ ਕੋਲੋਂ 4 ਕੰਪਲੀਟ ਨਹੀਂ ਹੋਏ।

# ਪ੍ਰਦੂਸ਼ਣ ਦੀ ਮਾਰ ਫਿਰ ਪਈ: ਦਿੱਲੀ ਵਿੱਚ ਸਕੂਲ ਖੋਲ੍ਹਣ ਤੋਂ ਨਾਰਾਜ਼ ਸੁਪਰੀਮ ਕੋਰਟ ਵੱਲੋਂ ਸਰਕਾਰ ਨੂੰ ਫਿਟਕਾਰ

ਨਵੀਂ ਦਿੱਲੀ, 2 ਦਸੰਬਰ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀਵਿੱਚ ਹਵਾ ਪ੍ਰਦੂਸ਼ਣਬਾਰੇ ਸੁਪਰੀਮ ਕੋਰਟ ਨੇ ਸੁਣਵਾਈ ਕਰਨ ਵੇਲੇ ਰਾਜ ਸਰਕਾਰ ਨੂੰ ਫਟਕਾਰ ਲਾਈ ਤੇ ਪੁੱਛਿਆ ਕਿ ਪ੍ਰਦੂਸ਼ਣ ਦੇ ਬਾਵਜੂਦ ਸਕੂਲ ਕਿਉਂ ਖੋਲ੍ਹੇ ਸਨ। ਕੋਰਟ ਨੇ ਕਿਹਾ ਕਿਦਿੱਲੀ-ਐੱਨਸੀਆਰ (ਨੈਸ਼ਨਲ ਕੈਪੀਟਲ ਰੀਜਨ) ਵਿੱਚ ਵਧਦੇ ਪ੍ਰਦੂਸ਼ਣਤੋਂ ਲੱਗਦਾ ਹੈ ਕਿ ਕੁਝ ਨਹੀਂ ਕੀਤਾ ਜਾ ਰਿਹਾ। ਇਸ ਦੇ ਨਾਲ ਅਦਾਲਤ ਨੇ ਸੀਐਨ ਜੀ ਬੱਸਾਂ ਬਾਰੇ ਵੀ ਸਰਕਾਰ ਨੂੰ ਸਵਾਲ ਕੀਤੇ।

ਸੁਪਰੀਮ ਕੋਰਟ ਨੇ ਇਸ ਤੋਂ ਪਹਿਲਾਂ ਸੁਣਵਾਈ ਦੌਰਾਨ ਨਿਯਮਾਂ ਦੀ ਪਾਲਣਾ ਲਈ ਟਾਸਕ ਫੋਰਸ ਬਣਾਉਣ ਨੂੰ ਕਿਹਾ ਸੀ। ਅਦਾਲਤ ਦਿੱਲੀਦੇ ਹਵਾ ਪ੍ਰਦੂਸ਼ਣਬਾਰੇ 17 ਸਾਲਾ ਵਿਦਿਆਰਥੀ ਆਦਿਤਿਆ ਦੂਬੇ ਦੀ ਅਰਜ਼ੀਦੀ ਸੁਣਵਾਈ ਕਰ ਰਹੀ ਹੈ। ਭਾਰਤ ਦੇ ਚੀਫ਼ ਜਸਟਿਸ ਐਨਵੀ ਰਾਮੰਨਾ ਨੇ ਦਿੱਲੀ ਸਰਕਾਰ ਦੇ ਵਕੀਲ ਡਾਕਟਰ ਏ ਐਮ ਸਿੰਘਵੀ ਨੂੰ ਕਿਹਾ, 'ਅਸੀਂ ਇਸ ਨੂੰ ਹਮਲਾਵਰ ਰੂਪ ਨਾਲ ਦੇਖ ਰਹੇ ਹਾਂ, ਤੁਸੀਂ ਕਿਹਾ ਸੀ ਕਿ ਸਕੂਲ ਬੰਦ ਹਨ, ਪਰ 3 ਤੋਂ 4 ਸਾਲ ਦੇ ਬੱਚਿਆਂ ਨੂੰ ਸਕੂਲ ਭੇਜਿਆ ਜਾ ਰਿਹਾ ਹੈ।' ਚੀਫ ਜਸਟਿਸ ਨੇ ਕਿਹਾ ਕਿ ਅਖਬਾਰ ਵਿੱਚ ਬੱਚੇ ਸਕੂਲ ਜਾ ਰਹੇ ਹਨ। ਉਨ੍ਹਾਂ ਕਿਹਾ, 'ਜੇ ਤੁਸੀਂ ਹੁਕਮ ਚਾਹੁੰਦੇ ਹੋ ਤਾਂ ਅਸੀਂ ਕਿਸੇ ਨੂੰ ਨਿਯੁਕਤ ਕਰ ਦੇਂਦੇ ਹਾਂ।' ਜਸਟਿਸ ਰਾਮੰਨਾ ਨੇ ਕਿਹਾ:ਵੱਡਿਆਂ ਨੂੰ ਘਰੋਂ ਕੰਮ ਕਰਨਾ ਪੈਂਦਾ ਤੇ ਬੱਚਿਆਂ ਨੂੰ ਸਕੂਲ ਜਾਣਾ ਪੈਂਦਾ ਹੈ। ਵਰਨਣ ਯੋਗ ਹੈ ਕਿ ਦਿੱਲੀ ਸਰਕਾਰ ਨੇ 29 ਨਵੰਬਰ ਤੋਂ ਰਾਜ ਵਿੱਚਸਕੂਲ ਖੋਲ੍ਹਣ ਦਾ ਐਲਾਨ ਕੀਤਾ ਸੀ।



## ਖਰੜ-ਲੁਧਿਆਣਾ ਹਾਈਵੇਅ ਉੱਤੇ ਸੜਕ ਹਾਦਸੇ ਵਿੱਚ 4 ਮੌਤਾਂ

ਖਰੜ, 2 ਦਸੰਬਰ (ਪੋਸਟ ਬਿਊਰੋ)- ਬੀਤੇ ਦਿਨੀਂ ਖਰੜ-ਲੁਧਿਆਣਾ ਹਾਈਵੇਅ ਉੱਤੇ ਚੰਡੀਗ਼ੜ੍ਹ ਯੂਨੀਵਰਸਿਟੀ ਸਾਹਮਣੇ ਹੋਏ ਭਿਆਨਕ ਸੜਕ ਹਾਦਸੇ ਵਿੱਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ ਦੋ ਗੰਭੀਰ ਜ਼ਖ਼ਮੀ ਹੋ ਗਏ। ਹਾਦਸੇਵਿੱਚ ਖਰੜ ਵੱਲੋਂ ਆ ਰਹੀ ਤੇਜ਼ ਰਫ਼ਤਾਰ ਕਾਰ ਬੇਕਾਬੂ ਹੋਣ ਕਾਰਨ ਡਿਵਾਈਡਰ ਨਾਲ ਟਕਰਾਈ ਤੇਫੇਰ 10-12 ਪਲਟੀਆਂ ਖਾਂਦੀ ਹੋਈ ਸੜਕ ਉੱਤੇ ਬਣੇ ਪੁੱਲ ਨਾਲ ਟਕਰਾਅ ਗਈ, ਜਿਸ ਕਾਰਨ ਤਿੰਨ ਵਿਅਕਤੀਆਂ ਦੀ ਮੌਕੇ ਉੱਤੇ ਮੌਤ ਹੋ ਗਈ ਤੇ ਇੱਕ ਵਿਅਕਤੀ ਚੰਡੀਗ਼ੜ੍ਹ ਵਿਖੇ ਹਸਪਤਾਲ ਵਿੱਚ ਪਹੁੰਚਦੇ ਹੀ ਦਮ ਤੋੜ ਗਿਆ ਅਤੇ ਦੋ ਵਿਅਕਤੀ ਰਾਹੁਲ ਯਾਦਵ ਅਤੇ ਅੰਕੁਸ਼ ਗੰਭੀਰ ਜ਼ਖ਼ਮੀ ਹੋ ਗਏ, ਜੋ ਸੈਕਟਰ-16 ਜਨਰਲ ਹਸਪਤਾਲ ਚੰਡੀਗੜ੍ਹ ਦਾਖਲ ਹਨ। ਮੌਕੇ ਉੱਤੇ ਹਾਜ਼ਰ ਆਟੋ ਚਾਲਕ ਹਰਬੰਸ ਸਿੰਘ ਨੇ ਦੱਸਿਆ ਕਿ ਸੁਰਿੰਦਰ ਸਿੰਘ ਛਿੰਦਾ, ਜਮੀਲ ਖਾਨ ਉਰਫ਼ ਲਾਲੀ ਚਾਹ ਪੀ ਕੇ ਸੜਕ ਪਾਰ ਕਰਕੇ ਦੂਜੇ ਪਾਸੇ ਤੋਂ ਵਾਪਸ ਆਪਣੇ ਆਟੋ ਰਿਕਸ਼ਾ ਕੋਲ ਆ ਰਹੇ ਸੀ ਕਿ ਇੱਕ ਦਮ ਇੱਕ ਕਾਰ ਡਿਵਾਈਡਰ ਨਾਲ ਆ ਟਕਰਾਈ ਅਤੇ ਉਹ ਦੋਵੇਂ ਕਾਰ ਦੀ ਲਪੇਟ ਵਿੱਚ ਆ ਗਏ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

Founder Editor — Jagdish Singh Grewal
Managing Director — Parminder Kaur Grewal
Contributing Editors — Gyan Singh,
Office Admin — Sajandeep Singh
Graphic Designer — Angrez Singh
Photographer — Kanwaljit Singh Kanwal
Distributer — Aman Warraich
Marketing: — Sajandeep Singh

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਆਓ ਵਿਚਾਰ ਕਰੀਏ

# ਪਾਰਲੀਮੈਂਟ ਵਿੱਚ ਵਿਧਾਇਕ ਆਜ਼ਾਦੀ ਨਾਲ ਲੋਕਾਂ ਦੀ ਪ੍ਰਤੀਨਿਧਤਾ ਨਹੀਂ ਕਰਦੇ

ਸਾਡਾ ਮੁਲਕ ਪਰਜਾਤੰਤਰ ਹੈ ਅਤੇ ਇਹ ਵਾਲਾ ਪਰਜਾਤੰਤਰ ਆਇਆ ਅੱਜ ਸਤ ਦਹਾਕਿਆਂ ਤੋਂ ਉਤੇ ਦਾ ਸਮਾ ਹੋ ਗਿਆ ਹੈ। ਅਤੇ ਅਸੀਂ ਦੁਨੀਆਂ ਭਰ ਨੂੰ ਇਹਆਖ ਵੀ ਬੈਠੇ ਹਾਂ ਕਿ ਅਸੀਂ ਦੁਨੀਆਂ ਦਾ ਸਭਤੋਂ ਵਡਾ ਪਰਜਾਤੰਤਰ ਹਾਂ ਅਤੇ ਇਹ ਵੀ ਆਖ ਬੈਠੇ ਹਾਂ ਕਿ ਇਹ ਐਸਾ ਪਰਜਾਤੰਤਰ ਹੈਜਿਹੜਾ ਅਸਾਂ ਕਾਇਮ ਵੀ ਕਰ ਲਿਆ ਹੈ ਅਤੇ ਬਿੰਨਾਂ ਕਿਸੇ ਵਿਘਨਦੇ ਚਲਾਈ ਵੀ ਆ ਰਹੇ ਹਾਂ। ਇਕ ਵਾਰੀਂ ਇਸ ਮੁਲਕ ਵਿੱਚ ਐਮਰਜੈਂਸੀ ਲਗੀ ਸੀ ਅਤੇ ਉਹ ਮਾੜੇ ਦਿੰਨ ਅਸਾਂ ਅਜ ਤਕ ਭੁਲੇ ਨਹੀਂ ਹਾਂ।

ਸਾਡੀ ਖੁਸ਼ਕਿਸਮਤੀ ਇਹ ਰਹੀ ਹੈ ਕਿ ਇਸ ਮੁਲਕ ਦਾ ਰਾਜ ਅਰਥਾਤ ਪ੍ਰਸ਼ਾਸਨ ਅੰਗਰੇਜ਼ ਸਾਮਰਾਜੀਆਂ ਨੇ ਬਹੁਤ ਹੀ ਵਧੀਆਂ ਢੰਗ ਨਾਲ ਸਥਾਪਿਤ ਕਰਕੇ ਚਲਾਕੇ ਸਾਡੇ ਹਵਾਲੇ ਕਰ ਦਿਤਾ ਸੀ ਅਤੇ ਜਿਵੇਂ ਦਾ ਪ੍ਰਸ਼ਾਸਨ ਚਲਦਾ ਉਹ ਛਡ ਗਏ ਸਨ ਅਸੀਂ ਬਿੰਨਾ ਕੋਈ ਵਡੀ ਤਰਮੀਮ ਕੀਤੇਚਲਦਾ ਰਖ ਰਖਿਆ ਹੈ ਅਤੇ ਉਹੀ ਲਿਖਤੀ ਢਾਂਚਾ ਜਿਹੜਾ ਉਹ ਚਲਦਾ ਕਰਕੇ ਗਏ ਸਨ ਅਸੀਂ ਉਵੇਂ ਹੀ ਚਲਾਈ ਆ ਰਹੇ ਹਾਂ। ਕਈ ਵਾਰੀਂ ਇਹ ਸੋਚਣਾ ਵੀ ਪੈ ਜਾਂਦਾ ਹੈ ਕਿ ਅਗਰ ਇਹੀਮੁਲਕ ਮੁਗ਼ਲਾਂ ਬਾਅਦ ਸਾਡੇਹਵਾਲੇਆ ਜਾਂਦਾ ਤਾਂਕੀ ਅਸੀਂ ਇਹ ਚਲਾ ਸਕਣਾ ਸੀ ਜਾ ਸਾਡੇ ਮੁਲਕ ਦੇ ਇਹ ਰਾਜਸੀ ਲੋਕੀਂ ਇੰਨ੍ਹਾਂ ਚੋਣਾਂ ਨੂੰ ਪਾਨੀਪਤਿ ਦੀਆਂ ਲੜਾਈਆਂ ਬਣਾਕੇ ਲੜੀ ਹੀ ਜਾਂਦੇ ਅਤੇ ਮੁਲਕ ਦਾ ਸਤਿਆਨਾਸ ਕਰਕੇ ਰਖ ਦਿੰਦੇ।

ਅਸਾ ਬਹੁਤ ਹੀ ਵਧੀਆਂ ਸੰਵਿਧਾਨ ਲਿਖ ਲਿਆ ਹੈ ਅਤੇ ਅਗਰ ਸਾਡੇ ਸੰਵਿਧਾਨ ਮੁਤਾਬਿਕ ਸਾਡੀ ਪਾਰਲੀਮੈਂਟ ਬਣ ਆਵੇ, ਸੰਵਿਧਾਨ ਵਿੱਚ ਲਿਖੀ ਕਾਰਜਵਿਧੀ ਅਪਨਾਈ ਜਾਵੇ ਅਤੇ ਪਾਰਲੀਮੈਂਟ ਵਿੱਚਲੋਕਾਂ ਦੇ ਪ੍ਰਤੀਨਿਧ ਜਾਕੇ ਬੈਠਣ ਜਿਹੜੇ ਇਹ ਕਸਮ ਖਾਣ ਕਿ ਉਹ ਲੋਕਾਂ ਦੇ ਪ੍ਰਤੀਨਿਧ ਹਨ, ਕਿਸੇ ਪਾਰਟੀ ਜਾਂ ਕਿਸੇ ਵਿਅਕਤੀਵਿਸ਼ੇਸ਼ ਦੇ ਸਪੋਰਟਰ ਨਹੀਂ ਹਨ ਅਤੇਉਹ ਇਥੇ ਜਿਹੜਾ ਵੀ ਕੰਮ ਕਰਨਗੇ ਲੋਕਾਂ ਦੀ ਭਲਾਈ ਲਈ ਕਰਨਗੇ ਅਤੇ ਕਾਰਜਵਿਧੀ ਵੀ ਉਹੀ ਅਪਨਾਈ ਜਾਵੇਗੀ ਜਿਹੜੀ ਸਥਾਪਿਤ ਹੈ ਤਾਂ ਇਹ ਅਜ ਜਿਹੜੀ ਇਹ ਕਾਰਵਾਈ ਖੇਤੀ ਬਿਲਾਂ ਉਤੇ ਕਰਨੀ ਪਈ ਹੈ ਇਹ ਕਰਨ ਦੀ ਲੋੜ ਨਾ ਪੈਂਦੀ। ਬਿਲਾਂ ਦਾ ਪਾਸ ਹੋ ਜਾਣਾ, ਲੋਕਾਂ ਦੀ ਵਿਰੋਧਤਾ ਆ ਜਾਣੀ ਅਤੇਫਿਰ ਵਿਰੋਧਤਾ ਦੇ ਦਬਾਓ ਤਲੇ ਆਕੇ ਕਾਨੂੰਨ ਵਾਪਸ ਲੈਣੇ ਪੈ ਜਾਣ, ਇਹ ਨਿਕੀ ਜਿਹੀ ਘਟਨਾ ਨਹੀਂ ਹੈ ਅਤੇ ਇਹ ਬਹੁਤ ਹੀ ਵਡਾ ਦੁਖਾਂਤ ਹੈ। ਅਤੇ ਇਤਨਾ ਵਡਾ ਦੁਖਾਂਤ ਵਾਪਰ ਜਾਣਾ ਮੁਲਕ ਲਈ ਬਹੁਤ ਹੀ ਮੰਦਭਾਗ ਹੈ। ਅਸਾਂਦੇਖਿਆ ਕਿ ਇਹ ਖੇਤੀ ਬਿਲ ਕਿਵੇਂ ਸਦਨ ਵਿੱਚ ਆਏ, ਕਿਵੇਂ ਬਹਿਸ ਹੋਈ, ਕਿਵੇਂ ਪਾਸ ਕਰ ਦਿਤੇ ਗਏ, ਕਿਵੇਂ ਰਾਜਯ ਸਭਾ ਵਿੱਚਗਏ, ਕਿਵੇਂ ਰਾਸ਼ਟਰਪਤੀ ਜੀ ਪਾਸੋਂ ਪਾਸ ਕਰਵਾਏ ਗਏ ਅਤੇ ਅਧਿਸੂਚਨਟਾ ਕਰਨ ਬਾਅਦ ਕਿਵੇਂ ਮੁਲਕ ਵਿੱਚਬਾਕਾਇਦਾ ਕਿਸਾਨਾ ਦਾ ਅੰਦੋਲਨਚਲਿਆ, ਕਿਵੇਂ ਇਹ ਅੰਦੋਲਮਨ ਲਮਕਦਾ ਗਿਆ, ਕਿਵੇਂ ਲੋਕਾਂ ਦੀਆਂ ਮੌਤਾਂ ਹੋਈਆਂ, ਕਿਵੇਂ ਆਮ ਲੋਕਾਂ ਦਾ ਜੀਵਨ ਖੜੌਤ ਵਿੱਚ ਆ ਗਿਆ, ਕਿਵੇਂ ਸਾਰੇ ਲੋਕੀਂ ਹੈਰਾਨ ਪ੍ਰੇਸ਼ਾਨ ਹੋ ਗਏ, ਮਾਨਯੋਗ ਅਦਾਲਤਾਂਪਾਸ ਕੀਆਖਿਆ ਗਿਆ ਅਤੇ ਆਖਰ ਕਿੰਨ੍ਹਾਂ ਹਾਲਤਾ ਵਿਚ ਇਹ ਕਾਨੂੰਨ ਵਾਪਸ ਲੈਣੇ ਪਏ, ਇਹ ਇਸ ਮੁਲਕ ਵਿੱਚਨਿਕੀ ਜਿਹੀ ਘਟਨਾ ਨਹੀਂਹੈ। ਇਹ ਵਡਾ ਦੁਖਾਂਤ ਹੈ।



ਇਤਨਾ ਵਡਾ ਪਰਜਾਤੰਤਰ, ਇਤਨਾ ਦੇਰ ਦਾ ਤਜਰਬਾ ਅਤੇਗਲਤ ਕਾਨੂੰਨਾਂ ਦਾ ਪਾਸ ਹੋ ਜਾਣਾ ਬਹੁਤ ਹੀ ਵਡਾ ਦੁਖਾਂਤ ਸੀ ਅਤੇ ਇਸ ਲਈ ਅਜ ਵਕਤ ਆ ਗਿਆ ਹੈ ਕਿ ਅਸੀਂ ਸਾਰੇ ਸੋਚੀਏ ਕਿ ਐਸੀ ਘਟਨਾ ਮੁੜ ਕਦੀ ਵੀਨਾਂ ਵਾਪਰੇ ਅਤੇਅਸੀਂ ਕੀ ਕਰੀਏ ਜਿਸ ਨਾਲੀ ਸਾਡੀ ਪਾਰਲੀਮੈਂਟ ਦੀ ਬਣਤਰ ਸਹੀ ਹੋ ਜਾਵੇ ਅਤੇ ਇਥੇਜਿਹੜੀ ਕਾਰਜਵਿਧੀ ਅਪਨਾਈ ਜਾ ਰਹੀ ਹੈ ਉਹ ਵੀ ਅਸੀਂ ਠੀਕ ਠਾਕ ਕਰ ਲਈਏ।

ਸਾਡੀ ਪਾਰਲੀਮੈਂਟ ਵਿੱਚ ਕੋਣ ਬੈਠੇ, ਉਸਦੀ ਉਮਰ ਯੋਗਤਾ ਕੀ ਹੋਣੀ ਚਾਹੀਦੀ ਹੈ ਅਤੇ ਉਹ ਲੋਕਾਂ ਦਾ ਪ੍ਰਤੀਨਿਧ ਕਿਵੇਂ ਬਣੇ ਇਹ ਮੁਢਲੀਆਂ ਗਲਾਂ ਹੀ ਹਾਲਾਂ ਤਕ ਠੀਕ ਠਾਕ ਨਹੀਂ ਹਨ ਅਤੇ ਕੁਝ ਰਾਜਸੀ ਖਾਨਦਾਨਾ ਅਤੇ ਕੁਝ ਵਿਅਕਤੀਵਿਸ਼ੇਸ਼ਾਂ ਨੇ ਸਾਡੀ ਪਾਰਲੀਮੈਂਟ ਉਤੇ ਕਬਜ਼ਾ ਕਰ ਰਖਿਆ ਹੈ ਅਤੇ ਉਹ ਆਪਣੇ ਆਪਣੇ ਸਪੋਰਟਰ ਲੈਕੇ ਇਥੇ ਆ ਬੈਠਦੇ ਹਨ, ਜਿਸ ਪਾਸ ਸਪੋਰਟਰ ਜ਼ਿਅਦਾ ਹੁੰਦੇ ਹਨ ਉਹ ਰਾਜ ਕਰੀ ਜਾਂਦਾ ਹੈ ਅਤੇ ਜਿੰਨ੍ਹਾਂ ਪਾਸ ਸਪੋਰਟਰ ਘਟ ਰਹਿ ਜਾਂਦੇ ਹਨ ਉਹ ਵਿਰੋਧੀ ਧਿਰਾਂ ਬਣ ਬੈਠਦੀਆਂ ਹਨ ਅਤੇ ਬਾਕੀ ਦੀ ਜਿਹੜੀਕਾਰਵਾਈ ਇਥੇ ਹੁੰਦੀ ਹੈ ਅਸੀਂ ਦੇਖਦੇ ਹੀ ਆ ਰਹੇ ਹਾਂ। ਕੁਲ ਮਿਲਾਕੇ ਇਹ ਦਿਖਦਾ ਤਾਂ ਪਰਜਾਤੰਤਰ ਹੈ, ਪਰ ਅਸਲ ਵਿੱਚ ਇਹ ਇਕਪੁਰਖਾ ਜਿਹਾ ਰਾਜ ਆ ਗਿਆ ਹੈਅਤੇ ਅਸੀਂ ਅਜ ਤਕ ਹੋਏ ਕੁਝ ਪ੍ਰਧਾਨ ਮੰਤਰੀਆਂ ਦੇ ਨਾਮ ਗਿਣ ਸਕਦੇਹਾਂ ਅਤੇ ਇਹਵੀ ਦਸ ਸਕਦੇ ਹਾਂ ਉਹ ਕੀ ਕੀ ਕਰਗਏ ਹਨ ਅਤੇਅਜ ਤਕ ਕੋਈ ਵੀਇਹ ਨਹੀਂ ਦਸ ਸਕਦਾ ਕਿ ਇਹ ਬਾਕੀ ਦੇ ਵਿਧਾਇਕ ਜਿਹੜੇਚਾਹੇਸਪੋਰਬਟਰ ਸਨ ਜਾਂ ਵਿਰੋਧੀਆਂ ਨਾਲ ਬੈਠੇ ਰਹੇ ਹਨ ਇਹ ਕੀ ਕਰਦੇ ਰਹੇਹਨ।

ਇਹ ਖੇਤੀ ਬਿਲ ਅਗਰ ਲੋਕਾਂ ਦੇ ਪ੍ਰਤੀਨਿਧਾਂ ਨੇ ਬਣਾਏ ਹੁੰਦੇ, ਬਾਕ-ਾਇਤਾ ਜੰਤਕ ਵੀ ਕੀਤੇ ਗਏ ਹੁੰਦੇ, ਬਾਕਾਇਦਾ ਜੰਤਾ ਵਿੱਚ ਅਤੇ ਪ੍ਰੈਸ ਵਿੱਚ ਵਿਚਾਰੇ ਜਾਂਦੇ, ਬਾਕਾਇਦਾ ਹਰੇਕ ਵਿਧਾਇਕ ਆਪਣੇ ਆਪਨੂੰ ਲੋਕਾਂ ਦਾ ਪ੍ਰਤੀਨਿਧ ਸਮਝਕੇ ਬਿਲਾਂ ਦੇ ਹਰ ਨੁਕਤੇ ਉਤੇ ਵਿਚਾਰ ਕਰਦਾ, ਬਾਕਾਇਦਾ ਆਜ਼ਾਦੀ ਨਾਲ ਬਹਿਸ ਵਿੱਚ ਹਿਸਾ ਲੈਂਦਾ ਅਤੇ ਆਪਣੀ ਜ਼ਮੀਰ ਦੀ ਆਵਾਜ਼ ਸੁਣਕੇ ਵੋਟ ਪਾਉਂਦਾ ਤਾਂ ਹੋ ਸਕਦਾ ਸੀ ਇਹ ਬਿਲ ਪਾਸ ਹੀ ਨਹੀਂ ਸਨ ਹੋਣੇ। ਇਥੇ ਤਾਂ ਪ੍ਰਧਾਨ ਮੰਤਰੀ ਉਤੇ ਵਿਰੋਧੀਆਂ ਨੇ ਇਹ ਇਲਜ਼ਾਮ ਵੀ ਲਗਾ ਦਿਤਾ ਸੀ ਕਿ ਇਹ ਬਿਲ ਮਾੜੀ ਨੀਅਤ ਨਾਲ ਬਣਾਏਗਏ ਹਨ। ਇਹਵੀ ਆਖ ਦਿਤਾ ਗਿਆ ਸੀ ਕਿ ਇਹ ਬਿਲ ਕਾਰਪੋਰੇਟ ਅਦਾਰਿਆਂ ਨੂੰ ਖੇਤੀ ਬਾੜੀ ਸੈਕਟਰ ਵਿੱਚ ਘੁਸੇੜਨ ਲਈ ਤਿਆਰ ਕੀਤੇ ਗਏ ਹਨ ਤਾਂਕਿ ਨੇੜੇ ਦੇਭਵਿਖ ਵਿੱਚ ਇਹ ਖੇਤੀ ਬਾੜੀ ਵਾਲਾ ਸੈਕਟਰ ਵੀ ਕਿਸਾਂਨਾਂ ਹਥੋਂ ਜਾਂਦਾ ਰਵੇ ਅਤੇ ਕਾਰਪੋਰੇਟ ਅਦਾ-ਰਆ ਪਾਸ ਆ ਜਾਵੇ ਅਤੇ ਕਿਸਾਨ ਜਿਹੜੇਅਜ ਮਾਲਕੀਆਂ ਸੰਭਾਲੀਬੈਠੇ ਹਨ, ਕਲ ਸਿਰਫ ਅਤੇ ਸਿਰਫ ਨੌਕਰ ਅਰਥਾਤ ਮਜ਼ਦੂਰ ਬਣਕੇ ਰਹਿ ਜਾਂਣ। ਪਰ ਇਹ ਇਲਜ਼ਾਮ ਬਸ ਇਲਜ਼ਾਮ ਹੀ ਰਹੇ ਮਜ਼ਾਕ ਉਡਾਇਆ ਗਿਆ ਅਤੇ ਇਹ ਪਾਰਲੀਮੈਂਟ ਵਿੱਚ ਸਪੋਰਟਰਾਂ ਦੀ ਮਦਦ ਨਾਲ ਝਟ ਪਟ ਪਾਸ ਵੀ ਕਰਵਾਕੇ ਬਾਕਾਇਦਾ ਰਾਸ਼ਟਰਪਤੀ ਜੀ ਦੇ ਹਸਤਾਖਰ ਕਰਵਾਕੇ ਅਧਿਸੂਚਨਾ ਵੀ ਕਰ ਦਿਤੀ ਗਈ। ਜੰਤਾ ਨੂੰ ਅਤੇ ਖਾਸ ਕਰਕੇ ਕਿਸਾਨਾਂ ਨੂੰਤਾਂ ਪਤਾ ਲਗਾ ਜਦ ਬਿਲ ਪਾਸ ਹੋਕੇ ਕਾਨੂੰਨ ਵੀ ਬਣ ਗਏ ਸਨ। ਜੰਤਾ ਪਾਸ ਹੁਣਅੰਦੋਲਨ ਕਰਨ ਦੇ ਹੋਰ ਕੋਈ ਚਾਰਾ ਨਹੀਂ ਸੀ ਅਤੇ ਇਹ ਅੰਦੋਲਨਇਤਨੀ ਦੇਰ ਚਲਦਾ ਰਿਹਾ ਅਤੇ ਮਾੜੇ ਮਾੜੇ ਨਾਮ ਵੀ ਇਸ ਅੰਦੋਲਨ ਦੇ ਰਖਕੇ ਇਕ ਕਿਸਮ ਦਾ ਮਜ਼ਾਕ ਉਡਾਇਆ ਗਿਆ। ਮੁਲਕ ਦੇ ਰਾਜਸੀ ਲੋਕਾਂ ਨੇ ਅਤੇ ਖਾਸ ਕਰਕੇ ਵਿਰੋਧੀ ਧਿਰਾਂ ਨੇ ਕੋਈ ਵੀਤਰਮੀਮੀ ਅਤੇ ਰਪੀਲ ਬਿਲ ਬਣਾਕੇ ਸਦਨ ਵਿੱਚ ਪੇਸ਼ ਨਹੀਂ ਕੀਤੇ ਅਤੇ ਬਸ ਸਰਕਾਰ ਅਤੇ ਕਿਸਾਨਾ ਵਿੱਚ ਚਲਦੇ ਇਸ ਘੋਲ ਦਾ ਤਮਾਸ਼ਾਂ ਦੇਖਣ ਲਗ ਪਏ। ਸਰਕਾਰ ਸੁਣਦੀ ਰਹੀ, ਪਰ ਨਤੀਜਾ ਕੋਈ ਨਾ ਨਿਕਲਿਆ। ਅਸਾਂ ਇਹ ਵੀ ਦੇਖਿਆ ਕਿ ਜਿਹੜੀ ਰਾਜਸੀ ਪਾਰਟੀ ਦਾ ਰਾਜ ਹੈ ਉਹ ਸਾਰੀ ਦੀ ਸਾਰੀ ਚੁਪ ਰਹੀ। ਕਿਸੇ ਵੀ ਸਰਕਾਰੀ ਵਿਧਾਹਿਕ ਨੇ ਵੀਮੂੰਹ ਖੋਲ੍ਹਣ ਦੀ ਜੁਅਰਤ ਨਾ ਕੀਤੀ ਅਤੇ ਸਾਰਾ ਕੁਝ ਇ ਪ੍ਰਧਾਨ ਮੰਤਰੀ ਉਤੇ ਹੀ ਛਡ ਦਿਤਾ। ਅਤੇ ਫਿਰ ਅਸਾਂ ਇਹ ਦੇਖਿਆ ਕਿ ਕੋਈ ਚਾਰਾ ਨਾਂਦੇਖਦਿਆ ਅਤੇ ਪਾਰਟੀ ਦਾ ਭਵਿਖ ਖਰਾਬ ਹੁੰਦਾ ਦੇਖਕੇ ਇਹ ਕਾਨੂੰਨਸਾਡੇ ਪ੍ਰਧਾਨ ਮੰਤਰੀ ਜੀ ਨੇ ਵਾਪਸ ਲੈ ਲਏ। ਇਹ ਸਜਬੂਰੀ ਕੁਝ ਅਜ ਇਤਿਹਾਸ ਹੈ ਪਰ ਇਹ ਵਾਲੀਘਟਨਾ ਸਦਾਹੀ ਸਾਡੇ ਪਰਜਾਤੰਤਰ ਉਤੇ ਧਬਾ ਹੀ ਬਣੀ ਰਵੇਗੀ ਕਿ ਇਤਨਾ ਤਜਰਬੇਕਾਰ ਪਰਜਾਤੰਤਰ ਵਿੱਚ ਵੀ ਐਸਾ ਹੋ ਸਕਦਾ ਹੈ ਕਿ ਕੋਈਮਾੜੀ ਨੀਅਤ ਨਾਲ ਬਿਲ ਰਖਕੇਵੀ ਪਾਸ ਕਰਵਾ ਸਕਦਾ ਹੈ। ਅਤੇ ਲੋਕਾਂਦੇ ਪ੍ਰਤੀਨਿਧ ਦੇਖਦੇ ਹੀ ਰਹਿ ਸਕਦੇ ਹਨ। ਇਹ ਕੈਸਾ ਪਰਜਾਤੰਤਰ ਆ ਬਣਿਆਹੈ ਅਤੇ ਪੌਣੀ ਸਦੀ ਤੋਂ ਚਲਦਾ ਵੀ ਰਿਹਾ ਹੈ।ਅਜਤਾਂਇਹ ਗਲ ਵੀ ਸ਼ੰਕਾ ਦੇ ਘੇਰੇ ਵਿੰਚ ਆ ਗਈ ਹੈ ਕਿ ਪਤਾ ਨਹੀਂ ਅਜ ਤਕ ਸਾਡੀ ਲੋਕ ਸਭਾ ਵਿੱਚ ਐਸੀਆਂ ਹੀ ਮਾੜੀ ਨੀਅਤ ਨਾਲ ਕਿਤਨੀਆਂ ਹੀ ਕਾਰਵਾਈਆਂ ਹੋ ਚੁਕੀਆਂ ਹਨ ਅਤੇ ਕਿਸੇ ਨੇ ਨੋਟ ਹੀ ਨਹੀਂ ਕੀਤੀਆਂ ਹਨ।ਸਪੋਰਟਰ ਚੁਪ ਹੀ ਰਹਿੰਦੇ ਰਹੇ ਹਨ ਅਤੇ ਵਿਰੋਧੀ ਵੀਪਹਿਲਾਂ ਤਾਂ ਬੋਲਦੇ ਹੀ ਨਹੀਂ ਹਨ ਅਤੇ ਅਗਰ ਕੋਈ ਬੋਲ ਵੀ ਪਵੇ ਤਾਂ ਕਦੀ ਕਿਸੇ ਨੇ ਉਨ੍ਹਾਂ ਦੀ ਆਖੀ ਸੁਣੀ ਹੀ ਨਹੀਂ ਹੈ। ਅਰਥਾਤ ਇਹ ਸਾਡੇ ਵਿਧਾਇਕ ਅਜ ਤਕ ਆਪਣੀ ਆਜ਼ਾਦੀ ਦੀ ਜੰਗ ਕਦੀ ਨਹੀਂ ਲੜੇ ਅਤੇ ਗੁਲਾਮਾਂ ਦੀਤਰ੍ਹਾਂ ਹੀ ਸਦਨਾ ਵਿੱਚ ਜਾਕੇ ਬੈਠਦੇ ਰਹੇਹਨ ਅਤੇ ਕਦੀ ਇਹ ਕੋਈ ਆਪਣੀ ਆਜ਼ਾਦੀ ਦਾ ਅੰਦੋਲਨ ਵੀ ਨਹੀਂ ਛੇੜ ਸਕੇ ਹਨ।

*-ਦਲੀਪ ਸਿੰਘ ਵਾਸਨ, ਐਡਵੋਕੇਟ*
*101-ਸੀ ਵਿਕਾਸ ਕਲੋਨੀ,*
*ਪਟਿਆਲਾ*
*ਫੋਨ- 0175 5191856*

# ਸੰਕਟ ਵਿੱਚ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਵਿੱਦਿਅਕ ਅਦਾਰੇ

**ਮਾਸਟਰ ਮਿੱਠੂ ਸਿੰਘ ਕਾਹਨਕੇ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਸਿੱਖ ਪੰਥ ਦੀ ਸਿਰਮੌਰ ਧਾਰਮਿਕ ਸੰਸਥਾ ਹੈ, ਜਿਹੜੀ ਲੱਗਭਗ 101 ਵਰ੍ਹੇ ਪਹਿਲਾਂ ਵੱਡੇ ਸੰਘਰਸ਼ ਅਤੇ ਸ਼ਹਾਦਤਾਂ ਸਦਕਾ ਬਣੀ ਸੀ। ਓਦੋਂ ਹਜ਼ਾਰਾਂ ਸਿੰਘਾਂ ਨੂੰ ਗ੍ਰਿਫ਼ਤਾਰੀਆਂ ਅਤੇ 400 ਤੋਂ ਵੱਧ ਨੂੰ ਸ਼ਹਾਦਤਾਂ ਦੇਣੀਆਂ ਪਈਆਂ ਸਨ। ਪਹਿਲੀ ਨਵੰਬਰ 1925 ਨੂੰ ਬਣੇ ਪਹਿਲੇ ਬੋਰਡ ਨੇ ਗੁਰਦੁਆਰਿਆਂ ਅੰਦਰ ਸੁਚੱਜਾ ਪ੍ਰਬੰਧ ਕਰਨ, ਮਨਮੱਤੀ ਰੀਤਾਂ ਬੰਦ ਕਰਨ, ਧਰਮ ਤੇ ਵਿੱਦਿਆ ਦਾ ਪ੍ਰਚਾਰ ਕਰਨ ਤੇ ਲੰਗਰਾਂ ਦਾ ਉਚਿਤ ਪ੍ਰਬੰਧ ਕਰਨ ਦੀਆਂ ਜ਼ਿੰਮੇਵਾਰੀਆਂ ਤੈਅ ਕੀਤੀਆਂ ਸਨ। ਵਿੱਦਿਅਕ ਖੇਤਰ ਅੰਦਰ ਉਪਰਾਲੇ ਵਜੋਂ ਸ੍ਰੀ ਗੁਰੂ ਨਾਨਕ ਖਾਲਸਾ ਕਾਲਜ ਮੁੰਬਈ ਵਿਖੇ 1935 ਵਿੱਚ ਚਲਾਇਆ ਗਿਆ ਸੀ।

ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਵਿੱਚ ਪਿਛਲੇ ਲੱਗਭਗ ਤਿੰਨ ਦਹਾਕਿਆਂ ਤੋਂ ਵਿੱਦਿਆ ਦੇ ਪ੍ਰਚਾਰ ਲਈ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਸਵਰਗੀ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਹੇਠ ਉਪਰਾਲੇ ਸ਼ੁਰੂ ਹੋਏ ਸਨ। ਇਸ ਸਮੇਂ ਇਨ੍ਹਾਂ ਰਾਜਾਂ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ 33 ਕਾਲਜ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਸਿੱਖ ਯੂਨੀਵਰਸਿਟੀ ਤੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਵਾਲੇ 52 ਸਕੂਲ ਚੱਲ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਕਾਲਜਾਂ/ ਯੂਨੀਵਰਸਿਟੀਆਂ/ ਸਕੂਲਾਂ ਕੋਲ ਸ਼ਾਨਦਾਰ ਇਮਾਰਤਾਂ, ਖੇਡ ਮੈਦਾਨ, ਲੋੜੀਂਦਾ ਸਟਾਫ ਤੇ ਹੋਰ ਜ਼ਰੂਰੀ ਸਹੂਲਤਾਂ ਹਨ। ਇਨ੍ਹਾਂ ਵਿੱਦਿਅਕ ਅਦਾਰਿਆਂ ਦੇ ਪ੍ਰਬੰਧ ਦੀ ਦੇਖ-ਰੇਖ ਲਈ 2007 ਵਿੱਚ ਇੱਕ ਡਾਇਰੈਕਟੋਰੇਟ ਆਫ ਐਜੂਕੇਸ਼ਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਬਹਾਦਰਗੜ੍ਹ ਵਿਖੇ ਬਣਾਇਆ ਗਿਆ ਸੀ। ਇਨ੍ਹਾਂ ਤੋਂ ਇਲਾਵਾ ਪਿਛਲੇ ਸਮੇਂ ਆਪਣੀਆਂ ਕੀਮਤੀ ਜ਼ਮੀਨਾਂ ਉੱਤੇ ਕਰੋੜਾਂ/ ਅਰਬਾਂ ਰੁਪਏ ਦੇ ਖਰਚ ਨਾਲ ਇਮਾਰਤ ਬਣਵਾ ਕੇ ਇੰਜੀਨੀਅਰਿੰਗ ਕਾਲਜ, ਗੁਰੂ ਰਾਮਦਾਸ ਮੈਡੀਕਲ ਸਾਇੰਸ ਯੂਨੀਵਰਸਿਟੀ ਆਦਿ ਵਿੱਦਿਅਕ ਅਦਾਰੇ ਆਰੰਭੇ ਗਏ ਸਨ। ਇਨ੍ਹਾਂ ਦਾ ਪ੍ਰਬੰਧ ਵੱਖ-ਵੱਖ ਟਰੱਸਟਾਂ ਅਧੀਨ ਚੱਲਦਾ ਹੈ। ਪਿਛਲੇ 15 ਸਾਲ ਤੋਂ ਸ਼੍ਰੋਮਣੀ ਕਮੇਟੀ ਦੇ ਸਾਲਾਨਾ ਬਜਟ ਇਜਲਾਸ ਵਿੱਚ ਨਾ ਹੀ ਇਨ੍ਹਾਂ ਦਾ ਬਜਟ ਆਉਂਦਾ ਹੈ ਅਤੇ ਨਾ ਸ਼੍ਰੋਮਣੀ ਕਮੇਟੀ ਦੀ ਦੇਖ-ਰੇਖ ਹੇਠ ਇਹ ਸੰਸਥਾਵਾਂ ਚੱਲਦੀਆਂ ਹਨ। ਪੰਦਰਾਂ ਸਾਲਾਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵਿੱਦਿਅਕ ਸੰਸਥਾਵਾਂ ਦੇ ਢਾਂਚੇ ਦਾ ਲੇਖਾ ਕੀਤਾ ਜਾਵੇ ਤਾਂ ਨਤੀਜੇ ਨਿਰਾਸ਼ਾ ਜਨਕ ਹਨ। ਇਹ ਨਤੀਜੇ ਸਿੱਖ ਕੌਮ ਦੀਆਂ ਕੌਮੀ ਸੰਸਥਾਵਾ ਅੰਦਰਲੇ ਨਿਘਾਰ ਦਾ ਹਿੱਸਾ ਹਨ। ਸਿੱਖ ਕੌਮ ਨੂੰ ਆਧੁਨਿਕ ਮਿਆਰੀ ਸਿੱਖਿਆ ਤੇ ਮਿਆਰੀ ਖੋਜ ਦੀ ਵੱਡੀ ਲੋੜ ਹੈ। ਸ਼੍ਰੋਮਣੀ ਕਮੇਟੀ ਅਧੀਨ ਚੱਲਦੇ 52 ਸਕੂਲਾਂ ਵਿੱਚ ਸਾਲ 2019-20 ਵਿੱਚ ਵਿਦਿਆਰਥੀਆਂ ਦੀ ਗਿਣਤੀ 25021 ਸੀ, ਸਾਲ 2020-21 ਵਿੱਚ ਇਹ 20579 ਰਹਿ ਗਈ। ਇਹ ਇੱਕ ਫੀਸਦੀ ਸਾਲਾਨਾ ਦਰ ਨਾਲ ਘਟੀ ਹੈ। ਪੰਦਰਾਂ ਸਾਲਾਂ ਤੋਂ ਸਕੂਲਾਂ ਅੰਦਰ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘਟਦੀ ਗਈ ਹੈ। ਬਾਰਾਂ-ਪੰਦਰਾਂ ਸਾਲ ਪਹਿਲਾਂ 47 ਸਕੂਲਾਂ ਵਿੱਚ ਹਰੇਕ ਵਿੱਚ ਵਿਦਿਆਰਥੀਆਂ ਦੀ ਗਿਣਤੀ ਲੱਗਭਗ




900 ਤੋਂ 1000 ਤੱਕ ਸੀ, ਅੱਜਕੱਲ੍ਹ ਇਹ 200 ਤੋਂ 300 ਵਿਚਕਾਰ ਰਹਿ ਗਈ ਹੈ। ਸਿਰਫ ਪੰਜ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਦਾ ਅੰਕੜਾ ਇੱਕ ਹਜ਼ਾਰ/ ਪ੍ਰਤੀ ਸਕੂਲ ਨੇੜੇ ਪੁੱਜਦਾ ਹੈ। ਇਸ ਪ੍ਰਬੰਧ ਹੇਠਲੇ 33 ਕਾਲਜਾਂ ਵਿੱਚੋਂ ਕੇਵਲ ਚਾਰ ਕਾਲਜ ਆਤਮ-ਨਿਰਭਰ ਹਨ, ਜਿਨ੍ਹਾਂ ਵਿੱਚ ਸੰਤੋਸ਼ ਜਨਕ ਵਿਦਿਆਰਥੀ ਦਾਖ਼ਲਾ ਗਿਣਤੀ ਹੈ। ਬੀਤੇ ਸਾਲ 2019-20 ਵਿੱਚ 33 ਕਾਲਜਾਂ ਦੀ ਵਿਦਿਆਰਥੀ ਗਿਣਤੀ 35144 ਸੀ, ਚਾਲੂ ਸਾਲ 2020-21 ਵਿੱਚ ਘਟ ਕੇ 31392 ਰਹਿ ਗਈ ਹੈ, ਭਾਵ ਵਿਦਿਆਰਥੀ ਦਾਖ਼ਲਾ ਘਟਣ ਦੀ ਸਾਲਾਨਾ ਦਰ 11 ਤੋਂ ਵੱਧ ਹੈ। ਛੇ ਨਵੰਬਰ 2021 ਨੂੰ ਹੋਈ ਸ਼੍ਰੋਮਣੀ ਕਮੇਟੀ ਮੀਟਿੰਗ ਵਿੱਚ ਸੈਕਟਰੀ ਨੇ ਲਿਖਤੀ ਰਿਪੋਰਟ ਪੇਸ਼ ਕੀਤੀ ਕਿ ਸਕੂਲ/ ਕਾਲਜ ਭਾਰੀ ਆਰਥਿਕ ਸੰਕਟ ਦਾ ਸ਼ਿਕਾਰ ਹਨ। ਵਿਦਿਆਰਥੀਆਂ ਦੀ ਗਿਣਤੀ ਸਕੂਲਾਂ/ ਕਾਲਜਾਂ ਵਿੱਚ ਬਹੁਤ ਘਟ ਗਈ ਹੈ। ਲੰਬੇ ਸਮੇਂ ਤੋਂ ਇਨ੍ਹਾਂ ਵਿੱਦਿਅਕ ਅਦਾਰਿਆਂ ਦੇ ਸਟਾਫ ਦੀਆਂ ਤਨਖ਼ਾਹਾਂ ਬਕਾਇਆ ਹਨ। ਉਨ੍ਹਾਂ ਨੇ ਅੰਕੜਿਆਂ ਨਾਲ ਆਰਥਿਕ ਸਥਿਤੀ ਬਿਆਨੀ। ਬਜਟ 2021-22 ਅਨੁਸਾਰ ਵਿੱਦਿਅਕ ਅਦਾਰਿਆਂ ਦੀ ਕੁੱਲ ਆਮਦਨ 1,89,17,14537 ਦੱਸੀ ਤੇ ਖ਼ਰਚ 2,23,18,80,000 ਦੱਸਿਆ ਗਿਆ। ਫਿਰ ਵਿਦਿਅਕ ਬਜਟ ਸਾਲਾਨਾ ਇਜਲਾਸ ਵਿੱਚ 233 ਕਰੋੜ 18 ਲੱਖ ਦਾ ਪਾਸ ਕੀਤਾ ਗਿਆ।

ਪਿਛਲੇ ਦੋ ਸਾਲਾਂ ਅੰਦਰ ਸ਼੍ਰੋਮਣੀ ਕਮੇਟੀ ਨੇ ਵਿਦਿਅਕ ਅਦਾਰਿਆਂ ਨੂੰ 57 ਕਰੋੜ 58 ਲੱਖ ਰੁਪਏ ਮਦਦ ਦਿੱਤੀ, ਪਰ ਫਿਰ ਵੀ ਘਾਟਾ 97 ਕਰੋੜ 58 ਲੱਖ ਰੁਪਏ ਤੋਂ ਵੱਧ ਹੈ। ਸਤੰਬਰ 2020 ਤੋਂ ਵਿਦਿਅਕ ਅਦਾਰਿਆਂ ਵਿੱਚ ਤਨਖ਼ਾਹ ਦੇ ਕੱਟ ਲਾਉਣੇ ਆਰੰਭੇ ਗਏ। ਸਤੰਬਰ 2020 ਤੋਂ ਅੱਧੀ ਤਨਖ਼ਾਹ ਦੇਣੀ ਆਰੰਭ ਕੀਤੀ ਗਈ। ਇਹ ਕੱਟ 15000 ਤੋਂ ਉਪਰ ਦੀ ਤਨਖ਼ਾਹ ਵਾਲੇ ਮੁਲਾਜ਼ਮਾਂ ਨੂੰ 50 ਕੱਟ ਕੇ ਤਨਖ਼ਾਹ ਦੇਣ, ਇੱਕ ਲੱਖ ਤੋਂ ਉਪਰ ਤਨਖ਼ਾਹ ਲੈਣ ਵਾਲੇ ਮੁਲਾਜ਼ਮਾਂ ਨੂੰ ਕੇਵਲ 70,000 ਰੁਪਏ ਮਾਸਿਕ ਤਨਖ਼ਾਹ ਦੇਣ ਦਾ ਫ਼ੈਸਲਾ ਹੋਇਆ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ 47 ਸਕੂਲ ਤੇ 29 ਕਾਲਜ ਭਾਰੀ ਆਰਥਿਕ ਘਾਟੇ ਵਿੱਚ ਚੱਲਦੇ ਹਨ, ਇਨ੍ਹਾਂ ਦੀਆਂ ਕਈ ਮਹੀਨਿਆਂ ਤੋਂ ਤਨਖ਼ਾਹਾਂ ਵੀ ਬਾਕੀ ਹਨ। ਤੀਹ ਸਤੰਬਰ 2021 ਤੱਕ ਸਕੂਲਾਂ-ਕਾਲਜਾਂ ਦੀ 65 ਕੁ ਕਰੋੜ ਸੈਲਰੀ ਦੇਣ ਯੋਗ ਹੈ। ਅੱਧੀ ਤਨਖ਼ਾਹ ਕੱਟ ਲਾਉਣ ਉੱਤੇ ਵੀ 27 ਕਰੋੜ 80 ਲੱਖ ਰੁਪਏ ਦੇ ਲੱਗਭਗ ਤਨਖ਼ਾਹਾਂ ਪੈਂਡਿੰਗ ਹੋ ਹਨ। ਤਨਖ਼ਾਹ ਦੇਣ ਤੋਂ ਵਿੱਦਿਆ ਸੈਕਟਰੀ ਨੇ ਅਸਮਰੱਥਾ ਦੱਸੀ ਹੈ। ਇਕੱਤੀ ਮਾਰਚ 2022 ਤੱਕ ਤਨਖ਼ਾਹ ਨਾ ਦੇਣ ਦੀ ਬੇਵੱਸੀ ਜ਼ਾਹਰ ਕੀਤੀ ਹੈ।

ਦੂਜੇ ਪਾਸੇ ਬੜੀ ਚਲਾਕੀ ਨਾਲ ਸਰਕਾਰ ਤੋਂ ਡਿਫਾਲਟਰ ਹੋਣ ਤੋਂ ਬਚਿਆ ਜਾ ਰਿਹਾ ਹੈ। ਇੰਟਰਨਲ ਆਡੀਟਰ ਤੋਂ ਤਨਖ਼ਾਹਾਂ ਹਰ ਮਹੀਨੇ ਪਾਸ ਕਰਵਾ ਕੇ ਹਰ ਮਹੀਨੇ ਮੁਲਾਜ਼ਮਾਂ ਦਾ ਬਣਦਾ ਵੇਤਨ ਹਰ ਮਹੀਨੇ ਦੀ 10 ਤਰੀਕ ਤੋਂ ਪਹਿਲਾਂ ਜਮ੍ਹਾ ਕਰਵਾਇਆ ਜਾਂਦਾ ਹੈ। ਹਰ ਸਾਲ ਸ਼੍ਰੋਮਣੀ ਕਮੇਟੀ ਕਰੋੜਾਂ ਰੁਪਏ ਵਿੱਦਿਅਕ ਫੰਡ ਅਤੇ ਵਿੱਦਿਅਕ ਸਹਾਇਤਾ ਫੰਡ ਦੇ ਰੂਪ ਵਿੱਚ ਵਿੱਦਿਅਕ ਅਦਾਰਿਆਂ ਨੂੰ ਦੇਂਦੀ ਹੈ। ਫਿਰ ਵੀ ਇਹ ਅਦਾਰੇ ਕਰੋੜਾਂ ਰੁਪਏ ਦੇ ਘਾਟੇ ਵਿੱਚ ਕਿਉਂ ਹਨ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ 107 ਏਕੜ ਜ਼ਮੀਨ ਵਿੱਚ ਅਰਬ ਰੁਪਏ ਤੋਂ ਵੱਧ ਲਾਗਤ ਨਾਲ ਬਣਾਈ ਹੈ। ਓਥੇ ਪਿਛਲੇ ਸਾਲਾਂ ਦੌਰਾਨ ਵਿਦਿਆਰਥੀਆਂ ਦੀ ਸਾਲਾਨਾ ਦਾਖ਼ਲਾ ਗਿਣਤੀ ਤਿੰਨ ਹਜ਼ਾਰ ਵਿਦਿਆਰਥੀ ਨਹੀਂ ਹੋ ਸਕੀ। ਚਾਰ ਸੌ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਹੈ, ਜਿਸ ਦੀ ਕੁੱਲ ਸਾਲਾਨਾ ਸੈਲਰੀ 18 ਕੁ ਕਰੋੜ ਅਤੇ ਯੂਨੀਵਰਸਿਟੀ ਵੱਲੋਂ 30 ਕਰੋੜ ਰੁਪਏ ਦੇ ਚੁੱਕੇ ਕਰਜ਼ੇ ਦੀ ਸਾਲਾਨਾ ਕਿਸ਼ਤ ਛੇ ਕਰੋੜ ਰੁਪਏ ਤੋਂ ਵੱਧ ਹੈ। ਯੂਨੀਵਰਸਿਟੀ ਦੀਆਂ ਦੇਣਦਾਰੀਆਂ ਪੈਂਡਿੰਗ ਹਨ ਤੇ ਘਾਟੇ ਵਿੱਚ ਚੱਲਦੀ ਹੈ। ਮੀਰੀ-ਪੀਰੀ ਇੰਸਟੀਚਿਊਟ ਮੈਡੀਕਲ ਕਾਲਜ ਸ਼ਾਹਬਾਦ ਮਾਰਕੰਡਾ (ਹਰਿਆਣਾ) ਉਤੇ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਫੰਡਾਂ ਵਿੱਚੋਂ 16 ਸਾਲਾਂ ਤੋਂ 85-87 ਕਰੋੜ ਦੇ ਲੱਗਭਗ ਰਕਮ ਬਿਲਡਿੰਗ ਉਸਾਰਨ ਅਤੇ ਕਾਲਜ ਸ਼ੁਰੂ ਕਰਨ ਉੱਤੇ ਖ਼ਰਚੀ ਜਾ ਚੁੱਕੀ ਹੈ। ਅਫਸੋਸ! ਬਗ਼ੈਰ ਨਕਸ਼ਾ ਪ੍ਰਵਾਨਗੀ ਤੋਂ ਉਸਾਰੀ ਕੀਤੀ ਬਿਲਡਿੰਗ ਲਾਵਾਰਸ ਖੜ੍ਹੀ ਹੈ। ਉਥੇ ਕੋਈ ਮੈਡੀਕਲ ਕਾਲਜ ਦੀਆਂ ਕਲਾਸਾਂ/ ਪੜ੍ਹਾਈ ਨਹੀਂ ਹੋ ਰਹੀਆਂ। ਵਿੱਦਿਅਕ ਅਦਾਰਿਆਂ ਦੀ ਅਜਿਹੀ ਦਸ਼ਾ ਕਿਉਂ ਹੋ ਗਈ, ਕੌਣ ਇਸ ਦਾ ਜ਼ਿੰਮੇਵਾਰ ਹੈ?

ਆਧੁਨਿਕ ਟੈਕਨਾਲੋਜੀ ਨਾਲ ਚੰਗੀ ਗੁਣਵੱਤਾ ਵਾਲੀ ਸਿੱਖਿਆ, ਵਿੱਦਿਅਕ ਏਡਜ਼ ਦੀ ਜਿੱਥੇ ਘਾਟ ਹੈ ਉਥੇ ਸਕੂਲਾਂ/ ਕਾਲਜਾਂ ਅੰਦਰ ਭਰਤੀ ਕੀਤੇ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਆਨ ਮੈਰਿਟ ਨਹੀਂ, ਸਗੋਂ ਸਿਫ਼ਾਰਸ਼ੀ ਹਨ। ਮੁਲਾਜ਼ਮਾਂ ਦੀਆਂ ਡਿਗਰੀਆਂ ਨੂੰ ਕਦੇ ਚੈਕ ਨਹੀਂ ਕੀਤਾ ਗਿਆ। ਐਮ ਏ, ਐਮ ਐਸ ਸੀ, ਐਮ ਫਿਲ, ਪੀ ਐਚ ਡੀ ਡਿਗਰੀਆਂ ਕਈ ਮਲਾਜ਼ਮਾਂ ਨੇ ਦੱਖਣੀ, ਮੱਧ ਭਾਰਤ ਤੇ ਪੂਰਬੀ ਭਾਰਤ ਦੀਆਂ ਯੂਨੀਵਰਸਿਟੀਆਂ ਤੋਂ ਕੀਤੀਆਂ ਹਨ। ਉਨ੍ਹਾਂ ਨੂੰ ਪੜਤਾਲਣ ਦੀ ਲੋੜ ਹੈ, ਭਾਵ ਫ਼ਰਜ਼ੀ ਡਿਗਰੀਆਂ ਰਾਹੀਂ ਨਿਯੁਕਤੀ ਲੈਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਲੋੜ ਹੈ। ਐਜੂਕੇਸ਼ਨ ਡਾਇਰੈਕਟੋਰੇਟ ਚਿੱਟਾ ਹਾਥੀ ਸਾਬਿਤ ਹੋ ਰਿਹਾ ਹੈ। ਸਕੂਲਾਂ ਅੰਦਰ ਚੱਲਦੀ ਪੜ੍ਹਾਈ ਦੀ ਕਦੇ ਪੜਤਾਲ ਨਹੀਂ ਕੀਤੀ ਜਾਂਦੀ। ਬਹੁਤੇ ਮੁਲਾਜ਼ਮ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਅਤੇ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂਆਂ ਨਾਲ ਨੇੜਤਾ ਰੱਖਣ ਵਾਲੇ ਹਨ। ਸਕੂਲਾਂ ਅੰਦਰ ਧੜੇਬੰਦੀਆਂ ਵੀ ਬਣ ਚੁੱਕੀਆਂ ਹਨ। ਵਿੱਦਿਅਕ ਮਾਹੌਲ ਖ਼ਰਾਬ ਹੈ। ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰੇ ਦਿਨੋ-ਦਿਨ ਖੜੋਤ ਦਾ ਸ਼ਿਕਾਰ ਬਣਦੇ ਜਾ ਰਹੇ ਹਨ। ਵਿੱਦਿਅਕ ਮਾਹੌਲ ਸੁਧਾਰਨ ਲਈ ਕੋਈ ਉਪਾਅ ਨਹੀਂ।

## ਹਲਕਾ-ਫੁਲਕਾ

ਜੈ (ਵੀਰੂ ਨੂੰ), "ਮੇਰਾ ਘਰ ਲੱਭਣ ਵਿੱਚ ਕੋਈ ਦਿੱਕਤ ਤਾਂ ਨਹੀਂ ਆਈ?"
ਵੀਰੂ, "ਬਿਲਕੁਲ ਨਹੀਂ। ਮੈਂ ਇੱਕ ਹੀ ਆਦਮੀ ਤੋਂ ਪੁੱਛਿਆ ਕਿ ਇਸ ਮੁਹੱਲੇ ਵਿੱਚ ਸਭ ਤੋਂ ਵੱਡਾ ਮਨਹੂਸ ਕਿੱਥੇ ਰਹਿੰਦਾ ਹੈ ਅਤੇ ਉਹ ਮੈਨੂੰ ਤੇਰੇ ਘਰ ਤੱਕ ਛੱਡ ਗਿਆ।"

********


ਇੱਕ ਵਿਅਕਤੀ ਹੋਟਲ ਵਿੱਚ ਆਇਆ ਤੇ ਵੇਟਰ ਨੂੰ ਖਾਲੀ ਪਲੇਟ ਅਤੇ ਪਾਣੀ ਦਾ ਆਰਡਰ ਦੇ ਕੇ ਆਪਣੇ ਟਿਫਨ ਵਿੱਚੋਂ ਖਾਣਾ ਕੱਢ ਕੇ ਪਲੇਟ ਵਿੱਚ ਰੱਖ ਕੇ ਖਾਣ ਲੱਗਾ। ਉਸ ਨੂੰ ਅਜਿਹਾ ਕਰਦੇ ਦੇਖ ਕੇ ਮੈਨੇਜਰ ਉਸ ਕੋਲ ਆਇਆ ਅਤੇ ਬੋਲਿਆ, "ਓ ਮਿਸਟਰ! ਇਹ ਕੀ ਕਰ ਰਹੇ ਹੋ?"
ਉਹ ਬੋਲਿਆ, "ਤੁਸੀਂ ਕੌਣ ਹੋ?"
ਮੈਨੇਜਰ, "ਮੈਂ ਇਸ ਹੋਟਲ ਦਾ ਮੈਨੇਜਰ ਹਾਂ।"
ਉਹ ਵਿਅਕਤੀ, "ਬਹੁਤ ਖੂਬ, ਮੈਂ ਤੁਹਾਨੂੰ ਹੀ ਬੁਲਾਉਣੇ ਵਾਲਾ ਸੀ। ਜ਼ਰਾ ਟੀ ਵੀ ਚਾਲੂ ਕਰ ਦੇਣਾ।"

********

ਮਹਿਮਾਨ, "ਤੁਹਾਡੇ ਘਰ ਮੱਖੀਆਂ ਬਹੁਤ ਤੰਗ ਕਰ ਰਹੀਆਂ ਹਨ। ਉਡਾਵਾਂ ਤਾਂ ਫਿਰ ਆ ਬੈਠਦੀਆਂ ਹਨ।"
ਮੇਜ਼ਬਾਨ, "ਇਨ੍ਹਾਂ ਦੀ ਇਸ ਆਦਤ ਤੋਂ ਮੈਂ ਵੀ ਬਹੁਤ ਤੰਗ ਹਾਂ, ਜਿਸ ਗੰਦੀ ਚੀਜ਼ ਨੂੰ ਦੇਖਦੀਆਂ ਹਨ, ਉਸ ਉੱਤੇ ਬੈਠ ਜਾਂਦੀਆਂ ਹਨ।"

# ਕੋਰੋਨਾ ਦੇ ਨਵੇਂ ਵੇਰੀਐਂਟ 'ਓਮੀਕ੍ਰਾਨ' ਨੇ ਚਿੰਤਾ ਵਧਾਈ

-ਰਾਜੇਸ਼ ਮਹੇਸ਼ਵਰੀ




ਕੋਰੋਨਾ ਵਾਇਰਸ ਦੇ ਨਵੇਂ ਵੇਰੀਐਂਟ 'ਓਮੀਕ੍ਰਾਨ' ਨੇ ਦੁਨੀਆ ਦੀ ਚਿੰਤਾ ਵਧਾ ਦਿੱਤੀ ਹੈ। ਅਜਿਹਾ ਨਹੀਂ ਹੈ ਕਿ ਦੁਨੀਆ ਅਤੇ ਭਾਰਤ ਤੋਂ ਕੋਰੋਨਾ ਖ਼ਤਮ ਹੋ ਚੁੱਕਾ ਹੈ ਸਗੋਂ ਬੇਅਸਰ ਅਤੇ ਨਿਗੂਣਾ ਜਿਹਾ ਰਹਿ ਗਿਆ ਸੀ। ਭਾਰਤ ਵਿੱਚ ਇਸ ਦੇ ਰੋਜ਼ਾਨਾ 10 ਹਜ਼ਾਰ ਤੋਂ ਘੱਟ ਕੇਸ ਦਰਜ ਕੀਤੇ ਜਾ ਰਹੇ ਹਨ ਅਤੇ ਇਨਫੈਕਸ਼ਨ ਦੀ ਔਸਤ ਦਰ 1 ਫੀਸਦੀ ਤੋਂ ਵੀ ਘੱਟ ਹੈ। ਵਾਇਰਸ ਕਾਬੂ ਵਿੱਚ ਹੈ, ਅਜਿਹਾ ਵਿਸ਼ਵ ਸਿਹਤ ਸੰਗਠਨ ਦੇ ਐਲਾਨੇ ਮੁਲੰਕਣ ਹਨ। ਇਸ ਦੌਰਾਨ ਦੱਖਣੀ ਅਫਰੀਕਾ, ਹਾਂਗਕਾਂਗ, ਸਿੰਗਾਪੁਰ, ਇਜ਼ਰਾਈਲ, ਬੁੱਤਸਵਾਨਾ ਵਰਗੇ ਦੇਸ਼ਾਂ ਵਿੱਚ ਕੋਰੋਨਾ ਦੀ ਹੋਰ ਨਵੀਂ ਨਸਲ ਸਾਹਮਣੇ ਆਈ ਹੈ। ਵਾਇਰਸ ਦਾ ਇਹ ਨਵਾਂ ਵੇਰੀਐਂਟ ਇਸ ਮਹੀਨੇ ਦੱਖਣੀ ਅਫਰੀਕਾ ਵਿੱਚ ਮਿਲਿਆ ਸੀ, ਜਿਸ ਪਿੱਛੋਂ ਵਿਸ਼ਵ ਸਿਹਤ ਸੰਗਠਨ ਨੂੰ ਇਸ ਦੀ ਜਾਣਕਾਰੀ ਦਿੱਤੀ ਗਈ। ਸੰਗਠਨ ਨੇ ਫਿਰ 24 ਨਵੰਬਰ ਨੂੰ ਦੱਖਣੀ ਅਫਰੀਕਾ ਦੇ ਇਸ ਨਵੇਂ ਵੇਰੀਐਂਟ ਦੀ ਪੁਸ਼ਟੀ ਕੀਤੀ ਅਤੇ ਬਿਆਨ ਜਾਰੀ ਕੀਤਾ ਸੀ।

ਵਿਸ਼ਵ ਸਿਹਤ ਸੰਗਠਨ ਨੇ ਪਿਛਲੇ ਹਫ਼ਤੇ ਕੋਰੋਨਾ ਵਾਇਰਸ ਦੇ ਇਸ ਨਵੇਂ ਵੇਰੀਐਂਟ ਨੂੰ 'ਚਿੰਤਾ ਦਾ ਵਿਸ਼ਾ' ਦੱਸ ਕੇ ਇਸ ਦਾ ਨਾਂ ਓਮੀਕ੍ਰਾਨ ਰੱਖਿਆ। ਇਹ ਡੈਲਟਾ ਕਿਸਮ ਦੇ ਮੁਕਾਬਲੇ ਸੱਤ ਗੁਣਾ ਤੇਜ਼ੀ ਨਾਲ ਫੈਲਦਾ ਹੈ ਤੇ ਉਸਦੇ 45 ਵੱਖ-ਵੱਖ ਰੂਪ ਸਾਹਮਣੇ ਆ ਚੁੱਕੇ ਹਨ। ਸੁਭਾਵਿਕ ਹੀ ਇਹ ਖਤਰਨਾਕ ਅਤੇ ਚਿੰਤਤ ਕਰਨ ਵਾਲੀ ਸਥਿਤੀ ਹੈ। ਵਾਇਰਸ ਦੇ ਸਾਡੇ ਸਰੀਰ ਦੇ ਸੈੱਲਾਂ ਨਾਲ ਸੰਪਰਕ ਬਣਾਉਣ ਵਾਲੇ ਹਿੱਸੇ ਬਾਰੇ ਇਸ ਵਿੱਚ 10 ਮਿਊਟੇਸ਼ਨ ਹੋਏ ਹਨ, ਜਦ ਕਿ ਦੁਨੀਆ ਭਰ ਵਿੱਚ ਤਬਾਹੀ ਮਚਾਉਣ ਵਾਲੇ ਡੈਲਟਾ ਵੇਰੀਐਂਟ ਵਿੱਚ ਦੋ ਮਿਊਟੇਸ਼ਨ ਸਨ। ਭਾਰਤ ਬੀਤੇ ਬੀਤੇ ਲੱਗਭਗ 550 ਦਿਨਾਂ ਦੇ ਦੌਰਾਨ ਇਨਫੈਕਸ਼ਨ ਦੇ ਅੰਕੜੇ ਬੇਸ਼ੱਕ ਘੱਟ ਰਹੇ ਸਨ, ਪਰ ਇਹ ਵਾਇਰਸ, ਜਿਸ ਦੇ ਲਈ ਭੂਗੋਲਿਕ ਸਰਹੱਦਾਂ ਦਾ ਬੰਧਨ ਨਹੀਂ, ਕਦੀ ਵੀ ਭਾਰਤ ਵਿੱਚ ਆ ਸਕਦਾ ਹੈ।

ਕੋਰੋਨਾ ਦੇ ਨਵੇਂ ਵੇਰੀਐਂਟ ਦੀ ਆਹਟ ਉੱਤੇ ਪ੍ਰਧਾਨ ਮੰਤਰੀ ਮੋਦੀ ਨੇ ਸਾਰੇ ਸੀਨੀਅਰ ਅਤੇ ਸਬੰਧਤ ਅਧਿਕਾਰੀਆਂ ਨਾਲ ਸਲਾਹ ਕੀਤੀ ਅਤੇ ਨਿਗਰਾਨੀ, ਜਾਂਚ, ਪ੍ਰਬੰਧ ਤੇ ਟੀਕਾਕਰਨ ਦੀ ਰਫ਼ਤਾਰ ਨੂੰ ਵਧਾਉਣ ਦੇ ਹੁਕਮ ਦਿੱਤੇ। ਵਾਇਰਸ ਦੀ ਗੰਭੀਰਤਾ ਸਮਝੀ ਜਾ ਸਕਦੀ ਹੈ। ਮਹਾਰਾਸ਼ਟਰ, ਗੁਜਰਾਤ ਨੇ ਕੁਝ ਵਾਧੂ ਪਾਬੰਦੀਆਂ ਅਤੇ ਇਕਾਂਤਵਾਸ ਵਰਗੀਆਂ ਚੌਕਸੀਆਂ ਐਲਾਨੀਆਂ ਹਨ। ਅਮਰੀਕਾ ਦੇ ਨਿਊਯਾਰਕ ਵਿੱਚ ਐਮਰਜੈਂਸੀ ਦਾ ਐਲਾਨ ਕੀਤਾ ਗਿਆ ਹੈ। ਕਰੀਬ 20 ਦੇਸ਼ਾਂ ਨੇ ਅਫਰੀਕੀ ਦੇਸ਼ਾਂ ਤੋਂ ਆਉਣ ਵਾਲੀਆਂ ਉਡਾਣਾਂ ਉੱਤੇ ਰੋਕ ਲਾ ਦਿੱਤੀ ਹੈ। ਕੁਝ ਦੇਸ਼ਾਂ ਨੇ ਯਾਤਰਾ-ਪਾਬੰਦੀਆਂ ਵੀ ਲਾਗੂ ਕਰ ਦਿੱਤੀਆਂ ਹਨ। ਸਿਹਤ ਮਾਹਿਰਾਂ ਦੇ ਅਨੁਸਾਰ ਅਜੇ ਓਮੀਕ੍ਰਾਨ ਬਾਰੇ ਜੋ ਸੂਚਨਾਵਾਂ ਮਿਲੀਆਂ ਹਨ, ਉਨ੍ਹਾਂ ਵਿੱਚੋਂ ਕਈ ਤਰਾਂ ਦੀਆਂ ਸੰਭਾਵਨਾਵਾਂ ਦਾ ਸੰਕੇਤ ਮਿਲਦਾ ਹੈ ਪਰ ਕਿਸੇ ਠੋਸ ਨਤੀਜੇ ਉੱਤੇ ਪਹੁੰਚਣ ਲਈ ਉਨ੍ਹਾਂ ਦੀ ਵਿਗਿਆਨਕ ਪਰਖ ਦੀ ਲੋੜ ਹੈ। ਦੱਸਿਆ ਜਾ ਰਿਹਾ ਹੈ ਕਿ ਓਮੀਕ੍ਰਾਨ ਦੇ 30 ਤੋਂ ਵੱਧ ਮਿਊਟੇਸ਼ਨ ਹੋ ਚੁੱਕੇ ਹਨ। ਇਹ ਮਿਊਟੇਸ਼ਨ ਜਾਂ ਤਬਦੀਲੀ ਵਾਇਰਸ ਦੇ ਸਪਾਇਕ ਪ੍ਰੋਟੀਨ ਖੇਤਰ ਵਿੱਚ ਹੁੰਦੇ ਹਨ। ਮਾਹਿਰਾਂ ਦੇ ਅਨੁਸਾਰ ਵਾਇਰਸ ਦੇ ਸਪਾਇਕ ਪ੍ਰੋਟੀਨ ਵਾਲੇ ਖੇਤਰ ਵਿੱਚ ਮਿਊਟੇਸ਼ਨ ਹੋਣ ਨਾਲ ਉਹ ਵੇਰੀਐਂਟ ਵਰਗੀ ਸਮਰੱਥਾ ਵਿਕਸਿਤ ਕਰ ਸਕਦਾ ਹੈ, ਜਿਸ ਨਾਲ ਉਹ ਇਮਿਊਨਿਟੀ ਤੋਂ ਬਚ ਸਕਦਾ ਹੈ ਭਾਵ ਹੋ ਸਕਦਾ ਹੈ ਕਿ ਟੀਕੇ ਜਾਂ ਦੂਸਰੇ ਕਾਰਨਾਂ ਕਰ ਕੇ ਪੈਦਾ ਹੋਈ ਸਰੀਰ ਵਿੱਚ ਰੋਗਾਂ ਨਾਲ ਲੜਨ ਦੀ ਸਮਰੱਥਾ ਦਾ ਉਸ ਵਾਇਰਸ ਉੱਤੇ ਅਸਰ ਨਾ ਹੋਵੇ। ਦਿੱਲੀ ਦੇ ਏਮਜ਼ ਦੇ ਮੁਖੀ ਨੇ ਕਿਹਾ ਹੈ ਕਿ ਅਜਿਹੇ ਵਿੱਚ ਦੁਨੀਆ ਦੀਆਂ ਸਾਰੀਆਂ ਕੋਵਿਡ ਵੈਕਸੀਨਾਂ ਦੀ ਘੋਖ ਕਰਨੀ ਪਵੇਗੀ ਕਿਉਂਕਿ ਵਧੇਰੇ ਵੈਕਸੀਨਾਂ ਸਪਾਇਕ ਪ੍ਰੋਟੀਨ ਨਾਲ ਜੂਝਣ ਵਾਲੇ ਐਂਟੀਬਾਡੀ ਵਿਕਸਿਤ ਕਰਦੀਆਂ ਹਨ ਅਤੇ ਇਸੇ ਆਧਾਰ ਉੱਤੇ ਉਹ ਵੈਕਸੀਨ ਕੰਮ ਕਰਦੀ ਹੈ।

ਭਾਰਤ ਵਿੱਚ ਟੀਕਿਆਂ ਦੀਆਂ 121 ਕਰੋੜ ਤੋਂ ਵੱਧ ਖੁਰਾਕਾਂ ਦਿੱਤੀਆਂ ਜਾ ਚੁੱਕੀਆਂ ਹਨ। ਕਰੀਬ 35 ਕਰੋੜ ਲੋਕਾਂ ਨੂੰ ਟੀਕੇ ਦੀਆਂ ਦੋਵੇਂ ਖੁਰਾਕਾਂ ਮਿਲ ਚੁੱਕੀਆਂ ਹਨ, ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਅਜੇ 54 ਫੀਸਦੀ ਅਡਲਟ ਲੋਕਾਂ ਨੂੰ ਟੀਕਾ ਲਾਇਆ ਜਾਣਾ ਹੈ। ਬਾਲ-ਟੀਕਾਕਰਨ ਦੀ ਸ਼ੁਰੂਆਤ ਨਹੀਂ ਹੋ ਸਕੀ, ਜਦਕਿ ਅਕਤੂਬਰ ਮਹੀਨੇ ਦਾ ਭਰੋਸਾ ਦਿੱਤਾ ਗਿਆ ਸੀ। ਜਦੋਂ ਦੇਸ਼ ਵਿੱਚ ਟੀਕਾਕਰਨ ਦੀ ਰਫ਼ਤਾਰ ਮੱਠੀ ਹੋ ਗਈ ਤਾਂ ਬੂਸਟਰ ਡੋਜ਼ ਵੀ ਸੁਪਨਾ ਹੈ। ਉਸ ਉੱਤੇ ਨੀਤੀ ਵਜੋਂ ਫੈਸਲਾ ਲੈਣਾ ਬਾਕੀ ਹੈ। ਵਿਸ਼ਵ ਸਿਹਤ ਸੰਗਠਨ ਦੀ ਪ੍ਰਮੁੱਖ ਵਿਗਿਆਨੀ ਸੌਮਿਆ ਸਵਾਮੀਨਾਥਨ ਦਾ ਮੰਨਣਾ ਹੈ ਕਿ ਕੋਈ ਵੇਰੀਐਂਟ ਕੋਵਿਡ ਵੈਕਸੀਨ ਨੂੰ ਪੂਰੀ ਤਰ੍ਹਾਂ ਬੇਕਾਰ ਨਹੀਂ ਕਰ ਸਕਦਾ। ਐਸਟ੍ਰਾਜੈਨਿਕਾ, ਮਾਡਰਨਾ, ਨੋਵਾਵੈਕਸ ਅਤੇ ਫਾਈਜ਼ਰ ਸਮੇਤ ਸਾਰੀਆਂ ਦਵਾਈਆਂ ਦੀਆਂ ਕੰਪਨੀਆਂ ਨੇ ਕਿਹਾ ਹੈ ਕਿ ਓਮੀਕ੍ਰਾਨ ਦੇ ਆਉਣ ਨਾਲ ਉਹ ਆਪਣੇ ਟੀਕੇ ਨੂੰ ਉਸ ਦਾ ਮੁਕਾਬਲਾ ਕਰਨ ਲਈ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ।

ਦੁਨੀਆ ਵਿੱਚ ਤੇਜ਼ੀ ਨਾਲ ਫੈਲ ਰਹੇ ਓਮੀਕ੍ਰਾਨ ਨੂੰ ਭਾਰਤ ਵਿੱਚ ਆਉਣ ਤੋਂ ਰੋਕਣ ਲਈ ਭਾਰਤ ਦੀ ਸਰਕਾਰ ਨੇ ਵਿਦੇਸ਼ ਤੋਂ ਆਉਂਦੇ ਯਾਤਰੀਆਂ ਲਈ ਨਿਰਦੇਸ਼ ਜਾਰੀ ਕੀਤੇ ਹਨ, ਜੋ ਹਵਾ, ਪਾਣੀ ਅਤੇ ਜ਼ਮੀਨ ਹਰ ਸਰਹੱਦ ਤੋਂ ਦੇਸ਼ ਵਿੱਚ ਆਏ ਲੋਕਾਂ ਉੱਤੇ ਲਾਗੂ ਹੋਣਗੇ। ਇਨ੍ਹਾ ਮੁਤਾਬਕ ਸਾਰੇ ਦੇਸ਼ਾਂ ਦੇ ਲੋਕਾਂ ਨੂੰ ਭਾਰਤ ਆਉਣ ਤੋਂ ਪਹਿਲਾਂ ਆਨਲਾਈਨ ਏਅਰ ਸੁਵਿਧਾ ਪੋਰਟਲ ਉੱਤੇ ਆਪਣੀ ਪਿਛਲੀ 14 ਦਿਨ ਦੀ ਯਾਤਰਾ ਦੀ ਵਿਸਥਾਰਤ ਜਾਣਕਾਰੀ ਦੇਣੀ ਹੋਵੇਗੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ੜ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
CANADIAN
GLASS AND WINDOW
Email: tochisangha1@hotmail.com

# ਖੇਤੀ ਕਾਨੂੰਨਾਂ ਨੇ ਸਾਡਾ ਪਰਜਾਤੰਤਰ ਨੰਗਾ ਕਰਕੇ ਰਖ ਦਿੱਤਾ



ਅਸੀਂ ਭਾਰਤ ਵਾਲੇ ਬੜੇ ਮਾਣ ਨਾਲ ਇਹ ਆਖੀ ਜਾਂਦੇ ਹਾਂ ਕਿ ਅਸੀਂ ਦੁਨੀਆਂ ਦਾ ਸਭਤੋਂ ਵਡਾ ਪਰਜਾਤੰਤਰ ਹਾਂ। ਅਸੀਂ ਇਹ ਵੀ ਆਖੀ ਜਾਂਦੇ ਹਾਂ ਕਿ ਸਾਡੇ ਪਾਸ ਦੁਨੀਆਂ ਦਾ ਸਭਤੋਂ ਵਡਾ ਲਿਖਤੀ ਸੰਵਿਧਾਨ ਵੀ ਹੈ ਅਤੇ ਅਸਾਂ ਇਹ ਵੀ ਐਲਾਨ ਕਰ ਰਖਿਆ ਹੈ ਕਿ ਅਸਾਂ ਪਿਛਲੇ ਸਤ ਦਹਾਕਿਆਂ ਤੋਂ ਵੀ ਜ਼ਿਆਦਾ ਸਮੇਂ ਤੋਂ ਇਹ ਵਾਲਾ ਸੰਵਿਧਾਨ ਚਲਾਈ ਆ ਰਹੇ ਹਾਂ। ਪਰ ਇਹ ਜਿਹੜੇ ਤਿੰਨ ਖੇਤੀ ਕਾਨੂੰਨ ਬਣਕੇ ਸਾਡੇ ਸਾਹਮਣੇ ਆਏ, ਕਿਸਾਨਾਂ ਨੇ ਇਹ ਆਖ ਦਿੱਤਾ ਕਿ ਇਹ ਕਾਨੂੰਨ ਕਿਸੇ ਖਾਸ ਧਿਰ ਨੂੰ ਫਾਇਦਾ ਪੁਚਾਉਣ ਲਈ ਬਣਾਏ ਗਏ ਹਨ ਅਤੇ ਮੁਲਕ ਦੀ ਕਿਰਸਾਨੀ ਅਤੇ ਮਾਲਕੀਆ ਖ਼ਤਮ ਕਰਕੇ ਕਾਰਪੋਰੇਟ ਅਦਾਰੇ ਹਵਾਲੇ ਕਰਨ ਦੀ ਨੀਅਤ ਨਾਲ ਬਣਾਏ ਗਏ ਹਨ। ਅਤੇ ਜਦ ਕਿਸੇ ਨੇ ਨਾਂ ਸੁਣੀ ਤਾਂ ਕਿਸਾਨਾਂ ਨੂੰ ਮਜਬੂਰਨ ਅੰਦੋਲਨ ਕਰਨਾ ਪਿਆ ਜਿਹੜੇ ਬਹੁਤ ਹੀ ਲਮਕ ਗਿਆ ਅਤੇ ਇਹ ਵੀ ਸਚਾਈ ਹੈ ਕਿ ਕਿਸੇ ਨੇ ਵੀ ਕਿਸਾਨਾ ਦੀ ਨਾ ਸੁਣੀ ਅਤੇ ਅਸਾਂ ਇਹ ਵੀ ਦੇਖਿਆ ਕਿ ਇਸ ਮੁਲਕ ਵਿੱਚ ਇਹ ਜਿਹੜੇ ਵੀ ਰਾਜਸੀ ਲੋਕੀਂ ਹਨ ਇਹ ਵੀ ਬਸ ਤਮਾਸ਼ਾ ਹੀ ਦੇਖਦੇ ਰਹੇ ਅਤੇ ਕਿਸੇ ਨੇ ਵੀ ਕਿਸਾਨਾ ਦਾ ਸਾਥ ਨਾ ਦਿੱਤਾ। ਅਸਾਂ ਇਹ ਵੀ ਦੇਖਿਆ ਕਿ ਹਾਕਮ ਪਾਰਟੀ ਦੇ ਬਾਕੀ ਦੇ ਮੈਂਬਰਾਂ ਨੇ ਵੀ ਚੁਪ ਸਾਧੀ ਰਖੀ ਅਤੇ ਕੋਈ ਵੀ ਨਾ ਬੋਲਿਆ ਕਿ ਚਲੋ ਅਗਰ ਇਹ ਵਾਲੇ ਕਾਨੂੰਨ ਕਿਸਾਨਾ ਨੂੰ ਪਸੰਦ ਨਹੀਂ ਹਨ ਤਾਂ ਵਾਪਸ ਲੈ ਲਿਤੇ ਜਾਣ। ਅਸਾਂ ਇਹ ਵੀ ਦੇਖਿਆ ਕਿ ਸਦਨ ਵਿੱਚ ਬੈਠੇ ਅਖੌਤੀ ਪ੍ਰਤੀਨਿਧਾਂ ਵਿਚੋਂ ਵੀ ਕੋਈਮਾਈ ਕਾ ਲਾਲ ਉਠਕੇ ਇਹ ਨਾ ਆਖ ਸਕਿਆ ਕਿ ਇਹ ਬਿਲ ਪਾਸ ਨਹੀਂ ਸਨ ਹੋਣੇ ਜੇਕਰ ਸਾਰਿਆਂ ਨੂੰ ਆਜ਼ਾਦੀ ਨਾਲ ਬੋਲਣ ਅਤੇ ਆਪਣੇ ਵਿਚਾਰ ਰਖਣ ਦੀ ਆਗਿਆ ਦਿਤੀ ਜਾਂਦੀ। ਵਿਰੋਧੀ ਧਿਰਾਂ ਬੋਲੀਆਂ ਸਨ ਅਤੇ ਇਹ ਵਾਲਾ ਨੁਕਤਾ ਵੀ ਵਿਰੋਧੀਆਂ ਨੇ ਹੀ ਉਠਾਇਆ ਸੀ ਕਿ ਇਹ ਬਿਲ ਮਾੜੀ ਨੀਅਤ ਨਾਲ ਬਣਾਏ ਜਾ ਰੇ ਹਨ ਅਤੇ ਕੁਝ ਹੀ ਅਰਸੇ ਵਿੱਚ ਇਹ ਖੇਤੀ ਬਾੜੀ ਵਾਲਾ ਸੈਕਟਰ ਕਾਰਪੋਰੇਟ ਅਦਾਰਿਆਂ ਪਾਸ ਚਲਾ ਜਾਵੇਗਾ। ਪਰ ਅਸਾਂ ਦੇਖਿਆ ਕਿ ਇਸ ਮੁਲਕ ਵਿੱਚ ਇਹ ਜਿਹੜਾ ਵੀ ਪਰਜਾਤੰਤਰ ਆ ਬਣਿਆ ਹੈ ਇਸ ਵਿੱਚ ਵਿਰੋਧੀਆਂ ਦੀ ਕਦੀ ਗਲ ਸੁਣੀ ਹੀ ਨਹੀਂ ਜਾਂਦੀ ਸਗੋਂ ਜਦ ਵਿਰੋਧੀ ਧਿਰਾਂ ਬੋਲਦੀਆ ਹਨ ਤਾਂ ਇਹ ਬਹੁਮਤ ਵਾਲੇ ਵਿਰੋਧੀਆਂ: ਦਾ ਮਜ਼ਾਕ ਜਿਹਾ ਉਡਾ ਛਡਦੇ ਹਨ। ਅਸਾਂ ਇਹ ਵੀ ਦੇਖਿਆ ਕਿ ਇਸ ਅੰਦੋਲਨ ਨੂੰ ਕਦੀ ਇਹ ਆਖ ਦਿਤਾ ਗਿਆ ਕਿ ਇਹ ਖਾਲਿਸਤਾਨੀ ਹਨ ਅਤੇ ਕਦੀ ਇਹ ਵੀ ਆਖ ਦਿਤਾ ਕਿ ਇਹ ਕਿਸਾਨ ਹਨ ਹੀ ਨੀਂ। ਇਹ ਵੀ ਆਖ ਦਿਤਾ ਗਿਆ ਸੀ ਕਿ ਇਹ ਤਾਂ ਅਤਵਾਦੀਹਨ। ਪਰ ਕਿਸਾਨਾਂ ਨੇ ਆਪਣਾ ਅੰਦੋਲਨ ਚਲਾਈ ਰਖਿਆ। ਕਿਤੀਆਂ ਹੀ ਜਾਂਨਾਂ ਗਈਆਂ, ਕਿਤਨਿਆ ਉਤੇ ਮੁਕਦਮੇ ਵੀ ਬਣਾ ਦਿਤੇ ਗਏ ਅਤੇ ਕਿਸਾਨਾਂ ਦਾ ਸਮਾਂ, ਪੈਸਾ, ਖੇਤੀ ਦਾ ਕੰਮ ਵੀ ਰੁਕਿਆ ਰਿਹਾ, ਪਰ ਅੰਦਦੋਲਨ ਚਲਦਾ ਰਿਹਾ ਅਤੇ ਸੰਘਰਸ਼ ਦਾ ਰੂਪ ਵੀ ਧਾਰ ਗਿਆ।

ਆਓ ਵਿਚਾਰ ਕਰੀਏ

ਇਹ ਵਾਲਾ ਅੰਦੋਲਨ ਸਾਡੇ ਆਜ਼ਾਦ ਅਤੇ ਸਾਡੇ ਪਰਜਾਤੰਤ੍ਰਵਿੱਚ ਪਹਿਲੀ ਵਾਰੀਂ ਆਇਆ ਸੀ ਅਤੇ ਲੋਕੀਂ ਵੀ ਹੈਰਾਨ ਪ੍ਰੇਸ਼ਾਨ ਸਨ ਕਿ ਕੌਣ ਠੀਕ ਹੈ ਅਤੇ ਕੌਣ ਗਲਤ ਹੈ। ਅਖਬਾਰਾਂ ਵਿੱਚ ਰਾਜਸੀ ਲੋਕਾਂ ਦੀਆਂ ਗਲਾਂ ਵੀ ਅਸਾਂ ਸੁਣੀਆਂ, ਪਰ ਇਉਂ ਪਿਆ ਲਗਦਾ ਸੀ ਜਿਵੇਂ ਇਹ ਰਾਜਸੀ ਲੋਕੀਂ ਆਪਣੀਆਂ ਰਜਾਜਸੀ ਰੋਟੀਆਂ ਹੀ ਸੇਕ ਰਹੇ ਹੋਣ। ਜਿਥੋਂ ਤਕ ਭਾਜਪਾ ਵਾਲਿਆ ਦਾ ਸਵਾਲ ਹੈ ਉਹ ਚੁਪ ਹੀ ਸਾਧੀ ਰਹੇ ਅਤੇ ਕੋਈ ਵੀ ਨਾਂ ਤਾਂ ਇਹ ਆਖ ਸਕਿਆ ਕਿ ਕਿਸਾਨਾਂ ਦੀ ਸੁਣਲਈ ਜਾਵੇ ਅਤੇ ਕਾਨੂੰਨ ਵਾਪਸ ਲੈ ਲਿਤੇ ਜਾਣ। ਇਹ ਵੀ ਹੈਰਾਨੀ ਦੀ ਗਲ ਹੈ ਕਿ ਭਾਜਪਾ ਵਾਲੇ ਵੀ ਇਹ ਨਾਂ ਆਖ ਸਕੇ ਕਿ ਕਿ ਸਰਕਾਰ ਦੀ ਨੀਅਤ ਉਤੇ ਜਿਹੜਾ ਸ਼ੰਕਾ ਕੀਤਾ ਜਾ ਰਿਹਾ ਹੈ ਇਹ ਗਲਤ ਹੈ।

ਅੰਦਰਖਾਤੇ ਲੋਕਾਂ ਨੇ ਇਹ ਸੋਚਣਾ ਸ਼ੁਰੂ ਕਰ ਦਿੱਤਾ ਸੀ ਕਿ ਇਹ ਕਾਨੂੰਨ ਗਲਤ ਹਨ। ਪਰ ਸਾਡੇ ਦੇਸ਼ ਵਿੱਚ ਇਹ ਜਿਹੜਾ ਵੀ ਪਰਜਾਤੰਤਰ ਆ ਗਿਆ ਹੈ ਇਸ ਵਿੱਚ ਲੋਕਾਂ ਦੀ ਰਾਏ ਲਿਤੀ ਹੀ ਨਹੀਂ ਜਾਂਦੀ ਹੈ ਅਤੇ ਅਗਰ ਅੰਦਰਖਾਤੇ ਕੋਈ ਰਾਏ ਬਣ ਵੀ ਆਵੇ ਤਾਂ ਸੁਨਾਉਣ ਦਾ ਕੋਈ ਢੰਗ ਤਰੀਕਾਵੀ ਜੰਤਾ ਪਾਸ ਨਹੀਂ ਹੈ। ਅਚਾਨਕ ਕੋਈ ਜ਼ਿਮਨੀ ਚੋਣਾਂ ਆਈਆਂ ਅਤੇ ਸਤੇ ਦੀਆਂ ਸਤੇ ਸੀਟਾਂ ਉਤੇ ਭਾਜਪਾ ਹਾਰ ਗਈ ਤਾਂ ਜਾਂਕੇ ਭਾਜਪਾ ਵਾਲਿਆਂ ਨੇ ਜ਼ੋਰ ਪਾਕੇ ਇਹ ਵਾਲੇ ਤਿੰਨ ਕਾਨੂੰਨ ਵਾਪਸ ਕਰਨ ਲਈ ਪ੍ਰਧਾਨਮੰਤਰੀ ਉਤੇ ਜ਼ੋਰ ਪਾਇਆ ਅਤੇ ਪ੍ਰਧਾਨ ਮੰਤਰੀ ਨੇ ਐਲਾਨ ਕਰ ਦਿਤਾ ਕਿ ਕਾਨੂੰਨ ਵਾਪਸ ਕਰ ਲਿਤੇ ਹਨ ਅਤੇ ਇਹ ਵਾਲਾ ਨੁਕਤਾ ਰਸਮੀ ਤੋਰ ਤੇ ਸਾਡੀਆਂ ਦੋਹਾਂ ਸਦਨਾ ਨੇ ਪਾਸ ਵਰ ਕਰ ਦਿਤਾ ਹੈ।


ਕੌਣ ਜਿਤ ਗਿਆ ਕੌਣ ਹਾਰ ਗਿਆ, ਇਹਗਲਾਂ ਵਿਚਾਰਨ ਉਤੇ ਸਿਰਫ ਇਹ ਗਲ ਹੀ ਸਾਡੇ ਪਲੇ ਪੈਂਦੀ ਹੈ ਕਿ ਇਹ ਵਾਲੇ ਬਿਲ ਵਾਜਬ ਢੰਗ ਨਾਲ ਸਦਨ ਵਿੱਚ ਆਏ ਹੀ ਨਹੀਂ, ਵਾਜਬ ਜਿਹੀ ਬਹਿਸ ਹੀ ਨਹੀਂ ਕੀਤੀ ਗਈ ਅਤੇ ਬਹੁਮਤ ਵਾਲਿਆਂ ਨੇ ਅਖਾਂ ਮੀਟਕੇ ਵੋਟਾ ਪਾਕੇ ਬਿਲ ਪਾਸ ਕਰ ਦਿਤੇ ਸਨ। ਅਰਥਾਤ ਜੈਸਾ ਵੀ ਪ੍ਰਧਾਨ ਮੰਤਰੀ ਨੇ ਚਾਹਿਆ ਸੀ ਵੈਸਾ ਹੀ ਹੋ ਗਿਆ ਸੀ ਅਤੇ ਇਕ ਤਰ੍ਹਾਂ ਨਾਲ ਇਹ ਸਾਬਤ ਵੀ ਹੋ ਗਿਆ ਸੀ ਕਿ ਸਾਡੇ ਮੁਲਕ ਵਿੱਚ ਕੋਈ.ਤ ਪਰਜਾਤੰਤਰ ਨਹੀਂ ਹੈ। ਇਕ ਆਦਮੀ ਦਾ ਰਾਜ ਹੈ ਅਤੇ। ਉਹ ਬਹੁਮਤ ਦੀ ਸਹਾਇਤਾ ਨਾਲ ਜੋ ਵੀ ਚਾਹੇ ਕਰੀ ਜਾਂਦਾ ਹੈ। ਇਹ ਵੀ ਸਾਬਸਤ ਹੋ ਗਿਆ ਸੀਕਿ ਇਤਨੀ ਵਡੀ ਗਿਣਤੀ ਵਾਲੀ ਇਹ ਪਾਰਲੀਮੈਂਟ ਵੀ ਬਸ ਰਸਮੀ ਜਿਹੀ ਹੀ ਹੈ ਅਤੇ ਇਹ ਬਿਲ ਕਿਵੇਂ ਪਾਸ ਕੀਤੇ ਗਏ ਅਤੇ ਕਿਵੇਂ ਰਦ ਕਰ ਦਿਤੇ ਗਏ ਅਤੇ ਇਤਨੀ ਵਡੀ ਸਦਨ ਵਿੱਚ ਇਹ ਰਸਮੀ ਜਿਹੀਆਂਕਾਰਵਾਈਆਂ ਕਿਵੇਂ ਕੀਤੀਆਂ ਗਈਆਂ, ਇਹ ਸਾਰਾ ਕੁਝ ਦੇਖਕੇ ਅਸੀਂ ਆਪ ਵੀ ਹੈਰਾਨ ਸਾਂ ਕਿ ਇਹ ਕੈਸਾ ਪਰਜਾਤੰਤਰ ਹੈ, ਇਹ ਕੈਸੀ ਸਾਡੀ ਪਾਰਲੀਮੈਂਟ ਹੈ ਅਤੇ ਇਤਨੀ ਵਡੀ ਗਿਣਤੀ ਵਿੱਚ ਇਹ ਵਿਧਾਇਕ ਕਾਸ ਲਈ ਬਿਠਾਏ ਗਏ ਹਨ ਅਤੇ ਮੁਲਕ ਦੇ ਲੋਕਾਂ ਦਾ ਇਤਨਾ ਵਡਾ ਖਰਚਾ ਕਾਸ ਲਈ ਕਰਵਾਇਆ ਜਾ ਰਿਹਾ ਹੈ।


ਸਾਰਾ ਕੁਝ ਹੋ ਗਿਆ ਹੈ ਅਤੇ ਕਿਸਾਨਾਂ ਦੇ ਆਗੂ ਖੁਸ਼ੀਆਂਮਨਾ ਰਹੇ ਹਨ ਕਿ ਉਹ ਮੁਲਕ ਵਿੱਚ ਪਹਿਲੀ ਵਾਰੀਂ ਐਸਾ ਅੰਦੋਲਨ ਕਰ ਸਕੇ ਹਨ ਅਤੇ ਕਾਮਯਾਬ ਵੀ ਹੋਗਏ ਹਨ। ਇਹ ਵੀ ਹੋ ਸਕਦਾ ਹੈ ਇਹੀ ਲੀਡਰ ਹੁਣ ਰਾਜਸੀਪਾਰਟੀ ਵੀ ਬਣਾ ਲੈਣ ਅਤੇ ਇਹ ਵੀ ਹੋ ਸਕਦਾ ਹੈ ਅਗਲੀਆਂ ਚੋਣਾਂ ਵਿੱਚ ਕੋਈ ਪ੍ਰਧਾਨ ਮੰਤਰੀ ਵੀ ਬਣ ਜਾਵੇ। ਬਾਕੀ ਦੀਆਂ ਰਾਜਸੀ ਪਾਰਟੀਆਂ ਵੀ ਕਿਸਾਨਾਂ ਦੇ ਨੇੜੇ ਆਉਂਦਾ ਯਤਨ ਕਰਨਗੀਆਂ। ਪਰ ਕੋਈ ਇਹ ਆਖੇ ਕਿ ਇਸ ਮੁਲਕ ਦੀ ਪਾਰਲੀਮੈਂਟ ਦੀ ਬਣਤਰ ਵਿਚ ਕੀ ਨੁਕਸ ਹਨ, ਕਾਰਜਵਿਧੀ ਵਿੱਚ ਕੀ ਸੁਧਾਈ ਕਰਨੀ ਚਾਹੀਦੀ ਹੈ, ਇਹ ਸਪੋਰਟਰਾਂ ਨੂੰ ਲੋਕਾਂ ਦੇ ਪ੍ਰਤੀਨਿਧਾ ਵਿੱਚ ਕਿਵੇਂ ਬਦਲਣਾ ਹੈ, ਇਹ ਵਾਲੀਆਂਗਲਾਂ ਨਾਂ ਅਜ ਤਕ ਵਿਚਾਰੀਆਂ ਹੀ ਗਈਆਂ ਹਨ ਅਤੇ ਨਾ ਹੀ ਹੁਣਵੀ ਕਿਸੇ ਨੇ ਵਿਚਾਰਨੀਆਂਹਨ। ਅਤੇ ਅਗਲੀਆਂ ਚੋਣਾਂ ਬਾਅਦ ਫਿਰ ਕੋਈ ਪ੍ਰਾਨ ਮੰਤਰੀ ਬਣ ਜਾਵੇਗਾ ਅਤੇ ਇਸੇ ਤਰ੍ਹਾਂ ਦਾ ਇਹ ਸਿਲਸਿਲਾ ਚਲਦਾ ਵੀ ਰਵੇਗਾ ਜਿਵੇਂ ਪਿਛਲੀ ਪੌਣੀਸਦੀ ਚਲਦਾ ਰਿਹਾ ਹੈ।

ਇਹ ਜਿਹੜੇ ਵੀ ਖੇਤੀ ਬਿਲੀ ਸਨ ਕਾਨੂੰਨ ਬਣੇ ਅਤੇ ਫਿਦਰ ਵਾਪਸ ਕਰਨੇ ਪਏ ਇਹਗਲਾਂ ਹਨ ਜਿਹੜੀਆਂ ਹਰੇਕ ਵਿਧਾਇਕ ਨੇ ਨੋਟ ਕਰਨੀਆਂਹਨ ਅਤੇ ਦੇਖਣਾ ਇਹ ਵੀ ਹੈ ਕਿ ਪ੍ਰਧਾਨ ਮੰਤਰੀ ਜਿਤਨਾ ਮਰਜੀ ਹੈਪਿਆਰਾ ਪਿਆ ਹੋਵੇ, ਗਲਤੀਵੀ ਕਰ ਸਕਦਾਹੈਅਤੇ ਸਾਡੇ ਪਰਜਾਤੰਤਰ ਵਿਧਚਐਸਾ ਹੋਣਾ ਨਹੀਂ ਚਾਹੀਦਾ ਅਤੇ ਨਾਂ ਹੀ ਐਸੀ ਗਲਤੀ ਦੋਰਾਈ ਹੀ ਜਾਣੀ ਚਾਹੀਦੀ ਹੈ। ਇਹ ਜੋ ਵੀ ਹੋਇਆ ਹੈ ਐਸਾ ਪਿਆ ਲਗਦਾ ਹੈ ਕਿ ਜਿਹੜਾ ਵੀ ਪਰਜਾਤੰਤਰ ਅਸਾਂ ਅਜ ਤਕ ਬਣਾ ਰਖਿਆ ਹੈ ਇਹ ਵੀ ਰਸਮੀ ਜਿਹਾ ਹੀ ਹੈ ਅਤੇ ਇਹ ਵਾਲਾ ਖਤਰਾ ਵੀ ਬਣਿਆ ਰਹਿੰਦ ਹੈ ਕਿ ਇਥੇ ਬਹੁਮਤ ਦੀ ਸਹਾਇਤਾਨਾਲ ਪਰਜਾਤੰਤਰ ਦੀਆਂ ਧਜੀਆਂ ਵੀ ਓਬਡਾਈਆਂ ਜਾ ਸਕਦੀਆਂ ਹਨ। ਲੋਕਾਂ ਵਿਚਾਰਿਆਂਨੇ ਤਾਂ ਕੀ ਕਰਨਾ ਹੈ ਇਹ ਸਾਡੇ ਵਿਧਾਇਕ ਹੀ ਅਗਰ ਲੋਕਾਂ ਦੇ ਪ੍ਰਤੀਨਿਧ ਬਣ ਜਾਣ ਤਾਂ ਹੀ ਕੋਈ ਸੁਧਾਈ ਦੀ ਸੰਭਾਵਨਾ ਬਣ ਸਕਦੀ ਹੈ।

*-ਦਲੀਪ ਸਿੰਘ ਵਾਸਨ, ਐਡਵੋਕੇਟ*
*101-ਸੀ ਵਿਕਾਸ ਕਲੋਨੀ,*
*ਪਟਿਆਲਾ*
*ਫੋਨ- 0175 5191856*

# ਭਾਰਤ ਦੀ ਸ਼ਾਨ- ਰਾਣੀ ਰਾਮਪਾਲ !





2010 ਦੇ ਮਹਿਲਾ ਹਾਕੀ ਵਰਲਡ ਕੱਪ ਚ, ਭਾਰਤ ਦੀ 15 ਸਾਲਾਂ ਦੀ ਇੱਕ ਕੁੜੀ, ਆਪਣੀ ਅਸਾਧਾਰਨ ਖੇਡ ਨਾਲ, 7 ਗੋਲ ਕਰਕੇ , ਪੂਰੀ ਦੁਨੀਆ ਚ ਛਾ ਜਾਂਦੀ ਏ, 2013 ਵਰਲਡ ਕੱਪ ਚ ਪਲੇਅਰ ਆਫ ਦਾ ਟੂਰਨਾਮੈਂਟ ਬਣ , ਦੇਸ਼ ਲਈ ਵੱਡਾ ਨਾਮ ਬਣ ਜਾਂਦੀ ਹੈ, ਜਿਸਨੂੰ 'ਪਦਮ ਸ਼੍ਰੀ' ਵਰਗਾ ਰਾਸ਼ਟਰੀ ਅਵਾਰਡ ਮਿਲਦਾ ਏ, ਜੋ ਦੁਨੀਆ ਦੀ ਪਹਿਲੀ ਹਾਕੀ ਖਿਡਾਰਨ ਏ ਜਿਸਨੂੰ 2020 ਚ 'ਵਰਲਡ ਗੇਮਜ਼ ਐਥਲੀਟ ਆਫ ਦ ਈਅਰ' ਚੁਣਿਆ ਜਾਂਦਾ ਏ, ਭਾਰਤ ਦੇ ਖੇਡਾਂ ਚ ਸਭ ਤੋਂ ਵੱਡੇ ਸਨਮਾਨ 'ਖੇਲ ਰਤਨ' ਨਾਲ ਸਨਮਾਨਿਤ ਹੋ , ਜੋ ਇਸ ਸਮੇਂ ਓਲੰਪਿਕ ਦੇ ਸੈਮੀਫਾਈਨਲ ਵਿੱਚ ਪਹੁੰਚੀ, ਭਾਰਤੀ ਹਾਕੀ ਟੀਮ ਦੀ ਕਪਤਾਨ ਏ,, ਉਸਦਾ ਨਾਮ ਏ, "ਰਾਣੀ ਰਾਮਪਾਲ" !!

'ਹਰਿਆਣਾ', ਭਾਰਤ ਦਾ ਧੱਕੜ ਪ੍ਰਾਂਤ , ਜਿੱਥੋਂ ਮੁੰਡੇ-ਕੁੜੀਆਂ ਕੁਸ਼ਤੀ ਲਈ ਪੂਰੀ ਦੁਨੀਆ ਚ ਮਸ਼ਹੂਰ ਨੇ,



ਅਸ਼ੋਕ ਸੋਨੀ,
ਕਾਲਮਨਵੀਸ
ਖੂਈ ਖੇੜਾ ,
ਫਾਜ਼ਿਲਕਾ
9872705078

ਪਰ ਕੁਝ ਕੁ ਸੰਕੀਰਣ ਸੋਚ ਦੇ ਲੋਕ, ਕੁੜੀਆਂ ਤੇ ਬੇਲੋੜੀਆਂ ਪਾਬੰਦੀਆਂ ਨੂੰ, ਆਮ ਸਭਿਆਚਾਰ ਦਾ ਹਿੱਸਾ ਮੰਨਦੇ ਹਨ, ਉਥੋਂ ਦੇ ਸ਼ਾਹਬਾਦ ਮਰਕੰਡਾ ਵਿੱਚ ਝੌਂਪੜੀ ਚ ਰਹਿਣ ਵਾਲੇ , ਇੱਕ ਖੱਚਰ ਰੇਹੜੀ ਚਲਾਉਣ ਵਾਲੇ 'ਰਾਮਪਾਲ' ਦੀ ਇਹ ਧੀ , ਪੂਰੀ ਦੁਨੀਆ ਚ ਗ੍ਰੀਨ ਟਰਫ ਤੇ, 120 ਤੋਂ ਵੱਧ ਗੋਲ ਕਰਕੇ ,130 ਕਰੋੜ ਆਬਾਦੀ ਵਾਲੇ ਦੇਸ਼ ਦੀ ਕਮਾਨ ਸੰਭਾਲੇਗੀ,, ਕੌਣ ਸੋਚ ਸਕਦਾ ਸੀ ?? 7 ਸਾਲ ਦੀ ਸੀ ,ਘਰ ਦੇ ਨਾਲ ਹੀ ਹਾਕੀ ਅਕੈਡਮੀ ਚ, ਪ੍ਰੈਕਟਿਸ ਕਰਦੀਆਂ ਕੁੜੀਆਂ ਨੂੰ ਵੇਖ, ਹਾਕੀ ਦਾ ਮੋਹ ਆ ਗਿਆ,, ਕੋਚ ਕੋਲ ਜਾਂਦੀ ਏ ਤਾਂ ਉਹ ਰਾਣੀ ਨੂੰ 'ਕੁਪੋਸ਼ਿਤ' ਆਖ ਰਿਜੈਕਟ ਕਰ ਦਿੰਦਾ ਹੈ ਪਰ ਰਾਣੀ, ਮੈਦਾਨ ਚ ਲੱਭੀ ਟੁੱਟੀ ਹੋਈ ਹਾਕੀ ਨਾਲ ਈ , ਕੋਚ ਨੂੰ ਪ੍ਰਭਾਵਿਤ ਕਰਨ ਚ ਸਫਲ ਹੋ ਜਾਂਦੀ ਏ। ਰਾਣੀ ਬੇਹੱਦ ਖੁਸ਼ਕਿਸਮਤ ਸੀ,, ਉਸਨੂੰ ਸੱਚੀ-ਮੁੱਚੀ ਦਾ ਦਰੋਣਾਚਾਰੀਆ ਮਿਲਿਆ 'ਦਰੋਣਾਚਾਰੀਆ ਅਵਾਰਡੀ' "ਸਰਦਾਰ ਬਲਦੇਵ ਸਿੰਘ "।

ਬਲਦੇਵ ਸਿੰਘ ਆਪਣੇ ਬੇਹੱਦ ਸਖਤ ਸੁਭਾਅ ਲਈ, ਬਹੁਤ ਵਾਰ ਆਲੋਚਕਾਂ ਦੇ ਨਿਸ਼ਾਨੇ ਤੇ ਰਹੇ ਹਨ ਪਰ ਰਾਣੀ ਨੂੰ ਇਸ ਮੁਕਾਮ ਤੱਕ ਧੱਕ ਲਿਆਉਣ ਚ, ਬਲਦੇਵ ਸਿੰਘ ਦਾ ਵੱਡਾ ਯੋਗਦਾਨ ਏ,, ਇਸ ਕਹਾਣੀ ਦਾ ਪਰਦੇ ਦੇ ਪਿੱਛੇ ਦਾ ਹੀਰੋ ਬਲਦੇਵ ਸਿੰਘ ਹੀ ਹੈ।। ਪਿਓ ਦੀ ਰੋਜ਼ਾਨਾ ਆਮਦਨ 100 ਰੁਪਈਆ ਤੇ ਰਾਣੀ ਨੂੰ ਇੱਕ ਦਿਨ ਪ੍ਰੈਕਟਿਸ ਚ ਲੇਟ ਹੋਣ ਤੇ ਬਲਦੇਵ ਸਿੰਘ ਨੇ ਜੁਰਮਾਨਾ ਕਰਤਾ 200 ਰੁਪਏ,, ਰਾਣੀ ਅਗਲੇ ਦਿਨ 100 ਰੁਪਏ ਹੀ ਲਿਜਾ ਕੇ, ਬਲਦੇਵ ਸਿੰਘ ਨੂੰ ਦੁਖੀ ਮਨ ਨਾਲ ਜੁਰਮਾਨਾ ਭਰਦੀ ਏ ਪਰ ਰਾਣੀ ਦੇ ਅਸਲ ਹਾਲਾਤਾਂ ਦਾ ਜਾਣੂ ਬਲਦੇਵ ਸਿੰਘ, ਸ਼ਾਮ ਨੂੰ ਭਾਵੁਕ ਹੋ ਕੇ ਰਾਣੀ ਨੂੰ 200 ਰੁਪਏ ਮੋੜਦਾ ਕਹਿੰਦਾ," ਬਸ, ਬੇਟਾ ਹੁਣ ਤੂੰ, ਚਿੰਤਾ ਨੀ ਕਰਨੀ ,, ਤੂੰ ਇਕ ਦਿਨ ਦੇਸ਼ ਲਈ ਖੇਡਣਾ ਹੈ " ਬਲਦੇਵ ਸਿੰਘ ਨੇ ਸਿਰਫ ਕਿਹਾ ਹੀ ਨਹੀਂ, ਕੀਤਾ ਵੀ,, ਰਾਣੀ ਦੀ ਕੋਚਿੰਗ ਦੇ ਨਾਲ-ਨਾਲ, ਮਹਿੰਗੇ ਖੇਡ ਸਮਾਨ ਦਾ ਪ੍ਰਬੰਧ ਆਪ ਕੀਤਾ, ਆਪਣੇ ਘਰ ਚੰਡੀਗੜ੍ਹ ਰਾਣੀ ਨੂੰ ਰੱਖਿਆ ਜਿੱਥੇ ਪੂਰੇ ਖਾਣ ਪੀਣ ਦਾ ਖਿਆਲ ਰੱਖਿਆ ਬਲਦੇਵ ਸਿੰਘ ਦੀ ਪਤਨੀ ਨੇ ।

ਰਾਣੀ ਦੇ ਘਰਦਿਆਂ ਨੇ ਪਹਿਲਾਂ ਜਦੋਂ ਵੇਖਿਆ ਕਿ ਕੁੜੀਆਂ ਸਕਰਟ ਪਾ ਕੇ ਹਾਕੀ ਖੇਡਦੀਆਂ ਨੇ ਤਾਂ ਉਹਨਾਂ ਰਾਣੀ ਨੂੰ ਸਖਤੀ ਨਾਲ ਰੋਕ ਦਿੱਤਾ ਪਰ ਰਾਣੀ ਦੀ ਸਿਰੜ ਵੇਖੋ,, ਮਾਂ ਦੀ ਧੀ ਦੋ ਸਾਲ ਤੱਕ ਸਲਵਾਰ-ਕੁੜਤੇ ਚ ਈ ਹਾਕੀ ਖੇਡਦੀ ਰਹੀ,ਪੈਸੇ ਨਾਂ ਹੋਣ ਕਾਰਨ ਪਾਈਆ ਦੁੱਧ ਚ ਪਾਈਆ ਪਾਣੀ ਪਾ ਕੇ ਪੀਂਦੀ ਰਹੀ, ਪਰ ਹਾਕੀ ਨਹੀਂ ਛੱਡੀ । ਕੁੜੀ ਦੀ ਮਿਹਨਤ ਨੇ ਮਾਂ-ਪਆ ਨੂੰ ਸਮਾਜ ਦਾ ਸਾਹਮਣਾ ਕਰਨ ਦੀ ਹਿੰਮਤ ਦਿੱਤੀ ਤੇ ਰਾਮਪਾਲ ਨੇ ਹਰ ਹਾਲ ਚ ਕੁੜੀ ਦਾ ਸਾਥ ਨਿਭਾਉਣ ਦਾ ਫੈਸਲਾ ਲੈ ਲਿਆ, ਰਾਮਪਾਲ ਨੇ ਅਖੌਤੀ ਰੂੜੀਆਂ ਨੂੰ ਦਰਕਿਨਾਰ ਕਰਦੇ, ਰਾਣੀ ਨੂੰ ਹਾਕੀ ਦੇ ਖੁੱਲੇ ਅਸਮਾਨ ਚ ਉਡੱਣ ਦੀ ਪੂਰੀ ਖੁੱਲ੍ਹ ਦਿੱਤੀ ਤਾਂ ਰਾਣੀ ਨੇ ਪਿਓ ਦੇ ਸਾਰੇ ਸੁਪਨੇ ਪੂਰੇ ਕਰ ਦਿੱਤੇ, ਤੇ ਪਿਤਾ ਦੇ ਸਨਮਾਨ ਚ ਆਪਣੇ ਨਾਮ ਦੇ ਨਾਲ "ਰਾਮਪਾਲ" ਪੱਕਾ ਹੀ ਲਾ ਲਿਆ ।

ਰਾਣੀ ਦਾ ਇੱਕ ਭਰਾ ਲੱਕੜ ਦਾ ਮਿਸਤਰੀ ਏ ਤੇ ਦੂਜਾ ਕਿਸੇ ਦੀ ਦੁਕਾਨ ਤੇ ਕੰਮ ਕਰਦਾ ਏ। ਰਾਣੀ,, ਜਿਸ ਦੇ ਪੂਰੇ ਪਰਿਵਾਰ ਕੋਲ, ਕੁਝ ਸਾਲ ਪਹਿਲਾਂ ਹਾਕੀ ਦੀ ਕਿਟ ਖਰੀਦਣ ਜੋਗੇ ਪੈਸੇ ਵੀ ਨਹੀਂ ਸੀ ,ਉਸੇ ਰਾਣੀ ਨੇ ਪਿਛੇ ਜਿਹੇ, ਆਪਣਾ ਖੁੱਦ ਦਾ ਘਰ ਸ਼ਾਹਬਾਦ ਚ ਖਰੀਦਣ ਦਾ ਸੁਪਨਾ ਪੂਰਾ ਕਰ ਪਰਿਵਾਰ ਨੂੰ ਤੋਹਫਾ ਦਿੱਤਾ ਏ। ਰਾਣੀ ਨੂੰ ਹਾਲ ਹੀ ਵਿੱਚ ਰਾਸ਼ਟਰੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਰਾਣੀ ਦੀ ਕਹਾਣੀ, ਸਾਡੇ ਹਰੇਕ ਘਰ ਤੀਕ ਪੁੱਜਣੀ ਚਾਹੀਦੀ ਹੈ ਤਾਂ ਜੋ, ਸਾਡੀ ਹਰ ਧੀ, "ਰਾਣੀ" ਬਣੇ।

## ਬਿਊਟੀ ਟਿਪਸ ਬਿਊਟੀ ਪੈਕ ਨਾਲ ਪਾਓ ਨਿਖਰੀ ਤੇ ਮੁਲਾਇਮ ਸਕਿਨ



ਮਲਾਈ-ਚੰਦਨ ਪਾਊਡਰ-ਬਰਾਬਰ ਮਾਤਰਾ ਵਿੱਚ ਮਲਾਈ, ਚੰਦਨ ਪਾਊਡਰ, ਗੁਲਾਬ ਜਲ ਅਤੇ ਸ਼ਹਿਦ ਮਿਲਾ ਕੇ ਪੇਸਟ ਤਿਆਰ ਕਰੋ। ਇਸ ਨੂੰ ਚਿਹਰੇ ਅਤੇ ਗਲੇ ਉੱਤੇ ਲਾਓ। ਤੀਹ ਮਿੰਟ ਦੇ ਬਾਅਦ ਧੋ ਲਓ। ਬਿਹਤਰ ਰਿਜ਼ਲਟ ਦੇ ਲਈ ਹਫਤੇ ਵਿੱਚ ਦੋ ਵਾਰ ਲਾਓ।

ਮਲਾਈ-ਆਇਲ: ਸਕਿਨ ਦਾ ਰੰਗ ਨਿਖਾਰਨ ਲਈ ਆਲਿਵ ਆਇਲ ਬਿਹਰਤੀਨ ਉਪਾਅ ਹੈ। ਇੱਕ ਟੇਬਲਸਪੂਨ ਮਲਾਈ ਵਿੱਚ 10 ਬੂੰਦਾਂ ਆਲਿਵ ਆਇਲ ਮਿਲਾ ਕੇ ਪੇਸਟ ਤਿਆਰ ਕਰੋ। ਇਸ ਨੂੰ ਚਿਹਰੇ ਉੱਤੇ ਲਾਓ। 15 ਮਿੰਟ ਬਾਅਦ ਧੋ ਲਓ।

ਵੇਸਣ-ਹਲਦੀ: ਵੇਸਣ ਤੇ ਹਲਦੀ ਦੋਵੇਂ ਸਕਿਨ ਵਿੱਚ ਨਿਖਾਰ ਲਿਆਉਣ ਵਾਲੇ ਪੁਰਾਣੇ, ਪ੍ਰੰਤੂ ਅਸਰਦਾਰ ਉਪਾਅ ਹਨ। ਇੱਕ ਚੁਟਕੀ ਹਲਦੀ ਵਿੱਚ ਮਲਾਈ ਤੇ ਵੇਸਣ ਮਿਲਾਓ। ਇਸ ਨੂੰ ਚਿਹਰੇ ਉੱਤੇ ਲਾਓ। 15 ਮਿੰਟ ਬਾਅਦ ਦੋ ਲਓ। ਚਿਹਰਾ ਚਮਕ ਉਠੇਗਾ। ਅਜਿਹਾ ਹਫਤੇ ਵਿੱਚ ਦੋ ਵਾਰ ਕਰੋ।

ਚੌਲਾਂ ਦਾ ਆਟਾ-ਬਾਦਾਮ : ਸਕਿਨ ਉੱਤੇ ਨਿਖਾਰ ਲਿਆਉਣ ਲਈ ਚੌਲਾਂ ਦਾ ਆਟਾ ਬਹੁਤ ਉਪਯੋਗੀ ਹੈ। ਇਸ ਦੇ ਲਈ ਚੌਲਾਂ ਦਾ ਆਟਾ, ਬਾਦਾਮ ਪਾਊਡਰ ਤੇ ਮਲਾਈ ਨੂੰ ਬਰਾਬਰ ਮਾਤਰਾ ਵਿੱਚ ਮਿਲਾ ਕੇ ਪੇਸਟ ਤਿਆਰ ਕਰੋ। ਇਸ ਨੂੰ ਚਿਹਰੇ ਉੱਤੇ ਲਾਓ ਅਤੇ ਸੁੱਕਣ ਪਿੱਛੋਂ ਪਾਣੀ ਨਾਲ ਚਿਹਰਾ ਗਿੱਲਾ ਕਰੋ ਤੇ ਸਕ੍ਰਬ ਕਰਦੇ ਹੋਏ ਪੇਸਟ ਉਤਾਰੋ। ਇਸ ਨਾਲ ਜਲਦੀ ਹੀ ਤੁਹਾਨੂੰ ਸਕਿਨ ਵਿੱਚ ਨਿਖਾਰ ਦਿਸੇਗੀ।

ਮਿਲਕ-ਐਲੋਵੇਰਾ ਜ਼ੈੱਲ : ਡਲ ਤੇ ਪੈਚੀ ਸਕਿਨ ਨੂੰ ਰਿਮੂਵ ਕਰਨ ਦਾ ਸਭ ਤੋਂ ਆਸਾਨ ਤਰੀਕਾ ਹੈ ਇਹ। ਇਸ ਦੇ ਲਈ ਦੋ ਟੈਬਲ ਸਪੂਨ ਦੁੱਧ ਵਿੱਚ ਇੱਕ ਟੀ-ਸਪੂਨ ਬਾਦਾਮ ਪੇਸਟ, ਇੱਕ ਟੀ ਸਪੂਨ ਐਲੋਵੇਰਾ ਜ਼ੈੱਲ ਤੇ ਇੱਕ ਟੀ-ਸਪੂਨ ਸ਼ਹਿਦ ਮਿਲਾ ਕੇ ਪੇਸਟ ਤਿਆਰ ਕਰੋ। ਇਸ ਨੂੰ ਚਿਹਰੇ ਉੱਤੇ ਲਾਓ ਅਤੇ ਤੀਹ ਮਿੰਟ ਦੇ ਬਾਅਦ ਧੋ ਲਓ।

ਚੰਦਨ ਪਾਊਡਰ ਤੇ ਰੋਜ਼ ਵਾਟਰ : ਇਹ ਤਾਂ ਤੁਸੀਂ ਜਾਣਦੇ ਹੋਵੋਗੇ ਕਿ ਹਰ ਬਿਊਟੀ ਕਰੀਮ ਵਿੱਚ ਚੰਦਨ ਪਾਊਡਰ ਯਾਨੀ ਚੰਦਨ ਦੀ ਵਰਤੋਂ ਕੀਤੀ ਜਾਂਦੀ ਹੈ। ਕਦੇ ਚੰਦਨ ਪਾਊਡਰ ਤਾਂ ਕਦੇ ਚੰਦਨ ਦਾ ਤੇਲ ਕਰੀਮ ਵਿੱਚ ਮਿਲ-ਾਇਆ ਜਾਂਦਾ ਹੈ। ਤੁਸੀਂ ਘਰ ਵਿੱਚ ਇਸ ਦੀ ਵਰਤੋਂ ਕਰ ਕੇ ਟੂ-ਟੋਨ ਨਿਖਰੀ ਸਕਿਨ ਪਾ ਸਕਦੇ ਹੋ। ਦੋ ਟੇਬਲਸਪੂਨ ਚੰਦਨ ਪਾਊਡਰ ਵਿੱਚ ਗੁਲਾਬ ਜਲ ਮਿਲਾ ਕੇ ਗਾੜ੍ਹਾ ਪੇਸਟ ਤਿਆਰ ਕਰੋ ਅਤੇ ਇਸ ਨੂੰ ਚਿਹਰੇ ਉੱਤੇ ਲਾਓ। 15-20 ਮਿੰਟ ਬਾਅਦ ਪਾਣੀ ਨਾਲ ਚਿਹਰਾ ਧੋ ਲਓ। ਹਫਤੇ ਵਿੱਚ ਦੋ ਵਾਰ ਅਜਿਹਾ ਕਰੋ।

ਤੁਲਸੀ-ਪੁਦੀਨਾ ਪੈਕ : ਸਿਹਤ ਲਈ ਵਧੀਆ ਤੁਲਸੀ ਤੇ ਪੁਦੀਨਾ ਚਿਹਰੇ ਦੀ ਖੂਬਸੂਰਤੀ ਨੂੰ ਨਿਖਾਰਨ ਵਿੱਚ ਵੀ ਲਾਭਕਾਰੀ ਹੈ। ਬਰਾਬਰ ਮਾਤਰਾ ਵਿੱਚ ਤੁਲਸੀ ਅਤੇ ਪੁਦੀਨੇ ਦੀਆਂ ਪੱਤੀਆਂ ਲਓ ਅਤੇ ਪੇਸਟ ਬਣਾਓ। ਇਸ ਨੂੰ ਚਿਹਰੇ ਉੱਤੇ ਲਗਾਓ। ਤੀਹ ਮਿੰਟ ਦੇ ਬਾਅਦ ਚਿਹਰਾ ਧੋ ਲਓ।

ਕੇਸਰ-ਮਲਾਈ : ਖੂਬਸੂਰਤੀ ਨਿਖਾਰਨ ਲਈ ਕੇਸਰ ਤੋਂ ਵਧੀਆ ਹੋਰ ਕੁਝ ਹੋ ਹੀ ਨਹੀਂ ਸਕਦਾ। ਆਮ ਤੌਰ ਉੱਤੇ ਲੋਕ ਰਾਤ ਨੂੰ ਸੌਣ ਤੋਂ ਪਹਿਲਾਂ ਦੁੱਧ ਵਿੱਚ ਕੇਸਰ ਮਿਲਾ ਕੇ ਪੀਂਦੇ ਹਨ। ਇਸ ਨਾਲ ਸਕਿਨ ਵਿਚ ਨਿਖਾਰ ਆਉਂਦਾ ਹੈ। ਤੁਸੀਂ ਕੇਸਰ ਅਤੇ ਮਲਾਈ ਨੂੰ ਬਰਾਬਰ ਮਾਤਰਾ ਵਿੱਚ ਮਿਲਾ ਕੇ ਪੇਸਟ ਤਿਆਰ ਕਰੋ ਅਤੇ ਉਸ ਨੂੰ ਚਿਹਰੇ ਤੇ ਗਰਦਨ ਉੱਤੇ ਲਗਾਓ। ਜਲਦੀ ਹੀ ਫਰਕ ਮਹਿਸੂਸ ਕਰੋਗੇ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org


IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

# ਭ੍ਰਿਸ਼ਟਾਚਾਰ ਦੇ ਇਸ ਮਾਹੌਲ ਵਿੱਚ ਅਗਲੀਆਂ ਚੋਣਾਂ ਵੀ ਕਿਹੜੀ ਭਲੀ ਗੁਜ਼ਾਰਨਗੀਆਂ!



ਜਤਿੰਦਰ ਪੰਨੂ

ਆਸਾਂ ਤਾਂ ਬਹੁਤ ਸਨ ਭਾਰਤ ਦੇ ਲੋਕਤੰਤਰ ਤੋਂ, ਪਰ ਗੱਲ ਬਣ ਨਹੀਂ ਸਕੀ, ਸਗੋਂ ਇਹ ਕਹਿਣਾ ਵੱਧ ਠੀਕ ਹੈ ਕਿ ਗੱਲ ਬਣਨ ਦੀ ਆਸ ਵੀ ਕੋਈ ਖਾਸ ਨਹੀਂ ਰਹੀ। ਹਰ ਨਵਾਂ ਆਇਆ ਆਗੂ ਅਤੇ ਹਰ ਨਵਾਂ ਚੜ੍ਹਿਆ ਦਿਨ ਇਹੀ ਯਕੀਨ ਕਰਨ ਨੂੰ ਆਖਦਾ ਹੈ ਕਿ ਇਨ੍ਹਾਂ ਤਿਲਾਂ ਵਿੱਚ ਤੇਲ ਹੈ ਨਹੀਂ, ਭਰਮ ਵਿੱਚ ਰਹਿਣਾ ਛੱਡ ਦਿਓ। ਰੇਗਿਸਤਾਨ ਵਿੱਚ ਭਟਕਦੀ ਹਿਰਨੀ ਜਿਵੇਂ ਪਾਣੀ ਦੀ ਭਾਲ ਵਿੱਚ ਧੁੱਪ ਨਾਲ ਚਮਕਦੀ ਰੇਤ ਨੂੰ ਪਾਣੀ ਸਮਝ ਕੇ ਦੌੜਦੀ ਤੇ ਫਿਰ ਲਾਗੇ ਜਾ ਕੇ ਰੇਤ ਵੇਖ ਕੇ ਹੋਰ ਅੱਗੇ ਚਮਕ ਰਹੀ ਰੇਤ ਨੂੰ ਪਾਣੀ ਸਮਝ ਕੇ ਦੋ ਬੂੰਦਾਂ ਦੀ ਆਸ ਵਿੱਚ ਦੌੜ ਪੈਂਦੀ ਹੈ, ਸਾਡੇ ਭਾਰਤੀ ਲੋਕ ਓਸੇ ਤਰ੍ਹਾਂ ਆਸ ਨਾਲ ਹਰ ਚੋਣ ਉਡੀਕਦੇ ਹਨ। ਨਤੀਜਾ ਵੀ ਓਸੇ ਹਿਰਨ ਵਾਲਾ ਨਿਕਲਦਾ ਹੈ। ਹਰ ਚੋਣ ਪਿੱਛੋਂ ਲੋਕਾਂ ਮੂੰਹੋਂ ਨਿਕਲਦਾ ਹੈ ਕਿ ਇਸ ਚੋਣ ਦੇ ਹੋਣ ਜਾਂ ਨਾ ਹੋਣ ਨਾਲ ਜੇ ਕੋਈ ਫਰਕ ਨਹੀਂ ਸੀ ਪੈਣਾ, ਇਸ ਉੱਤੇ ਅਰਬਾਂ ਰੁਪਏ ਦਾ ਖਰਚਾ ਕਰਨ ਤੇ ਲੋਕਾਂ ਦਾ ਸਮਾਂ ਜ਼ਾਇਆ ਕਰਨ ਦੀ ਕੀ ਲੋੜ ਸੀ? ਇਸ ਵਕਤ ਭਾਜਪਾ ਵੱਲੋਂ 'ਮਾਰਗ ਦਰਸ਼ਕ' ਦਾ ਫੱਟਾ ਲਾ ਕੇ ਪਿੱਛੇ ਬਿਠਾਏ ਹੋਏ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੀ ਚੜ੍ਹਤ ਦੇ ਦੌਰ ਵਿੱਚ ਇੱਕ ਵਾਰੀ ਸੱਦਾ ਦਿੱਤਾ ਸੀ ਕਿ ਭਾਰਤ ਦੇ ਹਰ ਨਾਗਰਿਕ ਵਾਸਤੇ ਵੋਟ ਪਾਉਣਾ ਜ਼ਰੂਰੀ ਕਰ ਦੇਣਾ ਚਾਹੀਦਾ ਹੈ ਤੇ ਜਿਹੜਾ ਨਾਗਰਿਕ ਵੋਟ ਨਾ ਪਾਉਣ ਜਾਵੇ, ਉਸ ਨੂੰ ਜੇਲ੍ਹ ਵਿੱਚ ਤਾੜ ਦੇਣਾ ਚਾਹੀਦਾ ਹੈ। ਮੈਂ ਓਦੋਂ ਵੀ ਲਿਖਿਆ ਸੀ ਕਿ ਏਦਾਂ ਦਾ ਕੋਈ ਕਾਨੂੰਨ ਬਣੇਗਾ ਤਾਂ ਇਸ ਦਾ ਵਿਰੋਧ ਕਰ ਕੇ ਜੇਲ੍ਹ ਜਾਣ ਨੂੰ ਸਭ ਤੋਂ ਪਹਿਲਾਂ ਮੈਂ ਤਿਆਰ ਹੋਵਾਂਗਾ। ਛੱਤੀ ਵਰਤ ਰੱਖਣ ਦੇ ਬਾਅਦ ਵੀ ਜਿਹੜੀ ਕੁੜੀ ਦੇ ਪੱਲੇ ਸਿਰੇ ਦਾ ਨਖੱਟੂ ਤੇ ਨਾਲਾਇਕ ਪਤੀ ਪੈ ਜਾਵੇ, ਉਹ ਉਮਰ ਭਰ ਬਾਕੀ ਕੁੜੀਆਂ ਨੂੰ ਇਹੋ ਸਲਾਹ ਦੇਵੇਗੀ ਕਿ ਵਰਤਾਂ ਦੇ ਬਾਅਦ ਵੀ ਏਹੋ ਜਿਹਾ ਨਿਕੰਮਾ ਬੰਦਾ ਮਿਲਣਾ ਹੈ ਤਾਂ ਏਦਾਂ ਦਾ ਉਂਜ ਹੀ ਮਿਲ ਜਾਵੇਗਾ, ਭੁੱਖੇ ਮਰਨ ਦੀ ਲੋੜ ਨਹੀਂ। ਭਾਰਤੀ ਲੋਕਾਂ ਦੇ ਪੱਲੇ ਵੀ ਅੱਜ ਵਰਗੇ ਆਗੂ ਹੀ ਪੈਂਦੇ ਰਹਿਣ ਕਰ ਕੇ ਕਈਆਂ ਦੇ ਮੂੰਹੋਂ ਇਹ ਨਿਕਲ ਜਾਂਦਾ ਹੈ ਕਿ ਜਦੋਂ ਇਹ ਚੋਰ-ਠੱਗ ਹੀ ਕਰਮਾਂ ਵਿੱਚ ਲਿਖੇ ਹਨ ਅਤੇ ਜਿਹੜਾ ਵੀ ਆਵੇ, ਉਸ ਨੇ ਇਹੋ ਕਰਨਾ ਹੈ ਤਾਂ ਵੋਟ ਪਾਉਣੀ ਛੱਡ ਦੇਈਏ।

ਪਿਛਲੀ ਵਾਰ ਸਾਡੇ ਪੰਜਾਬ ਦੇ ਲੋਕਾਂ ਨੇ ਇਹ ਸੋਚ ਕੇ ਅਕਾਲੀ-ਭਾਜਪਾ ਨੂੰ ਹਰਾਇਆ ਸੀ ਕਿ ਉਨ੍ਹਾਂ ਨੇ ਲੁੱਟ-ਖੋਹ ਤੇ ਖਰੂਦ ਦੀ ਸਿਖਰ ਕਰ ਦਿੱਤੀ ਹੈ, ਇਹ ਹਾਰਨਗੇ ਤਾਂ ਜਿਹੜਾ ਵੀ ਆਊ, ਇਨ੍ਹਾਂ ਤੋਂ ਬੁਰਾ ਨਹੀਂ ਹੋਣ ਲੱਗਾ। ਜਿੰਨੀ ਲੁੱਟ ਉਸ ਟੋਲੀ ਨੇ ਮਚਾਈ ਸੀ, ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਨਵੀਂ ਲੁਟੇਰੀ ਧਾੜ ਨੇ ਉਸ ਤੋਂ ਵੱਧ ਮਚਾਈ ਰੱਖੀ ਹੈ। ਜਦੋਂ ਇਹ ਰਾਜ ਸਿਰੇ ਲੱਗਣ ਲੱਗਾ, ਲੋਕ ਅਗਲੀਆਂ ਚੋਣਾਂ ਵੱਲ ਝਾਕਣ ਲੱਗੇ, ਇਸ ਪਾਰਟੀ ਦੇ ਵਿੱਚੋਂ ਏਦਾਂ ਦੀ ਆਵਾਜ਼ ਉੱਠ ਪਈ ਕਿ ਮੁੱਖ ਮੰਤਰੀ ਮਾੜਾ ਹੈ, ਕੱਖ ਨਹੀਂ ਕਰਦਾ ਤੇ ਸਿਰਫ ਐਸ਼ ਕਰਦਾ ਹੈ, ਇਹ ਕੱਢ ਕੇ ਕਿਸੇ ਨਵੇਂ ਨੂੰ ਕਮਾਨ ਸੌਂਪ ਦੇਈਏ ਤਾਂ ਪਾਪ ਕੱਟੇ ਜਾਣਗੇ, ਪਰ ਨਤੀਜਾ ਇਹ ਨਿਕਲਿਆ ਕਿ ਨਵੀਂ ਸਰਕਾਰ ਪਹਿਲੀ ਲੁਟੇਰੀ ਧਾੜ ਵਿੱਚ ਅਜੇ ਤੱਕ ਖਾਲੀ ਹੱਥ ਬੈਠੇ ਕੁਝ ਹੋਰ ਮਿਲਾ ਕੇ ਇਹ ਵੀ ਓਸੇ ਰਾਹ ਪੈ ਗਈ। ਕੋਈ ਵਿਰਲਾ-ਵਾਂਝਾ ਬਚਿਆ ਹੈ ਤਾਂ ਉਹ ਵੀ ਸ਼ਾਇਦ ਲੁਕਵੀਂ ਮਾਰ ਮਾਰਦਾ ਹੋਵੇਗਾ, ਬਹੁਤੇ ਵਜ਼ੀਰਾਂ ਨੇ ਅਸਲੋਂ ਸ਼ਰਮ ਲਾਹੀ ਪਈ ਹੈ। ਪੰਜਾਬ ਦੇ ਲੋਕਾਂ ਵਿੱਚ ਚਰਚਾ ਹੈ ਕਿ ਜਿਹੜੇ ਨਵੇਂ ਮੰਤਰੀ ਬਣਾਏ ਹਨ, ਉਨ੍ਹਾਂ ਦੀ ਲੜਾਈ ਕੈਪਟਨ ਅਮਰਿੰਦਰ ਸਿੰਘ ਵਾਲੇ ਦੁਰ-ਪ੍ਰਬੰਧ ਵਿਰੁੱਧ ਨਹੀਂ, ਸਿਰਫ ਇਸ ਗੱਲ ਦੀ ਸੀ ਕਿ ਅਸੀਂ ਵੀ ਖਰਚ ਕਰ ਕੇ ਚੋਣ ਜਿੱਤੇ ਸਾਂ, ਅਮਰਿੰਦਰ ਸਿੰਘ ਤੇ ਉਸ ਨਾਲ ਜੁੜੇ ਹੋਏ ਚੇਲੇ-ਚਾਂਟੇ ਇਕੱਲੇ ਖਾ ਰਹੇ ਹਨ। ਖਾਣ-ਪੀਣ ਦੀ ਇਸ ਖੇਡ ਦੀ ਕਦੀ ਚਰਚਾ ਤੱਕ ਨਹੀਂ ਕੀਤੀ ਜਾਂਦੀ, ਚਾਲੂ ਕਿਸਮ ਦੀ ਬਿਆਨਬਾਜ਼ੀ ਹੁੰਦੀ ਹੈ ਤੇ ਅਸਲ ਮੁੱਦਿਆਂ ਦੀ ਬਜਾਏ ਇੱਕ-ਦੂਸਰੇ ਬਾਰੇ ਨਿੱਜੀ ਪੱਧਰ ਦੀ ਚਾਂਦਮਾਰੀ ਨੂੰ ਸਿਖਰਾਂ ਉੱਤੇ ਪੁਚਾਇਆ ਪਿਆ ਹੈ। ਅੱਜ-ਕੱਲ੍ਹ ਇਹ ਗੱਲ ਬੜਾ ਵੱਡਾ



ਮੁੱਦਾ ਬਣੀ ਪਈ ਹੈ ਕਿ ਕੌਣ ਆਪਣਾ ਬਚਾਅ ਕਰਨ ਲਈ ਕਿਸ ਦੇ ਪੈਰੀਂ ਪਿਆ ਸੀ, ਜਦ ਕਿ ਅਸੀਂ ਪੱਤਰਕਾਰੀ ਖੇਤਰ ਵਾਲੇ ਲੋਕ ਜਾਣਦੇ ਹਾਂ ਕਿ ਸੇਕ ਲੱਗਦਾ ਵੇਖ ਕੇ ਇੱਕ-ਦੂਸਰੇ ਦੇ 'ਪੈਰੀਂ-ਪੈਣਾ' ਕਰਨ ਲਈ ਇਹ ਸਾਰੇ ਜਣੇ ਚਲੇ ਜਾਂਦੇ ਸਨ ਅਤੇ ਅੱਗੋਂ ਵੀ ਜਾਂਦੇ ਰਹਿਣਗੇ।

ਆਮ ਆਦਮੀ ਨਾਲ ਲੋਕਤੰਤਰ ਵਿੱਚ ਕਿੱਦਾਂ ਵਿਹਾਰ ਹੁੰਦਾ ਹੈ, ਇਸ ਬਾਰੇ ਸਾਰੇ ਦੇਸ਼ ਦੇ ਹਾਲਾਤ ਦੀ ਢੇਰੀ ਫੋਲਣ ਦੀ ਬਜਾਏ ਅਸੀਂ ਸਿਰਫ ਪੰਜਾਬ ਦੇ ਕੁਝ ਚੋਣਵੇਂ ਮੁੱਦੇ ਲੈ ਲਈਏ ਤਾਂ ਤਸਵੀਰ ਦਿੱਸ ਪੈਂਦੀ ਹੈ। ਚੌਦਾਂ ਕੁ ਸਾਲ ਪਹਿਲਾਂ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਨੌਂ ਹਜ਼ਾਰ ਨੌਂ ਸੌ ਨੜਿੰਨਵੇਂ ਟੀਚਰਾਂ ਦੀ ਭਰਤੀ ਕੀਤੀ ਸੀ, ਆਪਣੇ ਦਸ ਸਾਲ ਉਸ ਵੇਲੇ ਭਰਤੀ ਕੀਤੇ ਨੌਜਵਾਨਾਂ ਨੂੰ ਨੌਕਰੀ ਉਹ ਨਹੀਂ ਦੇ ਸਕੇ ਤੇ ਅਗਲੇ ਪੰਜ ਸਾਲ ਕਾਂਗਰਸੀਆਂ ਨੇ ਉਨ੍ਹਾਂ ਨੂੰ ਲਾਰਿਆਂ ਦੇ ਲਾਲੀਪਾਪ ਚਟਾਉਂਦਿਆਂ ਗੁਜ਼ਾਰ ਦਿੱਤੇ, ਪਰ ਪੱਲੇ ਕੁਝ ਨਹੀਂ ਪਾਇਆ। ਦੀਵਾਲੀ ਆਈ ਤਾਂ ਸੁਹਾਗਣਾਂ ਦਾ ਕਰਵਾ ਚੌਥ ਦਾ ਵਰਤ ਪੰਜਾਬ ਦੀ ਇੱਕ ਧੀ ਨੇ ਪਾਣੀ ਵਾਲੀ ਟੈਂਕੀ ਉੱਤੇ ਅੱਧ-ਅਸਮਾਨੇ ਤਾਰਿਆਂ ਦੀ ਛਾਵੇਂ ਰੱਖਿਆ ਸੀ ਤੇ ਇਸ ਦੀ ਖਬਰ ਸਾਰੇ ਮੀਡੀਏ ਵਿੱਚ ਆਈ, ਪਰ ਇੱਕ ਵੀ ਅਜੋਕਾ ਜਾਂ ਸਾਬਕਾ ਸਿਆਸੀ ਆਗੂ ਉਸ ਦੀ ਸਾਰ ਲੈਣ ਨਹੀਂ ਗਿਆ, ਕਿਉਂਕਿ ਮੰਤਰੀ ਬਣ ਜਾਣ ਪਿੱਛੋਂ ਇਹ ਅਸਲ ਵਿੱਚ ਆਗੂ ਵੀ ਨਹੀਂ ਰਹਿੰਦੇ, ਹਾਕਮ ਬਣ ਜਾਇਆ ਕਰਦੇ ਹਨ। ਆਪਣੇ ਬੱਚੇ ਨੂੰ ਪੰਜ ਮਿੰਟ ਦੇਰ ਨਾਲ ਖਾਣਾ ਮਿਲੇ ਤਾਂ ਨੌਕਰਾਂ ਦੀ ਜਾਨ ਕੱਢਣ ਤੱਕ ਜਾਣ ਵਾਲੇ ਇਹ ਆਗੂ ਬੇਗਾਨੇ ਪੁੱਤਰਾਂ ਅਤੇ ਧੀਆਂ ਨੂੰ ਜ਼ਲੀਲ ਕਰਦੇ ਹਨ ਤਾਂ ਇਸ ਵਿੱਚ ਕਿਸੇ ਰੰਗ ਦੀ ਕੋਈ ਪਾਰਟੀ ਵੀ ਪਿੱਛੇ ਨਹੀਂ ਰਹਿੰਦੀ।

ਅਸੀਂ ਜਦੋਂ ਲੀਡਰਾਂ ਦੇ ਇਸ ਵਿਹਾਰ ਤੋਂ ਦੁਖੀ ਹੁੰਦੇ ਹਾਂ, ਫਿਰ ਆਮ ਸਰਕਾਰੀ ਅਫਸਰਾਂ ਅਤੇ ਨਿਆਂ ਕਰਨ ਵਾਲੇ ਜੱਜਾਂ ਤੋਂ ਆਸ ਰੱਖਣ ਲੱਗਦੇ ਹਾਂ, ਪਰ ਓਥੇ ਵੀ ਲੋਕਤੰਤਰ ਦਾ ਬਾਬਾ ਆਦਮ ਨਿਰਾਲਾ ਹੈ। ਵੱਡੇ ਘਰਾਣੇ ਦੀਆਂ ਬੱਸਾਂ ਨੂੰ ਛੱਡਣਾ ਹੋਵੇ ਤਾਂ ਸਿਰਫ ਇੱਕ ਘੰਟੇ ਵਿੱਚ ਛੱਡ ਦੇਣ ਦਾ ਹੁਕਮ ਜਾਰੀ ਹੋ ਜਾਂਦਾ ਹੈ, ਪਰ ਹੋਰ ਮਸਲਿਆਂ ਦੇ ਸੰਬੰਧ ਵਿੱਚ ਜਾਰੀ ਕੀਤੇ ਗਏ ਹੁਕਮ ਸਾਲਾਂ ਬੱਧੀ ਅਮਲ ਤੋਂ ਵਾਂਝੇ ਰਹਿਣ ਦੇ ਬਾਵਜੂਦ ਕਿਸੇ ਨੂੰ ਬਹੁਤੀ ਪ੍ਰਵਾਹ ਨਹੀਂ ਹੁੰਦੀ। ਭਾਰਤ ਦੀਆਂ ਵੱਡੀਆਂ ਅਦਾਲਤਾਂ ਵਿੱਚ 'ਅੰਕਲ-ਜੱਜ' ਦਾ ਰੌਲਾ ਕਈ ਵਾਰ ਪੈਂਦਾ ਸੁਣਿਆ ਹੈ, ਪਰ ਮਰਜ਼ ਦਾ ਇਲਾਜ ਫਿਰ ਵੀ ਕਦੀ ਨਹੀਂ ਹੋਇਆ। 'ਅੰਕਲ-ਜੱਜ' ਦਾ ਅਰਥ ਇਹ ਹੈ ਕਿ ਕਈ ਵਕੀਲਾਂ ਦੇ ਪਰਵਾਰ ਦੇ ਵੱਡੇ ਜੀਅ ਜਿਹੜੀ ਅਦਾਲਤ ਵਿੱਚ ਜੱਜ ਬਣੇ ਬੈਠੇ ਹੋਣ, ਓਸੇ ਅਦਾਲਤ ਵਿੱਚ ਉਨ੍ਹਾਂ ਦਾ ਪੁੱਤਰ-ਨੂੰਹ ਜਾਂ ਧੀ-ਜਵਾਈ ਕਿਸੇ ਕੇਸ ਵਿੱਚ ਪੇਸ਼ ਹੋਣ ਲਈ ਵਕੀਲ ਬਣ ਜਾਣ ਤਾਂ ਕੇਸ ਜਿੱਤਣ ਦੀ ਅੱਧੀ ਗਾਰੰਟੀ ਓਦੋਂ ਹੀ ਹੋ ਜਾਂਦੀ ਹੈ। ਇਹ ਸਿਰਫ ਪਰਵਾਰਾਂ ਪੱਖੋਂ ਹੀ ਨਹੀਂ, ਹੋਰ ਕਈ ਤਰ੍ਹਾਂ ਦੀਆਂ ਸਾਂਝਾਂ ਵਿੱਚ ਵੀ ਵੇਖਿਆ ਜਾਂਦਾ ਹੈ। ਭਾਰਤ ਦੇ ਇੱਕ ਦੱਖਣੀ ਰਾਜ ਵਿੱਚ ਇੱਕ ਮੁੱਖ ਮੰਤਰੀ ਦੇ ਖਿਲਾਫ ਭ੍ਰਿਸ਼ਟਾਚਾਰ ਦਾ ਕੇਸ ਉਸ ਜੱਜ ਅੱਗੇ ਪੇਸ਼ ਹੋਣਾ ਸੀ, ਜਿਹੜਾ ਓਸੇ ਮਹੀਨੇ ਪੰਜਾਬ-ਹਰਿਆਣਾ ਹਾਈ ਕੋਰਟ ਤੋਂ ਬਦਲ ਕੇ ਗਿਆ ਸੀ। ਉਸ ਰਾਜ ਦੀ ਹਾਈ ਕੋਰਟ ਵਿੱਚ ਵਕੀਲ ਵੀ ਥੋੜ੍ਹੇ ਨਹੀਂ ਤੇ ਘੱਟ ਅਕਲ ਵਾਲੇ ਵੀ ਨਹੀਂ ਹੋਣਗੇ, ਪਰ ਮੁੱਖ ਮੰਤਰੀ ਨੇ ਕੇਸ ਲੜਨ ਲਈ ਵਕੀਲ ਚੰਡੀਗੜ੍ਹ ਤੋਂ ਮੰਗਵਾਇਆ ਸੀ। ਓਥੇ ਲੋਕ ਹੱਸਦੇ ਸਨ ਕਿ ਇਹ ਵਕੀਲ ਉਸ ਜੱਜ ਸਾਹਿਬ ਨਾਲ ਕਈ ਦਹਾਕੇ ਪਹਿਲਾਂ ਤੋਂ ਹਰ ਸ਼ਾਮ ਬੈਠਦਾ ਆਇਆ ਹੋਣ ਕਰ ਕੇ ਓਥੋਂ ਦੇ ਮੁੱਖ ਮੰਤਰੀ ਨੇ ਇਸ ਨੂੰ ਕੇਸ ਸਿਰਫ ਇਸ ਲਈ ਸੌਂਪਿਆ ਹੈ ਕਿ ਕੇਸ ਜਿੱਤਣ ਦੀ ਗਾਰੰਟੀ ਹੈ। ਹੇਠਲੀਆਂ ਅਦਾਲਤਾਂ ਤੋਂ ਸਿਖਰ ਵਾਲੀ ਸੁਪਰੀਮ ਕੋਰਟ ਤੱਕ ਏਦਾਂ ਦੇ ਚਰਚੇ ਕਈ ਵਾਰ ਚੱਲ ਚੁੱਕੇ ਹਨ, ਕੁਝ ਵਕੀਲਾਂ ਨੇ ਇਸ ਦੀ ਗੱਲ ਛੇੜੀ ਤਾਂ ਉਨ੍ਹਾਂ ਦੇ ਖਿਲਾਫ ਮਾਣ-ਹਾਨੀ ਦੇ ਕੇਸ ਵੀ ਚੱਲ ਪਏ, ਪਰ ਇਹ ਰੌਲਾ ਨਹੀਂ ਰੁਕਿਆ। 'ਅੰਕਲ-ਜੱਜ' ਦੀ ਇਹ ਖੇਡ ਵੀ ਅਸਲ ਵਿੱਚ ਰਾਜਸੀ ਆਗੂਆਂ ਨੇ ਹੀ ਚਲਵਾਈ ਹੋਈ ਹੈ, ਜਿਹੜੇ ਜੱਜ ਬਣਨ ਲਈ ਕਿਸੇ ਨਾਂਅ ਉੱਤੇ ਪ੍ਰਵਾਨਗੀ ਵਾਲੀ ਮੋਹਰ ਲਾਉਣ ਤੋਂ ਪਹਿਲਾਂ ਠੋਕ-ਵਜਾ ਕੇ ਇਹ ਗੱਲ ਯਕੀਨੀ ਕਰਦੇ ਹਨ ਕਿ ਸਾਡੇ ਲਈ ਮੁਸ਼ਕਲ ਖੜੀ ਨਹੀਂ ਕਰੇਗਾ।

ਭਾਰਤ ਦੇ ਲੋਕਤੰਤਰ ਨੇ ਕੋਈ ਪਾਸਾ ਭ੍ਰਿਸ਼ਟ ਕਰਨ ਤੋਂ ਬਖਸ਼ਿਆ ਹੀ ਨਹੀਂ ਤੇ ਲੋਕਾਂ ਦੀ ਆਸ ਦੀ ਆਖਰੀ ਕੰਨੀ ਅਦਾਲਤਾਂ ਤੱਕ ਨੂੰ ਵਲਾਵਾਂ ਪਾਉਣ ਤੱਕ ਦਾ ਕੰਮ ਵੀ ਕਰ ਦਿੱਤਾ ਹੈ। ਕੀ ਇਸ ਨੂੰ ਭਾਰਤ ਦੇ ਲੋਕਤੰਤਰ ਦਾ ਨਿਰਾਲਾਪਣ ਕਿਹਾ ਜਾਵੇ? ਹੋਰਨਾਂ ਦੇਸ਼ਾਂ ਵਿੱਚ ਵੀ ਏਦਾਂ ਹੁੰਦਾ ਹੋਵੇਗਾ, ਪਰ ਭਾਰਤ ਵਿੱਚ ਵੋਟਾਂ ਪਾਉਣ ਤੋਂ ਲੈ ਕੇ ਹਰ ਮਾਮਲਾ ਜਦੋਂ ਭ੍ਰਿਸ਼ਟਾਚਾਰ ਦੇ ਨਾਗ-ਵਲ਼ ਦੀ ਜਕੜ ਵਿੱਚ ਆ ਚੁੱਕਾ ਹੈ ਤਾਂ ਇਹ ਸੋਚਣਾ ਪੈਂਦਾ ਹੈ ਕਿ ਅਗਲੀ ਵਾਰ ਦੀਆਂ ਜਿਨ੍ਹਾਂ ਚੋਣਾਂ ਤੋਂ ਅਸੀਂ ਇੱਕ ਵਾਰ ਫਿਰ ਆਸਾਂ ਲਾਉਣ ਲੱਗੇ ਹਾਂ, ਉਹ ਵੀ ਕੀ ਭਲਾ ਗੁਜ਼ਾਰਨਗੀਆਂ? ਭਾਰਤ ਦੇ ਲੋਕਾਂ ਵਾਸਤੇ ਧੀਰਜ ਬੰਨ੍ਹਾਉਣ ਵਾਲੀ ਕੋਈ ਗੱਲ ਨਹੀਂ ਦਿੱਸਦੀ, ਸਿਰਫ ਇੱਕ ਲੋਕਤੰਤਰ ਦਿੱਸਦਾ ਹੈ, ਅਸਲੋਂ ਖੋਖਲਾ ਜਿਹਾ ਲੋਕਤੰਤਰ।

# ਅਸੀਂ ਕੀ ਨੀ ਕੀਤਾ ਦੇਸ਼ ਖਾਤਰ?



ਸਾਲ 1971 ਦੀ ਲੋਂਗੋਵਾਲ ਦੀ ਪੋਸਟ ਦੀ ਪਾਕਿਸਤਾਨ ਨਾਲ ਲੜਾਈ ਜਿੱਤਣ ਵਾਲੇ ਪੰਜਾਬੀ ਯੋਧਿਆਂ ਦੀ ਇੱਕ ਸਾਂਝੀ ਤਸਵੀਰ

ਬਹੁਤ ਲੰਮਾ ਨਾ ਲਿਖਦੇ ਹੋਏ ਦੱਸਣਾ ਚਾਹੁੰਦੇ ਹਾਂ, ਕੁੱਝ ਸਮਾਂ ਹੋਇਆ ਤਾਲਿਬਾਨ ਨੇ ਅਫਗਾਨਿਸਤਾਨ ਤੇ ਕਬਜਾ ਕਰ ਲਿਆ। ਜਦੋਂ ਕਿ ਅਫਗਾਨਿਸਤਾਨ ਦੀ ਫੋਜ ਦੀ ਗਿਣਤੀ 3 ਲੱਖ ਤੋ ਵੱਧ ਹੋਣ ਦੇ ਨਾਲ-ਨਾਲ ਅਮਰੀਕਾ ਵਰਗੇ ਸ਼ਕਤੀਸ਼ਾਲੀ ਦੀ ਹਿਮਾਇਤ ਅਤੇ ਆਧੁਨਿਕ ਹਥਿਆਰ ਵੀ ਦਿੱਤੇ ਹੋਏ ਸਨ।

ਸੰਨ 1897 ਵਿੱਚ ਇਹਨਾਂ ਹੀ ਅਫਗਾਨੀ ਫੋਜਾਂ ਅਤੇ ਲੜਾਕਿਆਂ ਨੇ ਸਾਰਾਗੜੀ ਦੀ ਪੋਸਟ ਤੇ 10 ਹਜਾਰ ਦੀ ਗਿਣਤੀ ਵਿੱਚ ਹਮਲਾ ਕੀਤਾ ਸੀ। ਸਾਡੇ 36 ਸਿੱਖ ਦੇ 21 ਸੂਰਬੀਰਾਂ ਨੇ ਇਹਨਾਂ ਤੇ ਤਾਬੜਤੋੜ ਹਮਲੇ ਨੂੰ ਪਛਾੜ ਕੇ ਸ਼ਹੀਦੀਆਂ ਪਾ ਕੇ ਅਮਰ ਹੋ ਗਏ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਕਲਗੀਧਰ ਪਾਤਸ਼ਾਹ ਦੀ ਬਖਸ਼ੀ ਦਸਤਾਰ ਨੂੰ ਚਾਰ ਚੰਨ ਲਗਾ ਗਏ। ਉਹਨਾਂ ਦੇ ਇਤਿਹਾਸ ਤੋਂ ਉਰਜਾ ਲੈ ਕੇ ਉਹਨਾਂ ਦੇ ਨਕਸ਼ੇ ਕਦਮਾਂ ਤੇ ਚੱਲਦਿਆਂ ਅਸੀ ਸੰਨ 1971 ਵਿੱਚ ਮੁੱਠੀ ਭਰ ਜਵਾਨਾਂ ਨੇ ਸਾਰਾਗੜ੍ਹੀ ਦੀ ਲੜਾਈ ਦੇ ਨਾਲ ਥੋੜੀ ਬਹੁਤੀ ਮਿਲਦੀ ਜੁਲਦੀ ਟੱਕਰ ਲੈ ਕੇ ਬੁੱਕਦੇ ਸ਼ੇਰ ਦੇ ਗਲ ਨੂੰ ਹੱਥ ਪਾਇਆ। 45 ਟੈਂਕ ਅਤੇ ਇੱਕ ਬ੍ਰਿਗੇਡ ਦੇ ਹਮਲੇ ਨੂੰ ਸਿਰਾਂ ਤੇ ਕਫਨ ਬੰਨ ਕੇ ਪਛਾੜਿਆ। ਸਾਡੇ ਕਮਾਂਡ ਉਸ ਵੇਲੇ ਦੇ ਮੇਜਰ ਕੁਲਦੀਪ ਸਿੰਘ ਚਾਂਦਪੁਰੀ ਜੀ ਕਰ ਰਹੇ ਸਨ। ਚੰਗਾ ਤਾਲਮੇਲ, ਜੋਸ਼ ਅਤੇ ਹੋਸ਼ ਅਤੇ ਦੇਸ਼ ਲਈ ਮਰ ਮਿਟਣ ਦਾ ਜਜਬਾ ਹੀ ਸਾਡੀ ਜਿੱਤ ਦਾ ਕਾਰਨ ਬਣਿਆ।

*ਸਮੇਂ-ਸਮੇਂ ਦਾ ਫਰਕ:*


ਸੰਨ 1897 ਵਿੱਚ ਸਾਡੇ ਯੋਧਿਆਂ ਨੇ ਜੰਗ ਜਿੱਤੀ ਤਾਂ ਉਸ ਵੇਲੇ ਅਸੀ ਅੰਗਰੇਜੀ ਸ਼ਾਸ਼ਨ ਦੇ ਅਧੀਨ ਸੀ ਪਰੰਤੂ ਅੰਗਰੇਜਾਂ ਨੇ ਸਾਰਾਗੜੀ ਦੀ ਜੰਗ ਜਿੱਤ ਕੇ ਸ਼ਹੀਦ ਹੋਣ ਵਾਲੇ ਸੂਰਵੀਰਾਂ ਦਾ ਬਣਦਾ ਪੂਰਾ ਸਨਮਾਨ ਕਰਕੇ ਕੁੱਝ ਮੁਰੱਬੇ ਜਮੀਨ ਅਤੇ ਉਸ ਸਮੇਂ ਦੇ ਸਭ ਤੋਂ ਉੱਚੇ ਤਗਮੇ ਦਿੱਤੇ ਸਕੂਲਾਂ ਵਿੱਚ ਉਹਨਾਂ ਦਾ ਇਤਿਆਸ ਪੜਾਇਆ ਜਾਂਦਾ ਹੈ ਜੋ ਕਿ ਸਾਡੇ ਵਾਸਤੇ ਬਹੁਤ ਹੀ ਮਾਣ ਵਾਲੀ ਗੱਲ ਹੈ। ਅਸੀ 1971 ਵਿੱਚ ਜੋ ਲੋਂਗੇਵਾਲਾ ਪੋਸਟ ਤੇ 638 ਬੁਰਜੀ ਕੋਲੋ ਆਏ ਦੁਸ਼ਮਣ ਦੇ ਤੁਫਾਨੀ ਹਮਲੇ ਨੂੰ ਲੋਹੇ ਦੀ ਦੀਵਾਰ ਬਣ ਕੇ ਪਛਾੜਿਆ। ਅਸੀਂ ਇੱਕ ਟੈਂਕ ਅਤੇ 6 ਜਵਾਨ ਗੁਆ ਕੇ ਦੁਸ਼ਮਣ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਕਰਕੇ ਭਜਾਇਆ। ਜੇਕਰ ਕਿਸੇ ਨੂੰ ਕੋਈ ਸ਼ੱਕ ਸੁਭਾ ਹੈ ਤਾਂ ਲੋਂਗੇਵਾਲਾ ਪੋਸਟ ਦੇ ਇਰਧ-ਗਿਰਧ ਜਿੰਦਾ ਅਤੇ ਕੁੱਝ ਬਰਬਾਦ ਟੈਂਕ ਅੱਜ ਵੀ ਖੜੇ ਹਨ। ਤੋਤਲੀਆਂ ਜੁਬਾਨਾਂ ਵਾਲੇ ਬੱਚੇ ਜਵਾਨ ਪਤਨੀਆਂ ਅਤੇ ਬਿਰਧ ਮਾਪਿਆਂ ਦਾ ਮੋਹ ਤਿਆਗ ਕੇ ਦੇਸ਼ ਨਾਲ ਵਫਾਦਾਰੀ ਨਿਭਾਉਣ ਦਾ ਸਬੂਤ ਹੈ। ਲੋਂਗੇਵਾਲਾ ਪੋਸਟ ਦੀ ਪਵਿੱਤਰ ਧਰਤੀ ਅੱਜ ਵੀ ਗਵਾਹੀ ਭਰਦੀ ਹੈ। ਜਿਸ ਦੀ ਨਕਲ ਕਰਕੇ ਜੇ.ਪੀ ਦੱਤਾ ਨੇ ਬਾਰਡਰ ਫਿਲਮ ਵੀ ਬਣਾਈ ਹੈ। ਜੋ ਕਿ ਮਸ਼ਹੂਰ ਤਾਂ ਬਹੁਤ ਹੋਈ। ਸੰਨੀ ਦਿਓਲ ਨੇ ਨਾਮਨਾ ਵੀ ਖੱਟਿਆ ਪਰੰਤੂ ਅਸਲ ਸੱਚਾਈ ਤੋਂ ਹੱਟਕੇ ਹੈ। ਸਾਨੂੰ 1971 ਤੋਂ ਲੈ ਕੇ ਅੱਜ ਤੱਕ ਸਾਰੇ ਹਾਕਮਾਂ ਤੇ ਗਿਲਾ ਹੈ। ਉਹ ਦੇਸ਼ਾਂ ਅਤੇ ਵਿਦੇਸ਼ਾਂ ਵਿੱਚ ਭਾਰਤੀ ਫੋਜ਼ ਵਿੱਚ ਪੰਜਾਬੀਆਂ ਦਾ ਲੋਹਾ ਮਨਵਾਉਣ ਵਾਲੇ ਅਸਲੀ ਹੀਰੋਆਂ ਦੀ ਕਿਸੇ ਨੇ ਬਾਤ ਨਹੀ ਪੁੱਛੀ ਕਿ ਉਹ ਕਿਸ ਹਾਲ ਵਿੱਚ ਹਨ। ਸਾਡਾ ਕਿਸੇ ਤਾਕਤਵਰ ਨੇਤਾ ਨਾਲ ਰਿਸ਼ਤਾਂ ਜਾਂ ਨੇੜਤਾ ਨਹੀਂ ਹੈ। ਅਸੀ ਉਕਤ ਲੜਾਈ ਦੀ ਜਿੱਤ ਸਬੰਧੀ 50 ਸਾਲ ਪੂਰੇ ਹੋਣ ਤੇ ਗੋਲਡਨ ਜੁਬਲੀ ਮਨ੍ਹਾਂ ਰਹੇ ਹਾਂ। ਨਵੀਂ ਪੀੜੀ ਨੂੰ ਫੋਜ਼ ਵਿੱਚ ਭਰਤੀ ਹੋ ਕੇ ਸੇਵਾ ਕਰਨ ਦਾ ਚਾਅ ਕਿਵੇਂ ਹੋਵੇਗਾ। ਜੇਕਰ ਕਾਗਜ ਦੇ ਫੁੱਲਾਂ ਵਿੱਚੋ ਖਸ਼ਬੋ ਲੱਭਣ ਦੀ ਕੋਸ਼ਿਸ਼ ਹੋਵੇਗੀ ਅਤੇ ਬਨਾਵਟੀ ਅਸੂਲਾਂ ਨਾਲ ਸੱਚਾਈ ਛੁਪਾਈ ਜਾਵੇਗੀ।

ਵਿਦੇਸ਼ਾਂ ਵਿੱਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਨੂੰ ਸਰਕਾਰਾਂ ਵੱਲੋ ਕਰੋੜ੍ਹਾਂ ਰੁਪਏ ਦਿੱਤੇ ਜਾ ਰਹੇ ਹਨ। ਸਾਨੂੰ ਖੁਸ਼ੀ ਹੈ ਕਿਉਂਕਿ ਆਪਣਾ ਘਰੋ ਖਰਚ ਕਰ ਕੇ ਕਠਿਨ ਤਪੱਸਿਆ ਕਰਕੇ ਮੈਡਲ ਲੈ ਕੇ ਆਉਂਦੇ ਹਨ ਅਤੇ ਸਾਡੇ ਦੇਸ਼ ਦਾ ਨਾਮ ਉੱਚਾ ਕਰਦੇ ਹਨ ਅਤੇ ਨਵੀ ਪਨੀਰੀ ਨੂੰ ਨਸ਼ਿਆਂ ਤੋਂ ਹੱਟ ਕੇ ਖਿਡਰੀਆਂ ਵਰਗੇ ਸ਼ਰੀਰ ਤਰਾਸ਼ਣ ਦਾ ਸ਼ੋਕ ਪੈਦਾ ਹੁੰਦਾ ਹੈ। ਪਰ ਖਿਡਾਰੀ ਜੇਕਰ ਕਿਸੇ ਵਜਾ ਕਰਕੇ ਜਿੱਤ ਨਾ ਸਕੇ ਤਾਂ ਦੋਬਾਰਾ ਮਿਹਨਤ ਕਰਕੇ ਕੋਸ਼ਿਸ਼ ਕਰ ਸਕਦਾ ਹੈ। ਪਰ ਫੌਜ ਦੇ ਜਵਾਨਾਂ ਦੀ ਸਾਡੇ ਵਾਂਗ ਅਗਨੀ ਪ੍ਰੀਖਿਆ ਹੁੰਦੀ ਹੈ ਅਤੇ ਇੱਕੋ ਹੀ ਮੌਕਾ ਹੁੰਦਾ ਹੈ "ਜਾਂ ਲੜਾਈ ਫਤਹਿ ਕਰਨਾ ਜਾਂ ਤਿਰੰਗੇ ਝੰਡੇ ਵਿੱਚ ਆਉਂਣਾ"। ਪਰ ਸਮੇਂ-ਸਮੇਂ ਦੀ ਹਾਕਮਾਂ ਨੇ ਸਾਡੀ ਦੇਸ਼ ਭਗਤੀ ਅਤੇ ਹੋਰ ਬਹੁਤ ਸਾਡੇ ਫੋਜੀ ਜਵਾਨਾਂ ਦੀ ਬਹਾਦਰੀ ਨੂੰ ਬੋਨਾ ਕਰਕੇ ਦੇਖਿਆ ਹੈ। ਸੰਨ 1971 ਦੀ ਲੋਂਗੇਵਾਲਾ ਦੀ ਲੜਾਈ ਜਿੱਤਣ ਵਾਲੇ ਸਾਡੇ ਸਾਥੀ ਬਹੁਤ ਸਾਰੇ ਵੱਖਰੇ-ਵੱਖਰੇ ਕਾਰਨਾਂ ਜਾਂ ਬਿਮਾਰੀ ਕਾਰਨ ਪਰਲੋਕ ਸਿਧਾਰ ਗਏ ਹਨ ਅਤੇ ਧਰਮਰਾਜ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਹਿਸਾਬ ਕਿਤਾਬ ਦੇ ਚੁੱਕੇ ਹਨ। ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਜੀ (ਜੋ ਕਿ ਉਸ ਸਮੇਂ ਮੇਜਰ ਸਨ ) ਵੀ ਸਾਲ 2019 ਵਿੱਚ ਦੁਨੀਆ ਨੂੰ ਅਲਵਿਦਾ ਕਹਿ ਚੁੱਕੇ ਹਨ। ਅਸੀਂ ਕੁੱਝ ਕੁ ਸਾਥੀ ਜਿਉਂਦੇ ਹਾਂ ਅਤੇ ਬਜੁਰਗ ਅਵਸਥਾ ਵਿੱਚ ਹਾਂ ਅਤੇ ਪਰਮਾਤਮਾਂ ਦਾ ਸ਼ੁਕਰਾਨਾਂ ਕਰਦੇ ਹੋਏ ਆਪਣੇ ਪਰਿਵਾਰਾਂ ਵਿੱਚ ਰਹਿ ਰਹੇ ਹਾਂ ਅਤੇ ਪਰਮਾਂਤਮਾਂ ਅੱਗੇ ਸ਼ੁਕਰਾਨਾਂ ਕਰਦੇ ਹਾਂ ਕਿ ਸਾਨੂੰ ਦੇਸ਼ ਸੇਵਾ ਕਰਨ ਦਾ ਬਲ ਬਖਸ਼ਿਆ ਜੋ ਹਰੇਕ ਦੇ ਹਿੱਸੇ ਵਿੱਚ ਨਹੀਂ ਆਉਂਦਾ ਹੈ। ਸਾਡੇ ਭਾਰਤ ਵਰਸ਼ ਦੇ ਆਮ ਲੋਕਾਂ ਨੂੰ ਸਾਡੀ ਲੜਾਈ ਦੀ ਅਸਲੀਅਤ ਦਾ ਜਦੋਂ ਪਤਾ ਲੱਗਦਾ ਹੈ ਤਾਂ ਸਾਨੂੰ ਬਹੁਣ ਜਿਆਦਾ ਮਾਣ ਸਨਮਾਣ ਕਰਦੇ ਹਨ ਅਤੇ ਹੈਰਾਨ ਵੀ ਹੁੰਦੇ ਹਨ। ਸਟੇਜਾਂ ਤੇ ਅੱਡੀਆਂ ਚੱਕ-ਚੱਕ ਕੇ ਭਾਸ਼ਣ ਕਰਨ ਵਾਲੇ ਆਖੋਤੀ ਦੇਸ਼ ਭਗਤਾਂ ਨੇ ਸਾਨੂੰ 1971 ਤੋਂ ਲੈ ਕੇ ਅੱਜ ਤੱਕ ਸਰੋਂਪੇ ਦੀ ਜਗਾ ਰੁਮਾਲ ਜਾਂ ਕਿਰਪਾਣ ਦੀ ਥਾਂ ਤੇ ਛੁਰੀ ਤੱਕ ਵੀ ਨਹੀ ਦਿੱਤੀ। ਦੂਸਰੇ ਪਾਸੇ ਪੱਗਾਂ ਬਣ ਕੇ ਨਕਲੀ ਸਿੱਖ ਬਣ ਕੇ ਨਕਲੀ ਫਿਲਮਾਂ ਬਣਾਉਣ ਵਾਲਿਆਂ ਨੂੰ ਵੱਡੇ-ਵੱਡੇ ਇਨਾਮ ਦੇ ਕੇ ਐਮ.ਪੀ ਤੱਕ ਬਣਾ ਕੇ ਵੱਡੀਆਂ-ਵੱਡੀਆਂ ਸਹੂਲਤਾਂ ਤੱਕ ਵੀ ਦਿੱਤੀਆਂ ਜਾਂਦੀਆਂ ਹਨ। ਇਹ ਨੱਚਣ ਗਾਉਣ ਵਾਲੇ ਅਤੇ ਫਿਲਮੀ ਹੀਰੋ ਮਨੋਰੰਜਣ ਦਾ ਤਾਂ ਚੰਗਾ ਸਾਧਨ ਹਨ ਪਰੰਤੂ ਦੇਸ਼ ਦੇ ਕੋਈ ਮੁਸੀਬਤ ਪੈਣ ਤੇ ਭੱਖਦੇ ਕੋਲਿਆਂ ਤੇ ਚਲ ਕੇ ਸਖਤ ਪ੍ਰੀਖਿਆ ਵਿੱਚੋ ਕੋਮਲ ਸ਼ਰੀਰਾਂ ਵਾਲੇ ਪਾਸ ਨਹੀ ਹੋ ਸਕਦੇ। ਫੋਜ਼ ਦੇ ਜਵਾਨ ਕਿਸੇ ਇੱਕ ਪਾਰਟੀ ਦੇ ਵਫਾਦਾਰ ਸਿਪਾਹੀ ਨਾਂ ਹੋ ਕੇ ਪੂਰੇ ਭਾਰਤ ਵਰਸ਼ ਦੇ ਵਫਾਦਾਰ ਸਿਪਾਹੀ ਹੁੰਦੇ ਹਨ ਅਤੇ ਸਾਡੇ ਨੇਤਾ ਤਾਂ ਸਿਰਫ ਪਾਰਟੀ ਦੇ ਵਫਾਦਾਰ ਹੁੰਦੇ ਹਨ। ਉਹ ਵੀ ਜਰੂਰੀ ਨਹੀ ਹੈ ਕੁਰਸੀ ਦੀ ਖਾਤਰ ਕਿਸੇ ਵੀ ਪਾਰਟੀ ਵਿੱਚ ਚਲੇ ਜਾਂਦੇ ਹਨ ਜਾਂ ਸਮਰਥਨ ਕਰ ਲੈਂਦੇ ਹਨ। ਸਾਂਝੇ ਬਾਬੇ ਨੂੰ ਕੋਈ ਨੀ ਪੁੱਛਦਾ। ਅਸੀਂ ਤਾਂ ਇਹ ਆਪਣੇ ਮਨ ਦਾ ਕੁੱਝ ਗੁਭਾਰ ਹੀ ਕੱਢਿਆ ਹੈ। ਅਸੀ ਅੱਜ ਵੀ ਆਪਣੇ ਦੇਸ਼ ਲਈ ਕੁਰਬਾਨੀ ਦੇਣ ਲਈ ਹਮੇਸ਼ਾਂ ਤਿਆਰ ਬੈਠੇ ਹਾਂ ਅਤੇ ਚਾਹੁੰਦੇ ਹਾਂ ਕਿ ਫੋਜੀਆਂ ਨੂੰ ਆਪਣਾ ਬਣਦਾ ਮਾਣ ਸਨਮਾਣ ਹਮੇਸ਼ਾਂ ਮਿਲਦਾ ਰਹਿਣਾ ਚਾਹੀਦਾ ਹੈ ਅਤੇ ਫੋਜੀਆਂ ਦੀ ਕੁਰਬਾਨੀਆਂ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ। ਕਿਉਂਕਿ ਜੋ ਦੇਸ਼ ਕੋਮ ਆਪਣੇ ਸ਼ਹੀਦਾਂ ਅਤੇ ਉਹਨਾਂ ਦੇ ਇਤਿਹਾਸ ਨੂੰ ਭੁੱਲ ਜਾਂਦੀ ਹੈ ਉਹ ਕੋਮ ਜਿਆਦਾ ਦੇਰ ਤੱਕ ਨਹੀ ਰਹਿ ਸਕਦੀ ਹੈ।

*-ਜਗਦੇਵ ਸਿੰਘ ਸਾਬਕਾ ਫੌਜੀ*
*ਪਿੰਡ ਘੱਲ ਖੁਰਦ*
*ਜਿਲ੍ਹਾ ਫਿਰੋਜ਼ਪੁਰ।*
*98888-97963*

# ਹਾਕੀ ਓਲੰਪੀਅਨ ਬਲਬੀਰ ਸਿੰਘ ਦਾ ਚਿੱਤਰ ਅਜਾਇਬ ਘਰ ਵਿਚ ਸੁਸ਼ੋਭਤ ਕਰਨ ਬਾਰੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਖੁੱਲ੍ਹਾ ਖ਼ਤ

ਪ੍ਰਿੰਸੀਪਲ ਸਰਵਣ ਸਿੰਘ



ਅਖ਼ਬਾਰਾਂ ਵਿਚ ਖ਼ਬਰ ਛਪੀ ਹੈ ਕਿ ਤਿੰਨ ਸਿੱਖ ਸ਼ਖ਼ਸੀਅਤਾਂ ਦੇ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕੀਤੇ ਗਏ ਹਨ। ਕੁਝ ਸਮਾਂ ਪਹਿਲਾਂ ਚਾਰ ਸਿੱਖ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕੀਤੀਆਂ ਸਨ। ਅਜਿਹੇ ਸ਼ੁਭ ਕਾਰਜ ਲਈ ਕਮੇਟੀ ਨੂੰ ਲੱਖ ਲੱਖ ਵਧਾਈਆਂ! ਕਮੇਟੀ ਨੇਬਲਵੀਰ ਸਿੰਘ ਦੇ ਅਕਾਲ ਚਲਾਣੇ ਉਪਰੰਤ ਜੂਨ 2020 ਵਿਚ ਮਤਾ ਪਾਸ ਕੀਤਾ ਸੀ ਕਿ ਗੁਰਿਸੱਖ ਹਾਕੀ ਖਿਡਾਰੀ ਆਈਕੌਨਿਕ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕੀਤੀ ਜਾਵੇਗੀ। ਉਦੋਂ ਭਾਈ ਗੋਬਿੰਦ ਸਿੰਘ ਲੌਂਗੋਵਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ। ਮੈਂ ਇਕਸੀਨੀਅਰ ਕਮੇਟੀ ਮੈਂਬਰ ਨੂੰ ਯਾਦ ਵੀ ਕਰਵਾਉਂਦਾ ਆ ਰਿਹਾਂ। ਉਸ ਮੈਂਬਰ ਨੇ ਬਲਬੀਰ ਸਿੰਘ ਦੀ ਲੜਕੀਤੋਂ ਉਨ੍ਹਾਂ ਦੇ ਸਵਰਗਵਾਸੀ ਪਿਤਾ ਜੀ ਦੀ ਤਸਵੀਰ ਵੀ ਹਾਸਲ ਕੀਤੀ ਹੋਈ ਹੈ। ਪਰ ਜਦ ਯਾਦ ਕਰਾਓ ਤਾਂ ਕਹਿ ਦਿੰਦੇ ਹਨ ਕਿ ਜਦੋਂ ਤਿੰਨ ਚਾਰ ਤਸਵੀਰਾਂ 'ਕੱਠੀਆਂ ਹੋ ਗਈਆਂ ਤਾਂ ਇਕੱਠੀਆਂ ਹੀ ਸੁਸ਼ੋਭਿਤ ਕਰਾਂਗੇ। ਅਜਿਹੇ ਮੌਕੇ ਕਈ ਵਾਰ ਜੁੜ ਚੁੱਕੇ ਹਨ ਪਰ ਵਿਸ਼ਵ ਦੇ ਅੱਵਲ ਨੰਬਰ ਹਾਕੀ ਖਿਡਾਰੀ ਬਲਬੀਰ ਸਿੰਘ ਦੀ ਤਸਵੀਰ ਅਜੇ ਤਕ ਵੀ ਸ਼ਸ਼ੋਭਿਤ ਨਹੀਂ ਕੀਤੀ ਗਈ। ਉਨ੍ਹਾਂ ਦੀ ਪੁੱਤਰੀ ਸੁਸ਼ਬੀਰ ਕੌਰ ਵੀ ਵਾਰ ਵਾਰ ਯਾਦ ਕਰਵਾ ਚੁੱਕੀ ਹੈ। ਬਲਬੀਰ ਸਿੰਘ ਦਾ ਚਿੱਤਰ ਸਜਾਉਣ ਨਾਲ ਸਿੱਖ ਕੌਮ ਦੀ ਸ਼ਾਨ ਹੀ ਵਧਣੀ ਹੈ, ਕਿਸੇ ਪਰਿਵਾਰ ਦੀ ਨਹੀਂ।

ਸਰਦਾਰ ਬਲਬੀਰ ਸਿੰਘ ਸਿੱਖ ਕੌਮ ਦੇ ਮਾਣ ਹਨ ਜਿਨ੍ਹਾਂ ਨੇ ਪੂਰਨ ਗੁਰਿਸੱਖ ਰਹਿੰਦਿਆਂ ਵਿਸ਼ਵ ਭਰ ਵਿਚ ਸਿੱਖ ਸਰੂਪ ਦੀ ਪ੍ਰਦਰਸ਼ਨੀ ਕੀਤੀ। ਉਨ੍ਹਾਂ ਨੇ ਓਲੰਪਿਕ ਖੇਡਾਂ ਵਿਚੋਂ ਤਿੰਨ ਗੋਲਡ ਮੈਡਲ ਜਿੱਤੇ, ਭਾਰਤੀ ਟੀਮ ਦੀ ਕਪਤਾਨੀ ਕੀਤੀ ਤੇ ਭਾਰਤੀ ਹਾਕੀ ਟੀਮਾਂ ਦੇ ਕੋਚ/ਮੈਨੇਜਰ ਬਣ ਕੇ ਵਿਸ਼ਵ ਹਾਕੀ ਕੱਪ ਸਮੇਤ ਭਾਰਤ ਨੂੰਸੱਤ ਮੈਡਲ ਜਿਤਵਾਏ। ਲੰਡਨ-2012 ਦੀਆਂ ਓਲੰਪਿਕ ਖੇਡਾਂ ਵੇਲੇ ਅੰਤਰਾਸ਼ਟਰੀ ਓਲੰਪਿਕ ਕਮੇਟੀ ਨੇ ਉਨ੍ਹਾਂ ਨੂੰ ਓਲੰਪਿਕ ਖੇਡਾਂ ਦੇ ਇਤਿਹਾਸ ਦਾ ਸਰਵੋਤਮ ਹਾਕੀ ਖਿਡਾਰੀ ਐਲਾਨਿਆਸੀ ਤੇ ਆਈਕੋਨਿਕ ਓਲੰਪੀਅਨ ਦਾ ਖਿਤਾਬ ਦਿੱਤਾ ਸੀ ਜੋ ਹੁਣ ਤਕ ਕੇਵਲ ਇਕੋ ਭਾਰਤੀ ਖਿਡਾਰੀ ਨੂੰ ਹੀ ਮਿਲਿਆ ਹੈ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਦੇ ਫਾਈਨਲ ਮੈਚ ਵਿਚ ਨੀਦਰਲੈਂਡਜ਼ ਵਿਰੁੱਧ ਬਲਬੀਰ ਸਿੰਘ ਦੇ ਕੀਤੇ 5 ਗੋਲਾਂ ਦਾ ਰਿਕਾਰਡ 72 ਸਾਲਾਂ ਤੋਂ ਅੱਜ ਤਕ ਕਾਇਮ ਹੈ। ਉਹ 97 ਸਾਲ ਦੀ ਉਮਰੇ25 ਮਈ 2020 ਨੂੰ ਚੰਡੀਗੜ੍ਹ ਵਿਚ ਪਰਲੋਕ ਸਿਧਾਰੇ ਸਨ। ਉਨ੍ਹਾਂ ਦਿਨਾਂ ਵਿਚ ਹੀ ਸ਼੍ਰੋਮਣੀ ਕਮੇਟੀ ਦੀ ਕਾਰਜਕਾਰੀ ਕਮੇਟੀ ਨੇ ਬਲਬੀਰ ਸਿੰਘ ਦੀ ਤਸਵੀਰ ਅਜਾਇਬ ਘਰ ਵਿਚ ਸਜਾਉਣ ਦਾ ਮਤਾ ਪਾਸ ਕੀਤਾ ਸੀ ਜਿਸ ਦੀਆਂ ਅਖ਼ਬਾਰਾਂ ਵਿਚ ਖ਼ਬਰਾਂ ਵੀ ਛਪੀਆਂ ਸਨ।

ਸਿੱਖਾਂ ਦਾ ਕੇਂਦਰੀ ਸਰਕਾਰ ਉਤੇ ਗਿਲਾ ਹੈ ਕਿ ਗੁਰਸਿੱਖ ਖਿਡਾਰੀ ਬਲਬੀਰ ਸਿੰਘ ਨੂੰ ਭਾਰਤ ਰਤਨ ਅਵਾਰਡ ਸ਼ਾਇਦ ਇਸ ਕਰਕੇ ਨਹੀਂ ਦਿੱਤਾ ਜਾ ਰਿਹੈਕਿ ਉਹ ਘੱਟਗਿਣਤੀ ਭਾਈਚਾਰੇ ਨਾਲ ਸੰਬੰਧਿਤ ਹਨ ਜਦ ਕਿ ਸਚਿਨ ਤੇਂਦੁਲਕਰ ਨੂੰ ਛੋਟੀ ਉਮਰ ਵਿਚ ਹੀ ਦੇ ਦਿੱਤਾ ਗਿਆ ਹੈ। ਪਰ ਏਥੇ ਤਾਂ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਹੀ ਆਪਣੇ ਗੁਰਸਿੱਖ ਖਿਡਾਰੀ ਨੂੰ ਵਿਸਾਰੀ ਬੈਠੀ ਹੈ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਸਾਹਿਬਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਾਹਿਬ ਨੂੰ ਬੇਨਤੀ ਹੈ ਕਿ ਇਹ ਸ਼ੁਭ ਕਾਰਜ ਛੇਤੀ ਨੇਪਰੇ ਚੜ੍ਹਵਾਉਣਤੇਖਿਡਾਰੀ ਜਗਤ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ। 31 ਦਸੰਬਰ 2021 ਬਲਬੀਰ ਸਿੰਘ ਦਾ 99ਵਾਂ ਜਨਮ ਦਿਵਸ ਹੈ।ਮੈਂ ਬਲਬੀਰ ਸਿੰਘ ਜੀ ਦੀ ਜੀਵਨੀ 'ਗੋਲਡਨ ਗੋਲ' ਲਿਖੀਹੈ ਜੋ 2015 ਵਿਚ ਛਪੀ ਸੀ। ਉਸ ਉਤੇ ਨਜ਼ਰ ਮਾਰ ਕੇ ਬਲਬੀਰ ਸਿੰਘ ਬਾਰੇ ਬਹੁਤ ਕੁਝ ਜਾਣਿਆਂ ਜਾ ਸਕਦਾ ਹੈ। ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਮੈਂ ਹਾਜ਼ਰ ਹਾਂ।

## ਹਲਕਾ-ਫੁਲਕਾ



ਪੱਪੂ ਦਾਰੂ ਪੀ ਕੇ ਤਾਲਾ ਖੋਲ੍ਹਣ ਲੱਗਾ, ਪਰ ਹੱਥ ਕੰਬਣ ਦੀ ਵਜ੍ਹਾ ਨਾਲ ਤਾਲਾ ਨਹੀਂ ਖੁੱਲ੍ਹ ਰਿਹਾ ਸੀ।
ਬੰਟੀ ਬੋਲਿਆ, "ਮੈਂ ਖੋਲ੍ਹ ਦਿਆਂ?"
ਪੱਪੂ, "ਨਹੀਂ, ਮੈਂ ਖੋਲ੍ਹ ਲਵਾਂਗਾ, ਤੂੰ ਬਸ ਘਰ ਨੂੰ ਫੜ ਕੇ ਰੱਖ, ਬਹੁਤ ਹਿੱਲ ਰਿਹੈ।"

******

ਪੱਪੂ ਆਪਣੇ ਸਹੁਰੇ ਗੁਰੂ ਦੇ ਪ੍ਰਵਚਨ ਸੁਣਨ ਗਿਆ। ਗੁਰੂ ਜੀ ਬੋਲੇ, "ਜਿਹੜੇ ਲੋਕ ਸਵਰਗ ਜਾਣਾ ਚਾਹੁੰਦੇ ਹਨ, ਉਹ ਹੱਥ ਉਪਰ ਕਰੋ।"
ਪੱਪੂ ਦੀ ਸੱਸ ਤੇ ਪਤਨੀ ਨੇ ਹੱਥ ਉਪਰ ਕਰ ਦਿੱਤੇ।
ਗੁਰੂ ਜੀ ਨੇ ਪੱਪੂ ਨੂੰ ਪੁੱਛਿਆ, "ਕੀ ਤੂੰ ਸਵਰਗ ਨਹੀਂ ਜਾਣਾ ਚਾਹੁੰਦਾ?"
ਪੱਪੂ, "ਗੁਰੂ ਜੀ! ਇਹ ਦੋਵੇਂ ਚਲੀਆਂ ਜਾਣਗੀਆਂ, ਮੇਰਾ ਤਾਂ ਇੱਥੇ ਹੀ ਸਵਰਗ ਹੋ ਜਾਵੇਗਾ।"

******

ਇੱਕ ਦਸ ਸਾਲ ਦਾ ਬੱਚਾ ਬਹੁਤ ਧਿਆਨ ਨਾਲ ਇੱਕ ਕਿਤਾਬ ਪੜ੍ਹ ਰਿਹਾ ਸੀ, ਜਿਸ ਦਾ ਟਾਈਟਲ ਸੀ 'ਬੱਚਿਆਂ ਦਾ ਪਾਲਣ-ਪੋਸ਼ਣ ਕਿਵੇਂ ਕਰੀਏ?"
ਬੱਚੇ ਦੀ ਮਾਂ, "ਤੂੰ ਇਸ ਕਿਤਾਬ ਨੂੰ ਕਿਉਂ ਪੜ੍ਹ ਰਿਹਾ ਹੈਂ?"
ਬੱਚਾ, "ਮੈਂ ਇਹ ਦੇਖਣਾ ਚਾਹੁੰਦਾ ਹਾਂ ਕਿ ਮੇਰਾ ਪਾਲਣ-ਪੋਸ਼ਣ ਠੀਕ ਢੰਗ ਨਾਲ ਹੋ ਰਿਹਾ ਹੈ ਕਿ ਨਹੀਂ।"

******

ਨਿਸ਼ੂ (ਮਨੂੰ ਨੂੰ), "ਚੰਗਾ ਹੋਇਆ, ਮੈਂ ਮਹਾਰਾਸ਼ਟਰ ਵਿੱਚ ਪੈਦਾ ਨਹੀਂ ਹੋਇਆ?"
ਮਨੂੰ, "ਕਿਉਂ?"
ਨਿਸ਼ੂ, "ਕਿਉਂਕਿ ਮੈਨੂੰ ਮਰਾਠੀ ਭਾਸ਼ਾ ਦਾ ਇੱਕ ਅੱਖਰ ਵੀ ਨਹੀਂ ਆਉਂਦਾ।"

*******

ਲਵਲੀਨ (ਆਪਣੇ ਭਰਾ ਜਿੰਮੀ ਨੂੰ), "ਜਿੰਮੀ ਵੀਰੇ, ਮੈਂ ਬਰਫ ਖਾਵਾਂਗੀ।"
ਜਿੰਮੀ, "ਸਰਦੀਆਂ ਵਿੱਚ ਬਰਫ ਨਹੀਂ ਖਾਈਦੀ।"
ਲਵਲੀਨ, "ਮੈਂ ਗਰਮ ਕਰ ਕੇ ਖਾ ਲਵਾਂਗੀ।"

*******

ਕਮਲ, "ਮੇਰੇ ਡੈਡੀ ਬਹੁਤ ਬਹਾਦਰ ਹਨ।"
ਵਿਨੋਦ, "ਉਹ ਕਿਵੇਂ?"
ਕਮਲ, "ਮੇਰੀ ਦਾਦੀ ਕਹਿੰਦੇ ਹਨ ਕਿ ਉਹ ਬਚਪਨ ਵਿੱਚ ਰੋਂਦੇ ਸੀ ਤਾਂ ਸਾਰਾ ਘਰ ਸਿਰ ਉੱਤੇ ਉਠਾ ਲੈਂਦੇ ਸੀ।"




## ਮੁੱਖ ਮੰਤਰੀ ਚੰਨੀ ਦੇ ਐਲਾਨ ਹੋਣ ਦੇ ਬਾਵਜੂਦ ਆਟੋ ਚਲਾਨ ਆਰ ਟੀ ਏ ਦਫਤਰ ਨੇ ਅਦਾਲਤ ਨੂੰ ਭੇਜੇ

ਲੁਧਿਆਣਾ, 2 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪਿਛਲੇ ਹਫਤੇ ਲੁਧਿਆਣਾ ਦੀ ਆਪਣੀ ਫੇਰੀ ਦੌਰਾਨ ਆਟੋ ਵਾਲਿਆਂ ਨੂੰ ਰਾਹਤ ਦੇਂਦੇ ਹੋਏ ਪੁਰਾਣੇ ਚਲਾਨਾਂ ਦੇ ਜੁਰਮਾਨੇ ਮੁਆਫ ਕਰਨ ਦਾ ਐਲਾਨ ਕੀਤਾ ਸੀ, ਪਰ ਇਸ ਦਾ ਨੋਟੀਫਿਕੇਸ਼ਨ ਹਾਲੇ ਜਾਰੀ ਨਹੀਂ ਹੋਇਆ, ਇਸ ਕਾਰਨ ਕੱਲ੍ਹ ਆਰ ਟੀ ਏ ਦਫਤਰ ਨੇ ਆਟੋਜ਼ ਦੇ ਪੈਂਡਿੰਗ ਕੇਸ ਅਦਾਲਤ ਵਿੱਚ ਭੇਜਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਲੁਧਿਆਣਾ ਦੇ ਆਰ ਟੀ ਏ ਦਫਤਰ ਵਿੱਚ ਸਤੰਬਰ 2021 ਤਕ ਪੰਜਾਹ ਹਜ਼ਾਰ ਤੋਂ ਵੱਧ ਪੈਂਡਿੰਗ ਚਲਾਣਾਂ ਵਿੱਚੋਂ ਬਹੁਤੇ ਆਟੋ ਚਾਲਕਾਂ ਦੇ ਸਨ। ਆਰ ਟੀ ਏ ਦਫਤਰ ਨੇ ਤੀਹ ਸਤੰਬਰ 2021 ਤੋਂ ਪਹਿਲਾਂ ਦੇ ਚਲਾਣਅਦਾਲਤ ਭੇਜਣ ਦੀ ਪ੍ਰਕਿਰਿਆ ਸ਼ੁਰੂ ਕਰ ਕੇ ਕੱਲ੍ਹ ਇੱਕੋ ਦਿਨ ਵਿੱਚ 1960 ਚਲਾਣ ਕਾਰਵਾਈ ਲਈ ਅਦਾਲਤ ਨੂੰ ਭੇਜੇ ਅਤੇ ਮੁਲਾਜ਼ਮਾਂ ਨੇ ਪੈਂਡਿੰਗ ਚਲਾਣਾਂ ਦੀਆਂ ਸੂਚੀ ਬਣਾ ਕੇ ਬੰਡਲ ਬਣਾਉਣੇ ਵੀ ਸ਼ੁਰੂ ਕਰ ਦਿੱਤੇ ਹਨ। ਆਰ ਟੀ ਏ ਦਫਤਰ ਜੇ ਚਲਾਣ ਅਦਾਲਤ ਵਿੱਚਭੇਜ ਦੇਵੇ ਤਾਂ ਆਟੋ ਚਾਲਕਾਂ ਨੂੰ ਚਲਾਣ ਭੁਗਤਣੇਪੈਣਗੇ। ਇਸ ਕਾਰਵਾਈ ਤੋਂ ਔਖੇ ਆਟੋ ਚਾਲਕਾਂ ਨੇ ਕੱਲ੍ਹ ਆਟੋ ਰਿਕਸ਼ਾ ਵਰਕਰਸ ਫੈਡਰੇਸ਼ਨ ਦੇ ਪ੍ਰਧਾਨ ਸਤੀਸ਼ ਕੁਮਾਰ ਮਾਮਾ ਦੀ ਅਗਵਾਈ ਹੇਠ ਆਰ ਟੀ ਏ ਦਫਤਰ ਵਿੱਚ ਪ੍ਰਦਰਸ਼ਨ ਕਰ ਕੇ ਸੰਘਰਸ਼ ਦੀ ਚਿਤਾਵਨੀ ਦਿੱਤੀ ਤਾਂ ਇਸ ਦਫਤਰ ਨੇ ਕਿਸੇ ਨੋਟੀਫਿਕੇਸ਼ਨ ਦੇ ਬਿਨਾਂ ਕਾਗਜ਼ਾਂ ਉੱਤੇਦਸਤਖਤ ਕਰ ਕੇ ਕਾਗਜ਼ਾਤ ਨਾ ਹੋਣ ਕਾਰਨ ਜ਼ਬਤ ਕੀਤੇ 10 ਆਟੋ ਛੱਡ ਦਿੱਤੇ।

## ਵਿਧਾਇਕ ਸਿਮਰਜੀਤ ਬੈਂਸ ਵਿਰੁੱਧ ਬਲਾਤਕਾਰ ਕੇਸ ਦੀ ਸੁਣਵਾਈ 10 ਨੂੰ ਹੋਣੀ ਤੈਅ

ਲੁਧਿਆਣਾ, 2 ਦਸੰਬਰ (ਪੋਸਟ ਬਿਊਰੋ)- ਸਥਾਨਕ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੇ ਖਿਲਾਫ ਬਲਾਤਕਾਰ ਮਾਮਲੇ ਦੀ ਅਗਲੀ ਸੁਣਵਾਈ ਅਦਾਲਤ ਨੇ 10 ਦਸੰਬਰ ਤਕ ਮੁਲਤਵੀ ਕਰ ਕੇ ਇਸ ਮਾਮਲੇ ਵਿੱਚ ਬੈਂਸ ਅਤੇ ਉਸ ਦੇ ਸਾਥੀਆਂ ਖ਼ਿਲਾਫ਼ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ। ਕੁਝ ਸਮਾਂ ਪਹਿਲਾਂ ਪੁਲਸ ਨੇ ਇਨ੍ਹਾਂ ਸਾਰਿਆਂ ਖ਼ਿਲਾਫ਼ ਅਦਾਲਤ ਵਿੱਚ ਚਾਲਾਨ ਵੀ ਪੇਸ਼ ਕੀਤਾ ਸੀ। ਜਦੋਂ ਬੈਂਸ ਅਤੇ ਉਸ ਦੇ ਸਾਥੀ ਪੇਸ਼ ਨਾ ਹੋਏ ਤਾਂ ਅਦਾਲਤ ਨੇ ਪਹਿਲਾਂ ਜ਼ਮਾਨਤੀ ਅਤੇ ਫਿਰ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕਰਦਿਆਂ ਇੱਕ ਦਸੰਬਰ ਤਕ ਪੁਲਸ ਕਮਿਸ਼ਨਰ ਨੂੰ ਇਨ੍ਹਾਂ ਨੂੰ ਗ੍ਰਿਫ਼ਤਾਰ



ਕਰਨ ਦੇ ਹੁਕਮ ਦਿੱਤੇ, ਪਰ ਕੱਲ੍ਹ ਅਦਾਲਤ ਵਿੱਚ ਸਰਕਾਰੀ ਵਕੀਲ ਨੇ ਦੱਸਿਆ ਕਿ ਵਾਰੰਟਾਂ ਦੀ ਤਾਮੀਲ ਨਹੀਂ ਕੀਤੀ ਜਾ ਸਕੀ, ਕਿਉਂਕਿ ਪੁਲਸ ਨੂੰ ਦੋਸ਼ੀ ਆਪਣੇ ਘਰ ਵਿੱਚ ਨਹੀਂ ਸਨ ਮਿਲੇ।

ਪੀੜਤ ਔਰਤ ਦੇ ਵਕੀਲ ਹਰੀਸ਼ ਰਾਏ ਢਾਂਡਾ ਨੇ ਦੱਸਿਆ ਕਿ ਸਰਕਾਰੀ ਧਿਰ ਨੇ ਅਦਾਲਤ ਨੂੰ ਦੱਸਿਆ ਕਿ ਇਸ ਕੇਸ ਵਿੱਚ ਸਰਕਾਰ ਨੇ ਇੱਕ ਹੋਰ ਜਾਂਚ ਟੀਮ ਬਣਾਈ ਹੈ, ਜਿਸ ਵਿੱਚ ਡੀ ਆਈ ਜੀ ਰੈਂਕ ਦਾ ਅਧਿਕਾਰੀ ਸ਼ਾਮਲ ਕੀਤਾ ਹੈ। ਇਹ ਕਾਰਵਾਈ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੇ ਭਰਾ ਬਲਵਿੰਦਰ ਸਿੰਘ ਬੈਂਸ ਦੀ ਸ਼ਿਕਾਇਤ ਉੱਤੇਕੀਤੀ ਗਈ ਹੈ ਕਿਉਂਕਿ ਸਿਮਰਜੀਤ ਸਿੰਘ ਬੈਂਸ ਨੇ ਲੁਧਿਆਣਾ ਪੁਲਸ ਵੱਲੋਂ ਕੀਤੀ ਜਾਂਚ ਤੋਂ ਅਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਸੀ, ਪਰ ਅਦਾਲਤ ਨੇ ਗੈਰ ਜ਼ਮਾਨਤੀ ਵਾਰੰਟ ਉੱਤੇ ਆਪਣੇ ਹੁਕਮ ਜਾਰੀ ਰੱਖਦਿਆਂ ਪੁਲਸ ਨੂੰ 10 ਦਸੰਬਰ ਤਕ ਬੈਂਸ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕਰਨ ਦੇ ਹੁਕਮ ਜਾਰੀ ਕੀਤਾ ਹੈ।

## ਬਰਥਡੇ ਪਾਰਟੀ ਦੌਰਾਨ ਗੋਲੀਆਂ ਚੱਲਣ ਨਾਲ ਨੌਜਵਾਨ ਦੀ ਮੌਤ

ਅੰਮ੍ਰਿਤਸਰ, 2 ਦਸੰਬਰ (ਪੋਸਟ ਬਿਊਰੋ)- ਏਥੇ ਝਬਾਲ ਰੋਡ ਇਲਾਕੇ ਵਿੱਚ ਅਨੰਦ ਵਿਹਾਰ ਕਾਲੋਨੀ ਵਿੱਚ ਜਨਮ ਦਿਨ ਪਾਰਟੀ ਦੌਰਾਨ ਗੋਲੀਆਂ ਚੱਲਣ ਕਰਕੇ ਕੱਲ੍ਹ ਇੱਕ ਨੌਜਵਾਨ ਦੀ ਮੌਤ ਹੋ ਗਈ ਅਤੇ ਦੋ ਜਣੇ ਜ਼ਖ਼ਮੀ ਹੋ ਗਏ। ਮਰਨ ਵਾਲੇ ਨੌਜਵਾਨ ਦੀ ਪਛਾਣ ਸੌਰਭ ਵਾਸੀ ਹੁਸ਼ਿਆਰਪੁਰ ਵਜੋਂ ਹੋਈ ਹੈ।




ਮਿਲੀ ਜਾਣਕਾਰੀ ਮੁਤਾਬਕ ਸੌਰਭ ਆਪਣੇ ਮਨਦੀਪ ਨਾਂਅ ਦੇ ਦੋਸਤ ਦੀ ਜਨਮ ਦਿਨ ਪਾਰਟੀ ਵਿੱਚ ਸ਼ਾਮਲ ਹੋਣ ਅੰਮ੍ਰਿਤਸਰ ਆਇਆ ਸੀ। ਪਾਰਟੀ ਵਿੱਚ ਜਸ਼ਨ ਦੇ ਸਮੇਂ ਕੁਝ ਨੌਜਵਾਨਾਂ ਨੇ ਹਵਾਈ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਉਸ ਦੌਰਾਨ ਸੌਰਭ ਅਤੇ ਦੋ ਹੋਰ ਨੌਜਵਾਨਾਂ ਦੇ ਗੋਲੀਆਂ ਲੱਗ ਗਈਆਂ। ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਸੌਰਭ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਗੇਟ ਹਕੀਮਾਂ ਪੁਲਸ ਨੇ ਇਸ ਸਬੰਧੀ ਪੰਜ ਨੌਜਵਾਨਾਂ ਵਿਰੁੱਧ ਕਤਲ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਤੇ ਅੰਮ੍ਰਿਤਸਰ ਸ਼ਹਿਰ ਨਾਲ ਸਬੰਧਤ ਇੱਕ ਨਾਮੀ ਕਾਂਗਰਸੀ ਆਗੂ ਦੇ ਭਤੀਜੇ ਦਾ ਨਾਂਅ ਵੀ ਇਸ ਵਾਰਦਾਤ ਵਿੱਚ ਸ਼ਾਮਲ ਦੱਸਿਆ ਜਾ ਰਿਹਾ ਹੈ। ਦੂਜੇ ਪਾਸੇ ਚਰਚਾ ਹੈ ਕਿ ਇਹ ਜਨਮ ਦਿਨ ਪਾਰਟੀ ਨਹੀਂ, ਬਲਕਿ ਇੱਕ ਗੈਂਗਸਟਰ ਦੇ ਜੇਲ੍ਹ ਵਿੱਚੋਂ ਬਾਹਰ ਆਉਣ ਦੀ ਖ਼ੁਸ਼ੀ ਵਿੱਚ ਰੱਖੀ 'ਵੈਲਕਮ ਪਾਰਟੀ' ਸੀ।

## ਵਿਧਾਇਕਾਂ ਬਾਰੇ ਸਾਰੀ ਜਾਣਕਾਰੀ ਜਨਤਕ ਕਰਨ ਲਈ ਹਾਈ ਕੋਰਟ ਵੱਲੋਂ ਨੋਟਿਸ ਜਾਰੀ

ਚੰਡੀਗੜ੍ਹ, 2 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਸੂਚਨਾ ਦਾ ਅਧਿਕਾਰ ਐਕਟ 2005 ਦੇ ਬਾਵਜੂਦ ਪੰਜਾਬ ਵਿੱਚ ਵੋਟਰ ਉਨ੍ਹਾਂ ਵੱਲੋਂ ਚੁਣੇ ਗਏ ਆਗੂਆਂ ਦੀ ਕਾਰਜ ਪ੍ਰਣਾਲੀ ਅਤੇ ਉਨ੍ਹਾਂ ਦੇ ਕੰਮਾਂ ਬਾਰੇ ਜਾਨਣ ਦੇ ਅਧਿਕਾਰ ਤੋਂ ਵਾਂਝੇ ਹਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਹ ਦਲੀਲ ਦਿੰਦੇ ਹੋਏ ਵਿਧਾਇਕਾਂ ਬਾਰੇ ਸੂਚਨਾ ਜਨਤਕ ਕਰਨ ਦੀ ਮੰਗ ਵਾਲੀ ਪਟੀਸ਼ਨ ਉੱਤੇ ਸੁਣਵਾਈ ਪਿੱਛੋਂ ਪੰਜਾਬ ਰਾਜ ਸੂਚਨਾ ਕਮਿਸ਼ਨ, ਵਿਧਾਨ ਸਭਾ ਦੇ ਸੈਕਟਰੀ ਅਤੇ ਲੋਕ ਸੂਚਨਾ ਅਧਿਕਾਰੀ ਨੂੰ ਨੋਟਿਸ ਜਾਰੀ ਕਰ ਕੇ ਇਸ ਬਾਰੇ ਜਵਾਬ ਤਲਬ ਕੀਤਾ ਹੈ।

ਇਸ ਮਕਸਦ ਲਈ ਇੱਕ ਪਟੀਸ਼ਨ ਸਾਬਕਾ ਪੀ ਸੀ ਐਸ ਅਫਸਰ ਤ੍ਰਿਲੋਚਨ ਸਿੰਘ ਭੱਟੀ ਨੇ ਦਾਇਰ ਕੀਤੀਅਤੇ ਹਾਈ ਕੋਰਟ ਨੂੰ ਦੱਸਿਆ ਕਿ ਪਾਰਲੀਮੈਂਟ ਦੇ ਦੋਵਾਂ ਸਦਨਾਂ ਦੇ ਮੈਂਬਰਾਂ ਦੀ ਜਾਣਕਾਰੀ




ਇੰਟਰਨੈਟ ਉੱਤੇ ਹੈ। ਵੋਟਰ ਇਸ ਨੂੰ ਵੇਖ ਸਕਦੇ ਅਤੇ ਆਪਣੇ ਚੁਣੇ ਹੋਏ ਨੁਮਾਇੰਦਿਆਂ ਦੇ ਕੰਮ ਬਾਰੇ ਜਾਣਕਾਰੀ ਲੈ ਸਕਦੇ ਹਨ। ਉਨ੍ਹਾ ਨੇ ਕਿਹਾ ਕਿ ਪੰਜਾਬ ਵਿੱਚ ਅਜਿਹਾ ਕੁਝ ਨਹੀਂ। ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੇ ਕੰਮ, ਉਨ੍ਹਾਂ ਦੀਆਂ ਤਨਖ਼ਾਹਾਂ, ਭੱਤਿਆਂ, ਪ੍ਰਾਈਵੇਟ ਬਿੱਲਾਂ ਆਦਿ ਦੀ ਜਾਣਕਾਰੀ ਲੋਕਾਂ ਤਕ ਪੁਚਾਉਣ ਲਈ ਪੰਜਾਬ ਸਰਕਾਰ ਨੇ ਕੁਝ ਨਹੀਂ ਕੀਤਾ। ਉਨ੍ਹਾ ਦੱਸਿਆ ਕਿ ਵਿਧਾਨ ਸਭਾ ਵਿੱਚ ਵਿਧਾਇਕਾਂ ਵੱਲੋਂ ਪੁੱਛੇ ਸਵਾਲਾਂ ਦੀ ਜਾਣਕਾਰੀ ਅਤੇ ਵਿਧਾਇਕਾਂ ਵੱਲੋਂ ਹਲਕੇ ਦੇ ਦੌਰਿਆਂ ਦੀ ਸੂਚਨਾ ਵੀ ਜਨਤਕ ਨਹੀਂ ਕੀਤੀ ਜਾਂਦੀ। ਪਟੀਸ਼ਨਰ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੇ ਵਿਧਾਨ ਸਭਾ ਦੇ ਲੋਕ ਸੂਚਨਾ ਅਧਿਕਾਰੀ ਤੋਂ ਕੁਝ ਜਾਣਕਾਰੀ ਮੰਗੀ ਸੀ, ਪ੍ਰੰਤੂ ਉਨ੍ਹਾਂ ਨੂੰ ਸੂਚਨਾ ਅਧਿਕਾਰੀ ਵੱਲੋਂ ਦਿੱਤੀ ਜਾਣਕਾਰੀ ਅਜਿਹੀ ਹੈ ਜੋ ਕਿਸੇ ਵੀ ਆਮ ਵਿਅਕਤੀ ਨੂੰ ਸਮਝ ਨਹੀਂ ਆ ਸਕਦੀ ਅਤੇ ਇਹ ਜਾਣਕਾਰੀ ਪੂਰੀ ਤਰ੍ਹਾਂ ਅਧੂਰੀ ਮੰਨੀ ਜਾ ਸਕਦੀ ਹੈ।

ਪਟੀਸ਼ਨਰ ਨੇ ਆਪਣੀ ਅਰਜ਼ੀ ਵਿੱਚ ਕਿਹਾ ਕਿ ਉਸ ਨੇ ਇਸ ਬਾਰੇ ਰਾਜ ਸੂਚਨਾ ਕਮਿਸ਼ਨ ਨੂੰ ਵੀ ਪੱਤਰ ਲਿਖਿਆ ਸੀ, ਪਰ ਉਸ ਪੱਤਰ ਦਾ ਕੋਈ ਲਾਭ ਨਹੀਂ ਹੋਇਆ। ਉਸ ਨੇ ਹਾਈ ਕੋਰਟ ਨੂੰ ਅਪੀਲ ਕੀਤੀ ਕਿ ਉਸ ਦੀ ਸ਼ਿਕਾਇਤ ਉੱਤੇ ਕਾਰਵਾਈ ਕਰਨ ਲਈ ਰਾਜ ਸੂਚਨਾ ਕਮਿਸ਼ਨ ਨੂੰ ਹੁਕਮ ਦਿੱਤੇ ਜਾਣ। ਇਸ ਦੇ ਬਾਅਦ ਹਾਈ ਕੋਰਟ ਨੇ ਸਾਰੀਆਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਹੈ ਅਤੇ ਜਵਾਬ ਦਾਇਰ ਕਰਨ ਦੇ ਹੁਕਮ ਜਾਰੀ ਕੀਤੇ ਹਨ।

## ਪੰਜਾਬ ਸਰਕਾਰ ਨੇ ਪਟਿਆਲੇ ਦੇ ਮੇਅਰ ਬਾਰੇ ਹਾਈ ਕੋਰਟ ਵਿੱਚ ਪੱਖ ਰੱਖਿਆ

ਪਟਿਆਲਾ, 2 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਬੀਤੇ ਦਿਨੀਂ ਸੰਜੀਵ ਸ਼ਰਮਾ ਬਿੱਟੂ ਨੂੰ ਪਟਿਆਲਾ ਨਗਰ ਨਿਗਮ ਦੇ ਜਨਰਲ ਇਜਲਾਸ ਵਿੱਚ ਬਹੁਮਤ ਪੇਸ਼ ਨਾ ਕਰ ਸਕਿਆ ਦੱਸ ਕੇ ਮੇਅਰ ਦੇ ਅਹੁਦੇ ਤੋਂ ਸਸਪੈਂਡ ਕਰਨ ਦਾ ਐਲਾਨ ਕੀਤਾ ਸੀ। ਇਸ ਬਾਰੇ ਸੰਜੀਵ ਸ਼ਰਮਾ ਬਿੱਟੂ ਨੇ ਦਾਅਵਾ ਕੀਤਾ ਕਿ ਹਾਈ ਕੋਰਟਵਿੱਚ ਪੰਜਾਬ ਸਰਕਾਰ ਦੇ ਵਕੀਲ ਨੇ ਕਿਹਾ ਹੈ ਕਿ ਸਰਕਾਰ ਨੇ ਇਸ ਬਾਰੇ ਅਜੇ ਕੋਈ ਫ਼ੈਸਲਾ ਨਹੀਂ ਲਿਆ। ਇਸ ਕੇਸ ਬਾਰੇ ਅਗਲੀ ਸੁਣਵਾਈ 6 ਦਸੰਬਰਕਰਨੀ ਤੈਅ ਕੀਤੀ ਗਈ ਹੈ। ਇਸ ਦੌਰਾਨ ਬਿੱਟੂ ਕੱਲ੍ਹ ਬਾਅਦ ਦੁਪਹਿਰਆਪਣੇ ਸਾਥੀਆਂ ਅਤੇ ਕੌਂਸਲਰਾਂ ਨਾਲ ਨਗਰ ਨਿਗਮ ਦੇ ਮੇਅਰ ਵਾਲੇ ਦਫ਼ਤਰ ਵਿੱਚ ਪੁੱਜੇ ਤਾਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਬੇਟੀ ਜੈਇੰਦਰ ਕੌਰ ਉਨ੍ਹਾਂ ਨਾਲ ਸਨ। ਬਿੱਟੂ ਨੇ ਕੱਲ੍ਹ ਫਿਰ ਮੇਅਰ ਦੀ ਕੁਰਸੀ ਉੱਤੇ ਬੈਠ ਕੇ ਆਪਣੇ ਸਾਥੀ ਕੌਂਸਲਰਾਂ ਦਾ ਧੰਨਵਾਦ ਕੀਤਾਤੇ ਕਿਹਾ ਕਿ ਇੱਕ ਕੈਬਨਿਟ ਮੰਤਰੀ ਨੇ ਉਨ੍ਹਾਂ ਨੂੰ ਧੱਕੇ ਨਾਲ ਅਹੁਦੇ ਤੋਂ ਲਾਹੁਣ ਦਾ ਯਤਨ ਕੀਤਾ ਸੀ। ਉਨ੍ਹਾਂ ਕਿਹਾ ਕਿ ਜਿਸ ਅਧਿਕਾਰੀ ਜਾਂ ਕਰਮਚਾਰੀ ਨੇ ਜਨਰਲ ਇਜਲਾਸ ਵਾਲੇ ਦਿਨ ਕੌਂਸਲਰਾਂ ਨੂੰ ਅਗਵਾ ਕਰਨ ਦਾ ਯਤਨ ਕੀਤਾ ਸੀ, ਉਨ੍ਹਾਂ ਦੇ ਖ਼ਿਲਾਫ਼ ਵੀ ਉਹ ਅਦਾਲਤਨੂੰ ਅਪੀਲ ਕਰਨਗੇ। ਉਨ੍ਹਾਂ ਕਿਹਾ ਕਿ ਕੱਲ੍ਹ ਜੋ ਪੰਜਾਬ ਸਰਕਾਰ ਨੇ ਹਾਈ ਕੋਰਟ ਵਿੱਚ ਪੱਖ ਰੱਖਿਆ, ਉਸ ਨਾਲ ਕੈਪਟਨ ਅਮਰਿੰਦਰ ਸਿੰਘ ਅਤੇਐਮ ਪੀ ਪ੍ਰਨੀਤ ਕੌਰ ਦੇ ਨਾਲ ਪੂਰੇ ਪਟਿਆਲਾ ਵਾਸੀਆਂ ਦੀ ਜਿੱਤ ਹੋਈ ਹੈ।ਬਿੱਟੂ ਨੇ ਕਿਹਾ ਕਿ ਉਹ ਪਟਿਆਲਾ ਦਿਹਾਤੀ ਹਲਕੇ ਤੋਂ ਚੋਣ ਲੜਨਗੇ। ਉਨ੍ਹਾਂ ਕਿਸੇ ਰਾਜਨੀਤਕ ਪਾਰਟੀ ਦਾ ਨਾਂਅ ਲਏ ਬਿਨਾਂ ਆਖਿਆ ਕਿ ਪਟਿਆਲਾ ਦਿਹਾਤੀ ਤੋਂ ਵੱਡੀ ਗਿਣਤੀਲੋਕ ਉਨ੍ਹਾਂ ਦੇ ਨਾਲ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਖੁੱਲ੍ਹ ਕੇ ਉਨ੍ਹਾਂ ਦਾ ਵਿਰੋਧ ਕਰ ਰਹੇ ਹਨ, ਇਸ ਲਈ ਉਨ੍ਹਾਂ ਨੇ ਚੋਣ ਲੜਨ ਦਾ ਮਨ ਬਣਾ ਲਿਆ ਹੈ।ਦੂਜੇ ਪਾਸੇ ਲੋਕਲ ਬਾਡੀਜ਼ ਮੰਤਰੀ ਬ੍ਰਹਮ ਮਹਿੰਦਰਾ ਨੇ ਆਖਿਆ ਕਿ ਇਹ ਕੇਸ ਹਾਈ ਕੋਰਟ ਵਿੱਚ ਹੈ, ਜਿਸ ਬਾਰੇ ਉਹ ਕੁਝ ਨਹੀਂ ਬੋਲ ਸਕਦੇ। ਉਨ੍ਹਾਂ ਕਿਹਾ ਕਿ ਜੋ ਜਨਰਲ ਇਜਲਾਸ ਵਾਲੇ ਦਿਨ ਬਾਰੇ ਸੰਜੀਵ ਸ਼ਰਮਾ ਬਿੱਟੂ ਨੇ ਉਨ੍ਹਾਂ ਉੱਤੇ ਦੋਸ਼ ਲਾਏ ਹਨ ਉਹ ਬੇਬੁਨਿਆਦ ਤੇ ਤੱਥਾਂ ਰਹਿਤ ਹਨ। ਬ੍ਰਹਮ ਮਹਿੰਦਰਾ ਨੇ ਆਖਿਆ ਕਿ ਕੋਰਟ ਵੱਲੋਂ ਸੰਜੀਵ ਸ਼ਰਮਾ ਨੂੰ ਇਸ ਕੇਸਦਾ ਸਟੇਅ ਨਹੀਂ ਦਿੱਤਾ ਗਿਆ, ਇਸ ਦੀ ਅਗਲੀ ਤਰੀਕ 6 ਦਸੰਬਰ ਤੈਅ ਕੀਤੀ ਗਈ ਹੈ।

## ਅਣਪਛਾਤੇ ਵਾਹਨ ਦੀ ਟੱਕਰ ਨਾਲ ਪੈਦਲ ਜਾਂਦੇ ਵਿਅਕਤੀ ਦੀ ਮੌਤ

ਜਲੰਧਰ, 2 ਦਸੰਬਰ (ਪੋਸਟ ਬਿਊਰੋ)- ਥਾਣਾ ਬਾਰਾਂਦਰੀ ਵਿਚਲੇ ਬਾਦਲ ਪੈਲੇਸ ਚੌਕ ਨੇੜੇ ਤੇਜ਼ ਰਫ਼ਤਾਰ ਅਣਪਛਾਤੇ ਵਾਹਨ ਦੀ ਟੱਕਰ ਨਾਲ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਲੋਕਾਂ ਨੇ ਸਿਵਲ ਹਸਪਤਾਲ ਪੁਚਾਇਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਵਾਹਨ ਚਾਲਕ ਫ਼ਰਾਰ ਹੋ ਗਿਆ। ਮ੍ਰਿਤਕ ਦੀ ਪਛਾਣ ਹਰਪ੍ਰੀਤ ਸਿੰਘ (40) ਪੁੱਤਰ ਗੁਰਪ੍ਰੀਤ ਸਿੰਘ ਨਿਵਾਸੀ ਬਟਾਲਾ ਵਜੋਂ ਹੋਈ ਹੈ। ਜਾਂਚ ਵਿੱਚ ਪਤਾ ਲੱਗਾ ਹੈ ਕਿ ਹਰਪ੍ਰੀਤ ਸਿੰਘ ਆਪਣੀ ਪਤਨੀ ਨਾਲ ਪਾਸਪੋਰਟ ਸਬੰਧੀ ਕਿਸੇ ਕੰਮ ਲਈ ਜਲੰਧਰ ਆਇਆ ਸੀ ਤੇ ਕਿਸੇ ਕਾਰਨ ਉਨ੍ਹਾਂ ਨੂੰ ਰਾਤ ਜਲੰਧਰ ਰੁਕਣਾ ਪੈ ਗਿਆ। ਉਨ੍ਹਾਂ ਨੇ ਇੱਕ ਹੋਟਲ ਵਿੱਚ ਕਮਰਾ ਲਿਆ। ਰਾਤ ਕਰੀਬ 11 ਵਜੇ ਜਦੋਂ ਹਰਪ੍ਰੀਤ ਸਿੰਘ ਆਪਣੀ ਪਤਨੀ ਨਾਲ ਕਿਸੇ ਕੰਮ ਸੜਕ ਉੱਤੇ ਪੈਦਲ ਜਾ ਰਹੇ ਸਨ ਤਾਂ ਪਿੱਛੋਂ ਆਏ ਤੇਜ਼ ਰਫ਼ਤਾਰ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ। ਇਸ ਬਾਰੇ ਮ੍ਰਿਤਕ ਦੇ ਪਰਵਾਰ ਦੇ ਬਿਆਨਾਂ ਉੱਤੇ ਕਾਰਵਾਈ ਕੀਤੀ ਜਾਵੇਗੀ ਤੇ ਮੌਕੇ ਦੀ ਫੁਟੇਜ ਦੇਖੀ ਜਾਵੇਗੀ ਤਾਂ ਕਿ ਵਾਹਨ ਦੇ ਨੰਬਰ ਦਾ ਪਤਾ ਲਗਾਇਆ ਜਾ ਸਕੇ।

## ਦੁਕਾਨ ਵਿੱਚੋਂ 3.60 ਲੱਖ ਰੁਪਏ ਦੀ ਨਕਦੀ ਤੇ ਗਹਿਣੇ ਚੋਰੀ

ਲੋਹੀਆਂ ਖਾਸ, 2 ਦਸੰਬਰ (ਪੋਸਟ ਬਿਊਰੋ)- ਇਸ ਨਗਰ ਦੇ ਸਭ ਤੋਂ ਵੱਧ ਭੀੜ ਵਾਲੇ ਸ਼ਹੀਦ ਭਗਤ ਸਿੰਘ ਚੌਕ ਨੇੜੇ ਅਵਤਾਰ ਗਿਫਟ ਸੈਂਟਰ ਦੀ ਦੁਕਾਨ ਵਿੱਚੋਂ ਬੀਤੀ ਰਾਤ ਚੋਰਾਂ ਨੇ ਤਿੰਨ ਲੱਖ ਸੱਠ ਹਜ਼ਾਰ ਰੁਪਏ ਨਕਦ ਅਤੇ ਦੋ ਤੋਲੇ ਸੋਨੇ ਦੇ ਗਹਿਣੇ ਚੋਰੀ ਕਰ ਲਏ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਦੁਕਾਨ ਮਾਲਕ ਦੇ ਦੱਸਣ ਅਨੁਸ-ਾਰ ਉਨ੍ਹਾਂ ਨੂੰ ਵਾਰਦਾਤ ਬਾਰੇ ਸਵੇਰੇ ਦੁਕਾਨ ਦਾ ਸ਼ਟਰ ਖੋਲ੍ਹਣ ਉੱਤੇ ਪਤਾ ਲੱਗਾ। ਚੋਰਾਂ ਨੇ ਪੰਜਵੀਂ ਮੰਜ਼ਿਲ ਉੱਤੇ ਦਰਵਾਜ਼ਾ ਤੋੜਿਆ ਅਤੇ ਪੌੜੀਆਂ ਉਤਰ ਕੇ ਹੇਠਾਂ ਆਏ। ਦੁਕਾਨ ਮਾਲਕ ਵੱਲੋਂ ਕੇਬਲ ਦਾ ਕਾਰੋਬਾਰ ਕੀਤਾ ਜਾਂਦਾ ਹੈ, ਇਸ ਲਈ ਕੇਬਲ ਨੂੰ ਟਾਂਕੇ ਲਾਉਣ ਵਾਲੀ ਮਸ਼ੀਨ ਦੀਆਂ ਤਾਰਾਂ ਕੱਟ ਦਿੱਤੀਆਂ ਅਤੇ ਜਾਂਦੇ ਹੋਏ ਉਹ ਡੀ ਵੀ ਆਰ ਨਾਲ ਲੈ ਗਏ। ਪੈਸੇ ਰੱਖਣ ਵਾਲੀ ਜਗ੍ਹਾ ਤੀਸਰੀ ਚਾਰੱਖੀ ਚਾਬੀ ਨਾਲ ਖੁੱਲ੍ਹਦੀ ਹੈ, ਜੋ ਚੋਰਾਂ ਨੇ ਆਸਾਨੀ ਨਾਲ ਲੱਭ ਕੇ ਵਾਰਦਾਤ ਕਰਲਈ। ਉਨ੍ਹਾਂ ਨੇ ਕਿਸੇ ਭੇਤੀ ਉੱਤੇ ਹੀ ਸ਼ੱਕ ਜ਼ਾਹਰ ਕੀਤਾ ਹੈ, ਜੋ ਕੁਝ ਸਮਾਂ ਪਹਿਲਾਂ ਕੇਬਲ ਦੀਆਂ ਸ਼ਿਕਾਇਤਾਂ ਦੂਰ ਕਰਨ ਲਈ ਉਨ੍ਹਾਂ ਕੋਲ ਕੰਮ ਕਰ ਚੁੱਕਾ ਹੈ। ਨੇੜੇ ਪੈਂਦੇ ਪਾਲਕਾ ਬਾਜ਼ਾਰ ਦੀ ਗਲੀ ਵਿੱਚ ਲੱਗਾ ਸੀ ਸੀ ਟੀ ਵੀ ਕੈਮਰਾ ਵੀ ਚੋਰਾਂ ਨੇ ਖੰਬੇ ਉੱਤੇ ਚੜ੍ਹ ਕੇ ਤੋੜਿਆ, ਪਰ ਕੈਮਰਾ ਤੋੜਨ ਤੋਂ ਪਹਿਲਾਂ ਦੀ ਰਿਕਾਰਡਿੰਗ ਪੁਲਸ ਨੂੰ ਮਿਲ ਗਈ ਹੈ। ਦੁਕਾਨਦਾਰ ਸ਼ਾਮ ਨੂੰ ਜਾਣ ਵੇਲੇ ਸਾਰੀਆਂ ਬੱਤੀਆਂ ਬੰਦ ਕਰ ਕੇ ਜਾਂਦਾ ਸੀ, ਜਦ ਕਿ ਸਵੇਰੇ ਸ਼ਟਰ ਖੋਲ੍ਹਣ ਉੱਤੇ ਚੇਂਜ ਓਵਰ ਸਵਿੱਚ ਆਨ ਮਿਲਿਆ। ਪੁਲਸ ਨੇ ਫਿੰਗਰ ਪ੍ਰਿੰਟ ਮਾਹਰ ਵੀ ਸੱਦੇ ਸਨ, ਜਿਨ੍ਹਾਂ ਨੇ ਨਮੂਨੇ ਲਏ ਹਨ।

## ਟਾਂਡੇ ਵਿੱਚੋਂ 10 ਲੱਖ ਤੇ ਮੁਕੇਰੀਆਂ ਵਿੱਚੋਂ 40.62 ਲੱਖ ਰੁਪਏ ਏ ਟੀ ਐੱਮ ਵਿੱਚੋਂ ਮੁਲਜ਼ਮ ਲੈ ਕੇ ਫਰਾਰ

ਟਾਂਡਾ ਉੜਮੁੜ, 2 ਦਸੰਬਰ (ਪੋਸਟ ਬਿਊਰੋ)- ਏ ਟੀ ਐਮ ਮਸ਼ੀਨਾਂ ਵਿੱਚ ਕੈਸ਼ ਪਾਉਣ ਵਾਲੀ ਕੰਪਨੀ ਦੇ ਇੱਕ ਮੁਲਾਜ਼ਮ ਉਪਰ ਲੱਖਾਂ ਰੁਪਏ ਗਬਨ ਕਰਨ ਦੇ ਦੋਸ਼ ਵਿੱਚ ਟਾਂਡਾ ਅਤੇ ਮੁਕੇਰੀਆਂ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਹੈ। ਪੁਲਸ ਨੇ ਅੰਮ੍ਰਿਤਸਰ ਦੀ ਸੀ ਐਮ ਐਸ ਇੰਫਰਾ ਸਿਸਟਮ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਬ੍ਰਾਂਚ ਮੈਨੇਜਰ ਗੁਰਹਰਪ੍ਰੀਤ ਸਿੰਘ ਦੇ ਬਿਆਨ ਦੇ ਆਧਾਰ ਉੱਤੇ ਵਿਵੇਕ ਬੇਦੀ ਵਾਸੀ ਡੁੱਗਰੀ ਰਾਜਪੂਤਾਂ (ਮੁਕੇਰੀਆਂ) ਖਿਲਾਫ ਦਰਜ ਕੀਤਾ ਹੈ। ਮਿਲੀ ਸੂਚਨਾ ਅਨੁਸਾਰ ਵਿਵੇਕ ਬੇਦੀ ਅਸਲ ਵਿੱਚ ਏ ਟੀ ਐਮ ਕਸਟੋਡੀਅਨ ਕੰਪਨੀ ਸੀ ਐਮ ਐਸ ਦਾ ਕਾਰਿੰਦਾ ਸੀ ਅਤੇ ਉਸ ਨੂੰ ਪੰਜਾਬ ਨੈਸ਼ਨਲ ਬੈਂਕ ਦਸੂਹਾ ਤੋਂ ਪੀ ਐਨ ਬੀ ਦੇ ਦਾਰਾਪੁਰ ਟਾਂਡਾ ਵਿੱਚ ਪਾਉਣ ਲਈ 17 ਲੱਖ ਰੁਪਏ ਇਸ਼ੂ ਕੀਤੇ ਗਏ ਸਨ। 22 ਨਵੰਬਰ ਨੂੰ ਵਿਵੇਕ ਬਿਨਾਂ ਦੱਸੇ ਡਿਊਟੀ ਉੱਤੇ ਨਹੀਂ ਆਇਆ, ਇਸ ਕਾਰਨ ਆਡਿਟ ਕੀਤਾ ਗਿਆ ਤਾਂ 10 ਲੱਖ ਰੁਪਏ ਘੱਟ ਨਿਕਲੇ। ਮੈਨੇਜਰ ਨੇ ਵਿਵੇਕ ਉੱਤੇ ਰਕਮ ਗਾਇਬ ਕਰਨ ਦਾ ਦੋਸ਼ ਲਾ ਕੇ ਕਿਹਾ ਕਿ ਉਸ ਨੂੰ ਏ ਟੀ ਐਮ ਮਸ਼ੀਨ ਖੋਲ੍ਹਣੀ ਅਤੇ ਬੰਦ ਕਰਨੀ ਆਉਂਦੀ ਹੈ ਅਤੇ ਉਸ ਨੇ ਰਕਮ ਖੁਰਦ-ਬੁਰਦ ਕੀਤੀ ਹੈ। ਇਸੇ ਤਰ੍ਹਾਂ ਮੁਕੇਰੀਆਂ ਵਿੱਚ ਵੀ ਗੁਰਹਰਪ੍ਰੀਤ ਸਿੰਘ ਨੇ ਵਿਵੇਕ ਬੇਦੀ ਦੇ ਖਿਲਾਫ ਕੇਸ ਦਰਜ ਕਰਵਾਇਆ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਵਿਵੇਕ ਮੁਕੇਰੀਆਂ ਦੇ ਇੱਕ ਨਿੱਜੀ ਬੈਂਕ ਦੇ ਏ ਟੀ ਐਮ ਵਿੱਚ ਰੁਪਏ ਪਾਉਣ ਦੇ ਬਾਅਦ ਤੋਂ ਗਾਇਬ ਹੋ ਗਿਆ। ਜਦ ਜਾਂਚ ਕੀਤੀ ਤਾਂ ਉਸ ਵਿੱਚ ਚਾਲੀ ਲੱਖ 62 ਹਜ਼ਾਰ 500 ਰੁਪਏ ਘੱਟ ਨਿਕਲੇ। ਮੁਕੇਰੀਆਂ ਪੁਲਸ ਨੇ ਦੋਸ਼ੀ ਵਿਵੇਕ ਖਿਲਾਫ ਕੇਸ ਦਰਜ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਸ਼ਰਾਬ ਪੀਣ ਵਿੱਚ ਮੁਕਤਸਰੀਏ ਬਾਕੀ ਪੰਜਾਬੀਆਂ ਤੋਂ ਮੋਹਰੀ

ਚੰਡੀਗੜ੍ਹ, 2 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਸ਼ਰਾਬ ਦੇ ਪਿਅਕੜਾਂ ਵਿੱਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਲੋਕਬਾਕੀਆਂ ਤੋਂਮੋਹਰੀ ਗਿਣੇ ਜਾ ਰਹੇ ਹਨ, ਪਰ ਬਠਿੰਡਾ ਤੇ ਮੋਗਾ ਜ਼ਿਲ੍ਹੇ ਵੀ ਬਹੁਤੇ ਪਿੱਛੇ ਨਹੀਂ ਹਨ, ਜਦ ਕਿ ਦੋਆਬੇ ਵਿੱਚ ਸ਼ਰਾਬ ਦੀ ਖਪਤ ਘੱਟ ਹੈ। ਤੰਬਾਕੂ ਦੀ ਵਰਤੋਂ ਕਰਨ ਵਿੱਚ ਵੀ ਮੁਕਤਸਰ ਸਾਹਿਬ ਜ਼ਿਲੇ ਵਾਲੇ ਅੱਗੇ ਹਨ।



ਭਾਰਤ ਦੇ ਕੌਮੀ ਸਿਹਤ ਮੰਤਰਾਲੇ ਵੱਲੋਂ ਪਰਵਾਰ ਸਿਹਤ ਸਰਵੇਖਣ 5 ਬਾਰੇ ਜਾਰੀ ਕੀਤੀ ਰਿਪੋਰਟ ਦੇ ਅੰਕੜਿਆਂ ਮੁਤਾਬਕ ਪੰਜਾਬ ਦੇ ਮਾਲਵਾ ਖਿੱਤੇ ਵਿੱਚ ਸ਼ਰਾਬ ਦੀ ਵਰਤੋਂ ਮਾਝੇ ਅਤੇ ਦੋਆਬੇ ਨਾਲੋਂ ਕਿਤੇ ਵੱਧ ਹੈ। ਕੇਂਦਰ ਦੇ ਸਿਹਤ ਮੰਤਰਾਲੇ ਵੱਲੋਂ ਜਨਵਰੀ 2020 ਤੋਂ ਮਾਰਚ 2021 ਤਕ ਦੋ ਪੜਾਵਾਂ ਵਿੱਚ ਕਰਵਾਏ ਪੰਜਾਬ ਦੇ ਸਰਵੇਖਣ ਅਨੁਸ-ਾਰ ਜ਼ਿਲ੍ਹਾ ਮੁਕਤਸਰ ਵਿੱਚ ਸਭ ਤੋਂ ਵੱਧ (32 ਫੀਸਦੀ) ਲੋਕ ਸ਼ਰਾਬ ਪੀਂਦੇ ਹਨ ਤੇ ਇਸੇ ਜ਼ਿਲ੍ਹੇ ਵਿੱਚ ਸਭ ਤੋਂ ਵੱਧ (20.8 ਫੀਸਦੀ) ਲੋਕ ਤੰਬਾਕੂ ਦਾ ਸੇਵਨ ਕਰਦੇ ਹਨ। ਮੋਗਾ ਜ਼ਿਲ੍ਹਾ ਦੂਜੇ ਨੰਬਰ ਉੱਤੇ ਹੈ ਜਿੱਥੇ 30.4 ਫੀਸਦੀ ਲੋਕ ਸ਼ਰਾਬ ਪੀਂਦੇ ਹਨ। ਬਠਿੰਡਾ ਜ਼ਿਲ੍ਹੇ ਵਿੱਚ 30.1 ਫੀਸਦੀ ਲੋਕ ਸ਼ਰਾਬ ਪੀਂਦੇ ਹਨ ਅਤੇ ਇਹ ਪੰਜਾਬ ਵਿੱਚੋਂ ਤੀਜੇ ਨੰਬਰ ਉੱਤੇ ਹੈ। ਜ਼ਿਲ੍ਹਾ ਬਰਨਾਲਾ ਵਿੱਚ 28.5 ਫੀਸਦੀ ਅਤੇ ਫਰੀਦਕੋਟ ਵਿੱਚ 27.6 ਫੀਸਦੀ ਲੋਕ ਸ਼ਰਾਬ ਪੀਂਦੇ ਹਨ। ਦੂਸਰੇ ਪਾਸੇ ਪੰਜਾਬ ਵਿੱਚ ਸਭ ਤੋਂ ਘੱਟ ਸ਼ਰਾਬ ਪੀਣ ਵਾਲੇ ਲੋਕ ਜ਼ਿਲ੍ਹਾ ਹੁਸ਼ਿਆਰਪੁਰ ਦੇ(16.4 ਫੀਸਦੀ)ਹਨ। ਜ਼ਿਲ੍ਹਾ ਅੰਮ੍ਰਿਤਸਰ ਦੇ 18.3 ਫੀਸਦੀ ਅਤੇ ਨਵਾਂ ਸ਼ਹਿਰ ਦੇ 18.7 ਫੀਸਦੀ ਲੋਕ ਸ਼ਰਾਬ ਪੀਂਦੇ ਹਨ। ਲੁਧਿਆਣਾ ਜ਼ਿਲ੍ਹੇਦੀ ਇਹ ਗਿਣਤੀ 20.8 ਫੀਸਦੀ ਅਤੇ ਰੋਪੜ ਦੀ ਵੀਹ ਫੀਸਦੀ ਹੈ। ਮਾਨਸਿਕ ਰੋਗਾਂ ਦੀ ਮਾਹਰ ਡਾਕਟਰ ਨਿਧੀ ਗੁਪਤਾ ਦਾ ਕਹਿਣਾ ਹੈ ਕਿ ਮਾਲਵਾ ਖਿੱਤਾ ਕਾਫੀ ਸਮੇਂ ਤੋਂ ਆਰਥਿਕ ਸੰਕਟ ਦੀ ਮਾਰ ਹੇਠ ਹੋਣ ਕਰ ਕੇ ਲੋਕ ਸ਼ਰਾਬ ਦੀ ਵੱਧ ਵਰਤੋਂ ਕਰਨ ਵੱਲ ਵਧ ਰਹੇ ਹਨ। ਪੰਜਾਬ ਦੇ ਸਿਹਤ ਮੰਤਰੀ ਓ ਪੀ ਸੋਨੀ ਦੇ ਮੁਤਾਬਕ ਤੰਬਾਕੂ ਦੀ ਵਰਤੋਂ ਵਿੱਚ ਪੰਜਾਬ ਦਾ ਸਭ ਤੋਂ ਘੱਟ ਵਰਤੋਂ ਵਾਲੇ ਸੂਬੇ ਦਾ ਦਰਜਾ ਹੈ। ਉਨ੍ਹਾਂ ਕਿਹਾ ਕਿ ਕੌਮੀ ਸਿਹਤ ਸਰਵੇਖਣ ਦੇ ਤਾਜ਼ਾ ਅੰਕੜਿਆਂ ਵਿੱਚ ਪੰਜਾਬ ਵਿੱਚ ਤੰਬਾਕੂ ਦੀ ਵਰਤੋਂ ਦੇਸ਼ ਦੇ ਸਾਰੇ ਰਾਜਾਂ ਤੋਂ ਘੱਟ ਹੈ। ਪੰਜਾਬ ਵਿੱਚ 15 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਪੁਰਸ਼ਾਂ ਵਿੱਚ ਤੰਬਾਕੂ ਦੀ ਵਰਤੋਂ ਪਿਛਲੇ ਪੰਜ ਸਾਲਾਂ ਵਿੱਚ 19.2 ਫੀਸਦੀ ਤੋਂ ਘੱਟ 12.9 ਫੀਸਦੀ ਰਹਿ ਗਈ ਹੈ।

## ਪੰਜਾਬ ਕਾਂਗਰਸ ਪ੍ਰਧਾਨ ਸਿੱਧੂ ਦੀ ਗੈਰ ਹਾਜ਼ਰੀ ਵਿੱਚ ਮੁੱਖ ਮੰਤਰੀ ਚੰਨੀ ਵੱਲੋਂ ਬਲਾਕ ਪ੍ਰਧਾਨਾਂ ਨਾਲ ਮੀਟਿੰਗਾਂ

ਚੰਡੀਗੜ੍ਹ, 2 ਦਸੰਬਰ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਮੌਕੇ ਕਾਂਗਰਸ ਪਾਰਟੀ ਅਤੇ ਸਰਕਾਰ ਵਿਚਾਲੇ ਤਰੇੜਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਿਚਾਲੇ ਪਿਛਲੇ ਦਿਨਾਂ ਤੋਂ ਇੱਕਸੁਰਤਾ ਨਾ ਹੋਣ ਦੌਰਾਨ ਮੁੱਖ ਮੰਤਰੀ ਕੈਂਪ ਨੇ ਕੱਲ੍ਹ ਮਾਲਵਾ ਖੇਤਰ ਤੇ ਫਿਰ ਮਾਝੇ ਤੇ ਦੁਆਬੇ ਦੇ ਬਲਾਕ ਪ੍ਰਧਾਨਾਂ ਦੀਆਂ ਮੀਟਿੰਗਾਂ ਕੀਤੀਆਂ ਹਨ, ਜਿਨ੍ਹਾਂ ਵਿੱਚ ਕਾਂਗਰਸ ਹਾਈ ਕਮਾਂਡ ਵੱਲੋਂ ਥਾਪੇ ਪੰਜਾਬ ਦੇ ਇੰਚਾਰਜ ਹਰੀਸ਼ ਚੌਧਰੀ ਤਾਂ ਹਾਜ਼ਰ ਹੋਣੇ ਸਨ ਪਰ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਇਨ੍ਹਾਂ ਪਾਰਟੀਆਂ ਦੀਆਂ ਜਥੇਬੰਦਕ ਮੀਟਿੰਗਾਂ ਵਿੱਚ ਨਹੀਂ ਦਿਸੇ।

ਜਾਣਕਾਰ ਹਲਕਿਆਂ ਦਾ ਕਹਿਣਾ ਸੀ ਕਿ ਨਵਜੋਤ ਸਿੰਘ ਸਿੱਧੂ ਨੂੰ ਇਨ੍ਹਾਂ ਮੀਟਿੰਗਾਂ ਲਈ ਬੁਲਾਇਆ ਨਹੀਂ ਗਿਆ, ਪਰ ਇਸ ਦੀ ਪੁਸ਼ਟੀ ਨਵਜੋਤ ਸਿੰਘ ਸਿੱਧੂ ਵੱਲੋਂ ਨਹੀਂ ਹੋ ਸਕੀ। ਪਤਾ ਲੱਗਾ ਹੈ ਕਿ ਇਨ੍ਹਾਂ ਮੀਟਿੰਗਾਂ ਵਿੱਚ ਕੁਝ ਬਲਾਕ ਪ੍ਰਧਾਨਾਂ ਵੱਲੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਨਵਜੋਤ ਸਿੰਘ ਸਿੱਧੂ ਵੱਲੋਂ ਕੀਤੀ ਜਾਂਦੀ ਨੁਕਤਾਚੀਨੀ ਦਾ ਮੁੱਦਾ ਵੀ ਉਠਾਇਆ



ਗਿਆ ਅਤੇ ਹਰੀਸ਼ ਚੌਧਰੀ ਨੂੰ ਕਿਹਾ ਗਿਆ ਕਿ ਉਹ ਪਾਰਟੀ ਹਾਈ ਕਮਾਂਡ ਨਾਲ ਗੱਲਬਾਤ ਕਰ ਕੇ ਅਜਿਹੀ ਬਿਆਨਬਾਜ਼ੀ ਉੱਤੇ ਰੋਕ ਲਵਾਉਣ ਕਿਉਂਕਿ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਵਿੱਚ ਚੋਣਾਂ ਮੌਕੇ ਇੱਕਜੁੱਟਤਾ ਦੀ ਥਾਂ ਏਦਾਂ ਮੱਤਭੇਦ ਨਜ਼ਰ ਆਉਣਾ ਪਾਰਟੀ ਲਈ ਮਾਰੂ ਸਾਬਤ ਹੋ ਸਕਦਾ ਹੈ।

ਦਿਲਚਸਪ ਗੱਲ ਇਹ ਹੈ ਕਿ ਪੰਜਾਬ ਕਾਂਗਰਸ ਦਾ ਸਮੁੱਚਾ ਢਾਂਚਾ ਭੰਗ ਕਰਕੇ ਇਸ ਨੂੰ ਨਵੇਂ ਸਿਰੇ ਤੋਂ ਬਣਾਉਣ ਦਾ ਫ਼ੈਸਲਾ ਲੈ ਕੇ ਪੰਜਾਬ ਵਿੱਚ ਨਵੀਆਂ ਬਲਾਕ ਤੇ ਜ਼ਿਲ੍ਹਾ ਪੱਧਰ ਦੀਆਂ ਯੂਨਿਟਾਂ ਕਾਇਮ ਕਰਨ ਦਾ ਫ਼ੈਸਲਾ ਲਿਆ ਗਿਆ ਸੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸਿੱਧੂ ਨੂੰ ਇਹ ਕੰਮ ਛੇਤੀ ਪੂਰਾ ਕਰਨ ਲਈ ਕਿਹਾ ਗਿਆ ਸੀ। ਨਵਜੋਤ ਸਿੰਘ ਸਿੱਧੂ ਅਤੇ ਉਨ੍ਹਾਂ ਦੇ ਸਾਥੀ ਕਾਰਜਕਾਰੀ ਪ੍ਰਧਾਨਾਂ ਵੱਲੋਂ ਨਵੇਂ ਜ਼ਿਲ੍ਹਾ ਪ੍ਰਧਾਨਾਂ ਤੇ ਯੂਨਿਟਾਂ ਦੇ ਗਠਨ ਸਬੰਧੀ ਜੋ ਤਜਵੀਜ਼ ਭੇਜੀਆਂ ਸਨ, ਪਰ ਉਹ ਅਜੇ ਤਕ ਸਿਰੇ ਨਹੀਂ ਚੜ੍ਹ ਸਕੀਆਂ, ਕਿਉਂਕਿ ਉਨ੍ਹਾਂ ਦਾ ਕਈ ਮੰਤਰੀਆਂ ਅਤੇ ਵਿਧਾਇਕਾਂ ਵੱਲੋਂ ਵਿਰੋਧ ਹੋ ਰਿਹਾ ਹੈ। ਵਿਰੋਧ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਤਜਵੀਜ਼ਾਂ ਵਿਧਾਇਕਾਂ ਦੀ ਮਰਜ਼ੀ ਜਾਂ ਸਿਫ਼ਾਰਸ਼ਾਂ ਅਨੁਸਾਰ ਨਹੀਂ ਹਨ, ਜਦੋਂ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਤਜਵੀਜ਼ਾਂ ਮੈਰਿਟ ਦੇ ਆਧਾਰ ਉੱਤੇ ਬਣਾਈਆਂ ਹਨ। ਨਵਜੋਤ ਟੀਮ ਵੱਲੋਂ ਜ਼ਿਲ੍ਹਾ ਪ੍ਰਧਾਨਾਂ ਨਾਲ ਦੋ-ਦੋ ਕਾਰਜਕਾਰੀ ਪ੍ਰਧਾਨ ਲਾਉਣ ਦੀ ਤਜਵੀਜ਼ ਦਾ ਵੀ ਕਈ ਹਲਕਿਆਂ ਵੱਲੋਂ ਵਿਰੋਧ ਹੋ ਰਿਹਾ ਹੈ। ਕਾਂਗਰਸ ਦੇ ਆਗੂਆਂ ਨੇ ਇਸ ਦੌਰਾਨ ਖੁਦ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਦੂਜੀਆਂ ਸਿਆਸੀ ਧਿਰਾਂ ਆਪਣੇ ਉਮੀਦਵਾਰ ਐਲਾਨ ਚੁੱਕੀਆਂ ਹਨ, ਕਾਂਗਰਸ ਅਜੇ ਜਥੇਬੰਦਕ ਢਾਂਚਾ ਬਣਾਉਣ ਵਿੱਚ ਸਫਲ ਨਹੀਂ ਹੋ ਸਕੀ ਅਤੇ ਨਾ ਹੀ ਪਾਰਟੀ ਵਿੱਚ ਇੱਕਜੁੱਟਤਾ ਜਾਂ ਇੱਕਸੁਰਤਾ ਨਜ਼ਰ ਆ ਰਹੀ ਹੈ।

## ਮੁੱਖ ਮੰਤਰੀ ਚੰਨੀ ਵੱਲੋਂ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਕਰਜ਼ਾ ਮੁਆਫੀ ਲਈ ਪ੍ਰਧਾਨ ਮੰਤਰੀ ਨੂੰ ਚਿੱਠੀ

ਜਲੰਧਰ, 2 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਕਰਜ਼ੇ ਮੁਆਫ ਕਰਨ ਦਾ ਮੁੱਦਾ ਉਠਾਇਆ ਹੈ।

ਇਸ ਚਿੱਠੀ ਵਿੱਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਿਹਾ ਕਿ ਤਿੰਨੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਤੋਂ ਬਾਅਦ ਕਿਸਾਨ ਅਤੇ ਸਰਕਾਰ ਕੁਝ ਪ੍ਰਮੁੱਖ ਲਟਕਦੇ ਮਾਮਲਿਆਂ ਨੂੰ ਹੱਲ ਕਰਨ ਦੇ ਨੇੜੇ ਪਹੁੰਚੇ ਹਨ। ਇਨ੍ਹਾਂ ਵਿੱਚੋਂ ਇੱਕ ਅਹਿਮ ਮਾਮਲਾ ਖੇਤੀਬਾੜੀ ਕਰਜ਼ੇ ਨਾਲ ਜੁੜਿਆ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੇ ਦਿਨੀਂ ਕਿਸਾਨਾਂ ਦੀਆਂ ਯੂਨੀਅਨਾਂ ਨੇ ਉਨ੍ਹਾਂ ਨਾਲ ਚੰਡੀਗੜ੍ਹ ਵਿੱਚਕੀਤੀ ਬੈਠਕ ਵਿੱਚ ਖੇਤੀਬਾੜੀ ਕਰਜ਼ੇ ਮੁਆਫ ਕਰਨ ਦਾ ਮੁੱਦਾ ਚੁੱਕਿਆ ਸੀ। ਭਾਰਤ ਸਰਕਾਰ ਵੱਲੋਂ ਆਪਣਾ ਸਟੈਂਡ ਬਦਲਣ ਤੋਂ ਬਾਅਦ ਉਨ੍ਹਾਂ ਵਿੱਚ ਕੁਝ ਆਸਾਂ ਪੈਦਾ ਹੋਈਆਂ ਹਨ।ਮੁੱਖ ਮੰਤਰੀ ਚੰਨੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਦੇਸ਼ ਵਿੱਚ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਇਆ ਹੈ ਅਤੇ ਕਿਸਾਨਾਂ ਦੇ ਕਾਰਨ ਹਰੀ ਕਾਂਤੀ ਆਈ ਸੀ।ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨ ਇੱਕ ਪਾਸੇ ਖੇਤਾਂ ਵਿੱਚ ਮਿਹਨਤ ਕਰਦੇ ਹਨ, ਦੂਜੇ ਪਾਸੇ ਉਨ੍ਹਾਂ ਦੇ ਪੁੱਤਰ ਸਰਹੱਦਾਂ ਦੀ ਰੱਖਿਆ ਕਰ ਕੇ ਸਾਡਾ ਜੀਵਨ ਨੂੰ ਬਚਾਉਣ ਵਿੱਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਪੂਰਾ ਖੇਤੀ ਕਰਜ਼ਾ ਮੁਆਫ ਹੋਣਾ ਚਾਹੀਦਾ ਹੈ ਅਤੇਇਨ੍ਹਾਂ ਵਿੱਚ ਖੇਤੀ ਮਜ਼ਦੂਰਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਆਪਣੀ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਨੂੰ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਕਰਜ਼ੇ ਮੁਆਫ ਕਰਨ ਦੀ ਤਜਵੀਜ਼ ਦਿੰਦੇ ਹਨ, ਜਿਸ ਹੇਠ ਉਨ੍ਹਾਂ ਦੀ ਸਰਕਾਰ ਭਾਰਤ ਸਰਕਾਰ ਵੱਲੋਂ ਕਰਜ਼ਾ ਮੁਆਫੀ ਦੇ ਕਦਮਾਂ ਵਿੱਚ ਆਪਣਾ ਹਿੱਸਾ ਪਾਉਣ ਲਈ ਤਿਆਰ ਹੈ।

## ਪਲਾਈਵੁਡ ਫੈਕਟਰੀ ਦੇ ਆਰੇ ਵਿੱਚ ਆਉਣ ਨਾਲ ਮਹਿਲਾ ਦੀ ਮੌਤ



ਜਲੰਧਰ, 2 ਦਸੰਬਰ (ਪੋਸਟ ਬਿਊਰੋ)- ਥਾਣਾ ਮਕਸੂਦਾਂ ਹੇਠਲੇ ਪੰਜਾਬੀ ਬਾਗ ਵਿੱਚ ਪਲਾਈਵੁਡ ਫੈਕਟਰੀ ਵਿੱਚ ਆਰੇ ਦੀ ਲਪੇਟ ਵਿੱਚ ਆਉਣ ਨਾਲ ਇੱਕ ਪ੍ਰਵਾਸੀ ਮਹਿਲਾ ਦੀ ਗਰਦਨ ਕੱਟੇ ਜਾਣ ਕਾਰਨ ਮੌਤ ਹੋ ਗਈ ਹੈ। ਕੱਲ੍ਹ ਸਵੇਰੇ ਇਹ ਸੂਚਨਾ ਮਿਲੀ ਕਿ ਇੱਕ ਪ੍ਰਵਾਸੀ ਮਹਿਲਾ ਦੀ ਆਰੇ ਦੀ ਲਪੇਟ ਵਿੱਚ ਆਉਣ ਨਾਲ ਮੌਤ ਹੋ ਗਈ ਹੈ।ਜ਼ਖਮੀ ਹੋਣ ਉੱਤੇ ਉਸ ਮਹਿਲਾ ਨੂੰ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਲਈ ਲਿਆਂਦਾ ਗਿਆ ਸੀ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।ਮ੍ਰਿਤਕ ਮਹਿਲਾ ਦੀ ਪਛਾਣ ਵਿਮਲਾ ਦੇਵੀ ਪਤਨੀ ਵਿਨੋਦ ਕੁਮਾਰ ਵਾਸੀ ਪੰਜਾਬੀ ਬਾਗ ਵਜੋਂ ਹੋਈ ਹੈ। ਵਿਨੋਦ ਕੁਮਾਰ ਨੇ ਦੱਸਿਆ ਕਿ ਸਵੇਰੇ ਜਦੋਂ ਉਹ ਵੀਨਸ ਪਲਾਈਵੁਡ ਫੈਕਟਰੀ ਦੇ ਮੇਨ ਗੇਟ ਕੋਲ ਗਿਆ ਤਾਂ ਓਥੇ ਮਜ਼ਦੂਰਾਂ ਦੀ ਭੀੜ ਸੀ, ਪਰ ਉਸ ਨੂੰ ਫੈਕਟਰੀ ਦੇ ਅੰਦਰ ਨਹੀਂ ਜਾਣ ਦਿੱਤਾ ਗਿਆ ਤੇ ਗੇਟ ਤੋਂ ਐਂਬੂਲੈਂਸ ਵਿੱਚ ਬਿਠਾ ਕੇ ਪ੍ਰਾਈਵੇਟ ਹਸਪਤਾਲ ਲੈ ਜਾਇਆ ਗਿਆ। ਉਸ ਨੇ ਦੱਸਿਆ ਕਿ ਉਸਦੀ ਪਤਨੀ ਵਿਮਲਾ ਪਿਛਲੇ ਡੇਢ ਸਾਲ ਤੋਂ ਵੀਨਸ ਪਲਾਈਵੁਡ ਫੈਕਟਰੀ ਵਿੱਚ ਕੰਮ ਕਰ ਰਹੀ ਸੀ। ਪੁਲਸ ਨੇ ਮ੍ਰਿਤਕ ਵਿਮਲਾ ਦੇ ਪਤੀ ਦੇ ਬਿਆਨਾਂ ਉੱਤੇਕਾਰਵਾਈ ਕੀਤੀ ਹੈ, ਪਰ ਕਾਰਵਾਈ ਬਾਰੇ ਸਾਰਾ ਕੁਝ ਦੱਸਿਆ ਨਹੀਂ ਜਾ ਰਿਹਾ।



## ਭਗਵੰਤ ਮਾਨ ਨੇ ਫੌਜੀ ਭਰਤੀ ਦਾ ਮੁੱਦਾ ਪਾਰਲੀਮੈਂਟ ਵਿੱਚ ਚੁੱਕਿਆ



ਨਵੀਂ ਦਿਲੀ, 2 ਦਸੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਸਰਦ ਰੁੱਤ ਸੈਸ਼ਨ ਵਿੱਚ ਕੱਲ੍ਹ ਪੰਜਾਬ ਦੇ ਨੌਜਵਾਨਾਂ ਦਾ ਫੌਜ ਵਿੱਚ ਭਰਤੀ ਦਾ ਮੁੱਦਾ ਉਠਾਇਆ।

ਇਸ ਮੌਕੇ ਭਗਵੰਤ ਮਾਨ ਨੇ ਰੱਖਿਆ ਵਿਭਾਗ ਤੋਂ ਮੰਗ ਕੀਤੀ ਕਿ ਪੰਜਾਬ ਦੇ ਕਰੀਬ ਵੀਹ ਹਜ਼ਾਰ ਨੌਜਵਾਨਾਂ ਦੀ ਫੌਜ ਵਿੱਚ ਭਰਤੀ ਪ੍ਰਕਿਰਿਆ ਮੁਕੰਮਲ ਕਰਨ ਲਈ ਲਿਖਤੀ ਪ੍ਰੀਖਿਆ ਕਰਾਈ ਜਾਵੇ। ਪੰਜਾਬ ਵਿੱਚ ਬੇਰੁਜ਼ਗਾਰੀ ਦੇ ਵੱਡੇ ਸੰਕਟ ਕਾਰਨ ਸੰਗਰੂਰ ਤੋਂ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਸਪੀਕਰ ਰਾਹੀਂ ਸਦਨ ਨੂੰ ਦੱਸਿਆ ਕਿ ਭਾਰਤੀ ਫੌਜ ਨੇ ਸਾਲ 2021 ਦੌਰਾਨ ਪੰਜਾਬ ਵਿੱਚ ਨੌਜਵਾਨਾਂ ਦੀ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਕਰੀਬ ਵੀਹ ਹਜ਼ਾਰ ਨੌਜਵਾਨਾਂ ਨੇ ਫੌਜੀ ਭਰਤੀ ਲਈ ਜ਼ਰੂਰੀ ਫਿਜ਼ੀਕਲ ਟੈਸਟ ਪਾਸ ਕਰ ਲਿਆ ਸੀ, ਪਰ ਕੋਰੋਨਾ ਦੇ ਕਾਰਨ ਰੱਖਿਆ ਮੰਤਰਾਲੇ ਨੇ ਲਿਖਤੀ ਟੈਸਟ ਮੁਲਤਵੀ ਕਰ ਦਿੱਤਾ, ਜਿਸ ਕਾਰਨ ਇਹ ਨੌਜਵਾਨ ਫੌਜ ਵਿੱਚ ਭਰਤੀ ਤੋਂ ਰਹਿ ਗਏ। ਉਨ੍ਹਾਂ ਦੱਸਿਆ ਕਿ ਇਕੱਲੇ ਸੰਗਰੂਰ ਲੋਕ ਸਭਾ ਹਲਕੇ ਵਿੱਚੋਂ ਕਰੀਬ ਚਾਰ ਹਜ਼ਾਰ ਨੌਜਵਾਨ ਸਰੀਰਕ ਟੈਸਟ ਪਾਸ ਕਰ ਚੁੱਕੇ ਹਨ ਅਤੇ ਲਿਖਤੀ ਟੈਸਟ ਦੀ ਉਡੀਕ ਕਰ ਰਹੇ ਹਨ। ਮਾਨ ਨੇ ਰੱਖਿਆ ਮੰਤਰਾਲੇ ਤੋਂ ਮੰਗ ਕੀਤੀ ਕਿ ਸਾਲ 2021 ਦੌਰਾਨ ਪੰਜਾਬ ਵਿੱਚ ਸ਼ੁਰੂ ਕੀਤੀ ਭਰਤੀ ਦੀ ਪ੍ਰਕਿਰਿਆ ਜਲਦੀ ਮੁਕੰਮਲ ਕੀਤਾ ਜਾਵੇ ਅਤੇ ਲਟਕ ਰਹੀ ਲਿਖਤੀ ਪ੍ਰੀਖਿਆ ਤੁਰੰਤ ਕਰਵਾਈ ਜਾਵੇ।

## ਪਵਾਰ ਨੂੰ ਮਿਲਣ ਪਿਛੋਂ ਮਮਤਾ ਨੇ ਕਿਹਾ: ਕਾਂਗਰਸੀ ਅਗਵਾਈ ਵਾਲਾ ਯੂ ਪੀ ਏ ਖਤਮ ਹੋ ਚੁੱਕੈ



ਮੁੰਬਈ, 2 ਦਸੰਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੱਲ੍ਹ ਰਾਸ਼ਟਰੀ ਕਾਂਗਰਸ ਪਾਰਟੀ (ਐੱਨ ਸੀ ਪੀ) ਦੇ ਮੁਖੀ ਸ਼ਰਦ ਪਵਾਰ ਨੂੰ ਮਿਲੀ ਅਤੇ ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਯੂ ਪੀ ਏ ਗੱਠਜੋੜ ਦੀਆਂ ਅਟਕਲਾਂ ਰੱਦ ਕਰ ਕੇ ਕਿਹਾ, ‘‘ਮੈਂ ਮਹਾਰਾਸ਼ਟਰ ਵਿੱਚ ਉਧਵ ਠਾਕਰੇ ਅਤੇ ਸ਼ਰਦ ਪਵਾਰ ਨੂੰ ਮਿਲਣ ਦੇ ਲਈ ਆਈ ਹਾਂ। ਅੱਜ ਦੇਸ਼ ਵਿੱਚ ਜਿੰਦਾਂ ਦਾ ਫਾਸ਼ੀਵਾਦ ਚੱਲ ਰਿਹਾ ਹੈ, ਇਸ ਦੇ ਖਿਲਾਫ ਦੇਸ਼ ਵਿੱਚ ਮਜ਼ਬੂਤ ਬਦਲਵੀਂ ਫੋਰਸ ਚਾਹੀਦੀ ਹੈ। ਇਸ ਲਈ ਮੈਂ ਸ਼ਰਦ ਪਵਾਰ ਕੋਲ ਰਾਜਨੀਤਕ ਚਰਚਾ ਕਰਨ ਆਈ ਹਾਂ।''

ਮਮਤਾ ਬੈਨਰਜੀ ਨੇ ਸ਼ਰਦ ਪਵਾਰ ਨਾਲ ਮੁਲਾਕਾਤ ਪਿੱਛੋਂ ਕਾਂਗਰਸ ਦੀ ਅਗਵਾਈ ਵਾਲੇ ਯੂ ਪੀ ਏ ਗੱਠਜੋੜ ਬਾਰੇ ਕਿਹਾ ਕਿ ਇਸ ਵਕਤਕੋਈ ਯੂ ਪੀ ਏ ਗੱਠਜੋੜ ਨਹੀਂ ਹੈ, ਇਹ ਖਤਮ ਹੋ ਚੁੱਕਾ ਹੈ। ਇਸ ਤੋਂ ਪਹਿਲਾਂ ਮਮਤਾ ਬੈਨਰਜੀਨੇ ਸਿਵਲ ਸੋਸਾਈਟੀ ਦੇ ਮੈਂਬਰਾਂ ਨਾਲ ਮੁਲਾਕਾਤ ਦੌਰਾਨਰਾਹੁਲ ਗਾਂਧੀ ਉੱਤੇ ਨਿਸ਼ਾਨਾ ਸੇਧਿਆ ਅਤੇ ਉਸ ਦਾ ਨਾਂਅ ਲਏ ਬਿਨਾਂ ਕਿਹਾ ਕਿ ਜੇ ਕੋਈ ਕੁਝ ਕਰਦਾ ਨਹੀਂ, ਵਿਦੇਸ਼ ਵਿੱਚ ਰਹਿੰਦਾ ਹੈ ਤਾਂ ਕਿਵੇਂ ਚੱਲੇਗਾ, ਇਸ ਲਈ ਸਾਨੂੰ ਕਈ ਦੂਸਰੇ ਰਾਜਾਂ ਵਿੱਚ ਜਾਣਾ ਪਵੇਗਾ। ਸ਼ਰਦ ਪਵਾਰ ਅਤੇ ਮਮਤਾ ਵਿਚਾਲੇ ਸਿਲਵਰ ਓਕ ਅਪਾਰਟਮੈਂਟ ਵਿੱਚ ਇੱਕ ਘੰਟਾ ਗੱਲਬਾਤ ਚੱਲਣ ਦੇ ਬਾਅਦ ਸ਼ਰਦ ਪਵਾਰ ਨੇ ਕਿਹਾ 2024 ਵਿੱਚ ਅਗਵਾਈ ਕੌਣ ਕਰੇਗਾ, ਇਹ ਬਾਅਦ ਦਾ ਮੁੱਦਾ ਹੈ, ਪਹਿਲਾਂ ਸਭ ਨੂੰ ਇੱਕ ਮੰਚ ਉੱਤੇ ਆਉਣ ਦੀ ਜ਼ਰੂਰਤ ਹੈ।

## ਹਰਿਆਣਾ ’ਚ ਭਰਤੀ ਘੋਟਾਲਾ: ਸਰਕਾਰ ਨੇ 19 ਐਚ ਸੀ ਐਸ ਅਫਸਰਾਂ ਨੂੰ ਪੁੱਛਿਆ: ‘ਤੁਹਾਨੂੰ ਕੱਢ ਕਿਉਂ ਨਾ ਦਿੱਤਾ ਜਾਏ’

ਚੰਡੀਗੜ੍ਹ, 2 ਦਸੰਬਰ (ਪੋਸਟ ਬਿਊਰੋ)- ਹਰਿਆਣਾ ਵਿੱਚ 2016 ਵਿੱਚ ਨੌਕਰੀ ਜੁਆਇਨ ਕਰ ਚੁੱਕੇ 19 ਐਚ ਸੀ ਐਸ ਅਤੇ ਅਲਾਈਡ ਸਰਵਿਸ ਦੇ 9 ਅਫਸਰਾਂ ਨੂੰ ਸਰਕਾਰ ਨੇ ਬਰਖਾਸਤਗੀ ਦਾ ਨੋਟਿਸ ਭੇਜਿਆ ਹੈ। ਚੀਫ ਸੈਕਟਰੀ ਵਿਜੇ ਵਰਧਨ ਨੇ ਆਪਣੀ ਰਿਟਾਇਰਮੈਂਟ ਤੋਂ ਇੱਕ ਦਿਨ ਪਹਿਲਾਂ ਇਸ ਨੋਟਿਸ ਉੱਤੇਦਸਖਤ ਕੀਤੇ ਸਨ।

ਜਾਣਕਾਰ ਸੂਤਰਾਂ ਮੁਤਾਬਕ ਨੋਟਿਸ ਵਿੱਚ ਲਿਖਿਆ ਹੈ ਕਿ 2004 ਵਿੱਚ ਐਚ ਸੀ ਐਸ-ਅਲਾਈਡ ਸਰਵਿਸ ਲਈ 102 ਪੋਸਟਾਂ ਦੀ ਭਰਤੀ ਵਿੱਚ ਅਣਗਹਿਲੀ ਮਿਲ ਗਈ ਹੈ, ਇਸ ਲਈ ਕਿਉਂ ਨਾ ਤੁਹਾਨੂੰ ਬਰਖਾਸਤ ਕਰ ਦਿੱਤਾ ਜਾਏ? ਅਫਸਰਾਂ ਨੂੰ ਆਪਣਾ ਪੱਖ ਰੱਖਣ ਲਈ ਤੀਹ ਦਿਨ ਦਾ ਸਮਾਂ ਦਿੱਤਾ ਗਿਆ ਹੈ। ਜਿਹੜੇ ਐਚ ਸੀ ਐਸ ਦੀ ਜੁਆਇਨਿੰਗ ਹੋਈ ਸੀ, ਉਨ੍ਹਾਂ ਵਿੱਚ 18 ਇਸ ਤੋਂ ਪਹਿਲਾਂ ਚੰਗੀ ਥਾਂ ਕੰਮ ਕਰ ਰਹੇ ਸਨ। ਜੁਆਇਨਿੰਗ ਪਿੱਛੋਂਉਹ ਡਿਊਟੀ ਕਰ ਰਹੇ ਹਨ ਅਤੇ ਇਨ੍ਹਾਂ ਨੂੰ ਸੀਨੀਅਰ ਸਕੇਲ ਮਿਲ ਚੁੱਕਾ ਹੈ। ਇਸ ਭਰਤੀ ਨਾਲ ਜੁੜੇ ਕੇਸ ਦੀ ਸੁਣਵਾਈ ਕੱਲ੍ਹ ਹਾਈ ਕੋਰਟ ਵਿੱਚ ਹੋਣੀ ਅਤੇ ਸਰਕਾਰ ਨੇ ਜਵਾਬ ਦੇਣਾ ਸੀ। ਕਿਉਂਕਿ ਇਸੇ ਭਰਤੀ ਦੇ 22 ਬਿਨੈਕਾਰਾਂ ਨੇ ਉਨ੍ਹਾਂ ਅਫਸਰਾਂ ਦੀ 2016 ਵਿੱਚ ਜੁਆਇਨਿੰਗ ਦੇ ਬਾਅਦ ਪਟੀਸ਼ਨ ਦਾਖਲ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਜਦ ਇਹ ਅਫਸਰ ਜੁਆਇਨ ਕਰ ਸਕਦੇ ਹਨ ਤਾਂ ਉਨ੍ਹਾਂ ਨੂੰ ਵੀ ਨਿਯੁਕਤੀ ਦਿੱਤੀ ਜਾਏ। ਵਰਨਣ ਯੋਗ ਹੈ ਕਿ ਚੌਟਾਲਾ ਸਰਕਾਰ ਦੌਰਾਨ 2004 ਵਿੱਚ ਐੱਚ ਸੀ ਐਸ-ਅਲਾਈਡ ਸਰਵਿਸ ਦੇ 102 ਅਹੁਦਿਆਂ ਉੱਤੇ ਭਰਤੀ ਹੋਈ ਅਤੇ ਹੁੱਡਾ ਸਰਕਾਰ ਨੇ ਭਰਤੀ ਉੱਤੇ ਸਵਾਲ ਉਠਾ ਕੇ ਜਾਂਚ ਵਿਜੀਲੈਂਸ ਨੂੰ ਸੌਂਪ ਦਿੱਤੀ ਸੀ। ਸਾਲ 2012 ਵਿੱਚ ਰਿਪੋਰਟ ਮਿਲੀ ਤਾਂ ਇਸ ਦੌਰਾਨ ਬਿਨੈਕਾਰ ਸੁਪਰੀਮ ਕੋਰਟ ਜਾ ਪਹੁੰਚੇ। ਸਾਲ 2014 ਵਿੱਚ ਭਾਜਪਾ ਦੀ ਸਰਕਾਰ ਬਣੀ ਸੀ। ਕੋਰਟ ਨੇ ਕਿਹਾ ਕਿ ਜਾਂਚ ਰਿਪੋਰਟ ਵਿੱਚ ਜਿਸ ਨੂੰ ਕਲੀਨ ਚਿਟ ਮਿਲਦੀ ਹੈ, ਉਸ ਨੂੰ ਜੁਆਇਨਿੰਗ ਦਿੱਤੀ ਜਾ ਸਕਦੀ ਹੈ।ਰਾਜ ਸਰਕਾਰ ਨੇ ਜਿਨ੍ਹਾਂ 38 ਅਫਸਰਾਂ ਨੂੰ ਜੁਆਇਨਿੰਗ ਲੈਟਰ ਦਿੱਤਾ, ਉਨ੍ਹਾਂ ਦੀ ਨਿਯੁਕਤੀ ਤੋਂ ਪਹਿਲਾਂ ਐਡੀਸ਼ਨਲ ਡੀ ਜੀ ਪੀ ਪੱਧਰ ਦੇ ਅਫਸਰ ਦੀ ਅਗਵਾਈ ਵਿੱਚ ਇੱਕ ਕਮੇਟੀ ਨੇ ਕਾਂਗਰਸ ਰਾਜ ਵਿੱਚ ਵਿਜੀਲੈਂਸ ਜਾਂਚ ਦੇ ਨਾਲ ਆਪਣੇ ਪੱਧਰ ਉੱਤੇ ਜਾਂਚ ਕੀਤੀ ਤਾਂ ਕਮੇਟੀ ਨੇ 38 ਨੂੰ ਕਲੀਨ ਚਿਟ ਦਿੱਤੀ ਸੀ। ਉਸੇ ਆਧਾਰ ਉੱਤੇ ਸਰਕਾਰ ਨੇ ਜੁਆਇਨਿੰਗ ਕਰਵਾਈ ਕੀਤੀ, ਪ੍ਰੰਤੂ ਤਾਜ਼ਾ ਨੋਟਿਸ ਵਿੱਚ ਸਰਕਾਰ ਨੇ ਭਰਤੀ ਵਿੱਚ ਅਣਗਹਿਲੀ ਦੱਸ ਦਿੱਤੀ ਹੈ, ਜਦ ਕਿ ਪਹਿਲਾਂ ਕਲੀਨ ਚਿਟ ਦਿੱਤੀ ਸੀ।

## ਸੁਪਰੀਮ ਕੋਰਟ ਨੇ ਕਿਹਾ: ਬੱਚਿਆਂ ਦੇ ਵੱਡੇ ਹੋਣ ਤਕ ਪਾਲਣ ਦੀ ਜ਼ਿੰਮੇਵਾਰੀ ਪਿਤਾ ਦੀ



ਨਵੀਂ ਦਿਲੀ, 2 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕੱਲ੍ਹ ਕਿਹਾ ਕਿ ਪਤੀ-ਪਤਨੀ ਦੇ ਝਗੜੇ ਵਿੱਚ ਬੱਚੇ ਦੇ ਦੇਖਭਾਲ ਦੀ ਜ਼ਿੰਮੇਵਾਰੀ ਉਸ ਦੇ ਬਾਲਗ ਹੋਣ ਤਕਪਿਤਾ ਦੀ ਹੈ। ਕੋਰਟ ਦੀ ਧਾਰਾ 142 ਹੇਠ ਫੈਮਿਲੀ ਕੋਰਟ ਵੱਲੋਂ ਪਤੀ ਅਤੇ ਪਤਨੀ ਨੂੰ ਤਲਾਕ ਦੇ ਹੁਕਮ ਦੀ ਪੁਸ਼ਟੀ ਦੀ ਆਪਣੀ ਵਿਸ਼ੇਸ਼ ਸ਼ਕਤੀ ਦੀ ਵਰਤੋਂ ਕੀਤੀ ਤੇ ਹਾਈ ਕੋਰਟ ਨੂੰ ਹੁਕਮ ਦਿੱਤਾ ਕਿ ਬੱਚੇ ਨੂੰ ਪਿਤਾ ਗੁਜ਼ਾਰੇ ਲਈ ਪੰਜਾਹ ਹਜ਼ਾਰ ਰੁਪਏ ਦਾ ਭੁਗਤਾਨ ਕਰੇ। ਵੱਖ-ਵੱਖ ਹੋ ਚੁੱਕਾ ਜੋੜਾ ਮਈ 2011 ਤੋਂ ਇਕੱਠੇ ਨਹੀਂ ਰਹਿ ਰਿਹਾਤੇ ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੇ ਵਿਆਹ ਨੂੰ ਬਚਾ ਸਕਣਾ ਮੁਸ਼ਕਲ ਹੈ। ਜਸਟਿਸ ਐਮ ਆਰ ਸ਼ਾਹ ਅਤੇ ਜਸਟਿਸ ਏ ਐਸ ਬੋਪੰਨਾ ਦੀ ਬੈਂਚ ਨੇ ਕਿਹਾ ਕਿ ਪਤੀ ਫੌਜੀ ਅਫਸਰ ਹੈ, ਉਸ ਨੂੰ ਆਪਣੇ ਬੇਟੇ ਦੇ ਵੱਡੇ ਹੋਣ ਤਕ ਉਸ ਦੀ ਦੇਖਭਾਲ ਦੀ ਜ਼ਿੰਮੇਵਾਰੀ ਤੋਂ ਛੋਟ ਨਹੀਂ ਮਿਲ ਸਕਦੀ। ਬੈਂਚ ਨੇ ਕਿਹਾ, ‘‘ਪਤੀ-ਪਤਨੀ ਵਿੱਚ ਚਾਹੇ ਜੋ ਵੀ ਝਗੜਾ ਹੋਵੇ, ਬੱਚੇ ਨੂੰ ਪੀੜਤ ਨਹੀਂ ਹੋਣ ਦਿੱਤਾ ਜਾ ਸਕਦਾ। ਬੱਚੇ ਦੇ ਵੱਡੇ ਹੋਣ ਤਕ ਉਸ ਦੀ ਦੇਖਭਾਲ ਦੀ ਪਿਤਾ ਦੀ ਜ਼ਿੰਮੇਵਾਰੀ ਜਾਰੀ ਰਹੇਗੀ। ਇਸ ਤੋਂ ਇਨਕਾਰ ਨਹੀ ਕੀਤਾ ਜਾ ਸਕਦਾ ਕਿ ਬੇਟੇ ਦੀ ਦੇਖਭਾਲ ਪਿਤਾ ਦੀ ਹੈਸੀਅਤ ਮੁਤਾਬਕ ਹੋਣੀ ਚਾਹੀਦੀ ਹੈ।

## ਮਹਿਲਾ ਇੰਸਪੈਕਟਰ ਵੱਲੋਂ ਲਿੰਗ ਪਰਿਵਤਰਨ ਕਰਾਉਣ ਦਾ ਫੈਸਲਾ

ਭੋਪਾਲ, 2 ਦਸੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਵਿੱਚ ਆਪਣੀ ਤਰ੍ਹਾਂ ਦੇ ਵਿਰਲੇ ਕੇਸ ਵਿੱਚ ਕੱਲ੍ਹ ਇੱਕ ਮਹਿਲਾ ਪੁਲਸ ਕਾਂਸਟੇਬਲ ਨੂੰ ਗ੍ਰਹਿ ਵਿਭਾਗ ਨੇ ਆਪਣਾ ਲਿੰਗ ਪਰਿਵਰਤਨ ਦੀ ਕਾਨੂੰਨੀ ਮਨਜ਼ੂਰੀ ਦੇ ਦਿੱਤੀ ਹੈ। ਲਿੰਗ ਪਰਿਵਰਤਨ ਦੀ ਪ੍ਰਕਿਰਿਆ ਪੂਰੀ ਹੋਣ ਪਿੱਛੋਂ ਇਹ ਮਹਿਲਾ ਪੁਰਸ਼ ਕਾਂਸਟੇਬਲ ਵਜੋਂ ਆਪਣੀ ਪਛਾਣ ਦਰਜ ਕਰਵਾਏਗੀ।

ਇਸ ਰਾਜ ਦੇ ਗ੍ਰਹਿ ਵਿਭਾਗ ਦੇ ਚੀਫ ਸੈਕਟਰੀ ਡਾਕਟਰ ਰਾਜੇਸ਼ ਰਾਜੌਰਾ ਨੇ ਦੱਸਿਆ ਕਿ ਇਹ ਮੱਧ ਪ੍ਰਦੇਸ਼ ਦਾ ਪਹਿਲਾ ਕੇਸ ਹੈ, ਜਿਸ ਵਿੱਚ ਰਾਜ ਸਰਕਾਰ ਨੇ ਕਿਸੇ ਨੂੰ ਲਿੰਗ ਪਰਿਵਰਤਨ ਦੀ ਇਜਾਜ਼ਤ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਮਹਿਲਾ ਕਾਂਸਟੇਬਲ ਨੂੰ ਕਾਨੂੰਨੀ ਤੌਰ ਉੱਤੇ ਲਿੰਗ ਪਰਿਵਰਤਨ ਦੀ ਇਜਾਜ਼ਤ ਦਾ ਹੁਕਮ ਕੱਲ੍ਹ ਗ੍ਰਹਿ ਵਿਭਾਗ ਵੱਲੋਂ ਪੁਲਸ ਹੈਡਕੁਆਰਟਰ ਨੂੰ ਭੇਜ ਦਿੱਤਾ ਗਿਆ। ਡਾਕਟਰ ਰਾਜੌਰਾ ਨੇ ਦੱਸਿਆ ਕਿ ਮਹਿਲਾ ਕਾਂਸਟੇਬਲ ਅਮਿਤਾ (ਨਕਲੀ ਨਾਂਅ) ਨੂੰ ਬਚਪਨ ਤੋਂ ‘ਜੈਂਡਰ ਆਈਡੈਂਟਿਟੀ ਡਿਸਆਰਡਰ’ ਦੀ ਸਮੱਸਿਆ ਸੀ ਤੇ ਇਸ ਦੀ ਪੁਸ਼ਟੀ ਰਾਸ਼ਟਰੀ ਪੱਧਰ ਦੇ ਮਾਨਸਿਕ ਰੋਗਾਂ ਦੇ ਮਾਹਰ ਨੇ ਕੀਤੀ ਸੀ। ਰਾਜ ਦੇ ਇੱਕ ਜ਼ਿਲ੍ਹਾ ਪੁਲਸ ਬਲ ਵਿੱਚ ਤੈਨਾਤ ਇਹ ਮਹਿਲਾ ਕਾਂਸਟੇਬਲ ਆਪਣੇ ਸਾਰੇ ਕੰਮ ਪੁਰਸ਼ਾਂ ਵਾਂਗ ਹੀ ਕਰਦੀ ਆ ਰਹੀ ਹੈ।

## ਭਾਰਤ ਸਰਕਾਰ ਜਲਦ ਹੀ ਕ੍ਰਿਪਟੋਕਰੰਸੀ ਬਿੱਲ ਪੇਸ਼ ਕਰੇਗੀ



ਨਵੀਂ ਦਿੱਲੀ, 2 ਦਸੰਬਰ (ਪੋਸਟ ਬਿਊਰੋ)- ਕ੍ਰਿਪਟੋਕਰੰਸੀ ਬੈਨ ਦੀਆਂ ਚਿੰਤਾਵਾਂ ਦੌਰਾਨ ਕੱਲ੍ਹ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਪਾਰਲੀਮੈਂਟ ਵਿੱਚ ਕਿਹਾ ਕਿ ਸਰਕਾਰ ਜਲਦ ਹੀ ਕ੍ਰਿਪਟੋਕਰੰਸੀ ਬਾਰੇ ਬਿੱਲ ਪੇਸ਼ ਕਰੇਗੀ।

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਪਾਰਲੀਮੈਂਟ ਨੂੰ ਦੱਸਿਆ ਕਿ ਕ੍ਰਿਪਟੋਕਰੰਸੀ ਬਾਰੇ ਰੈਗੂਲੇਸ਼ਨ ਉੱਤੇ ਕਾਫੀ ਚਰਚਾ ਕੀਤੀ ਗਈ ਹੈ। ਰਾਜ ਸਭਾ ਵਿੱਚ ਪ੍ਰਸ਼ਨਕਾਲ ਦੌਰਾਨ ਨਿਰਮਲਾ ਸੀਤਾਰਮਨ ਨੇ ਦੱਸਿਆ ਕਿ ਇਹ ਖਤਰੇ ਵਾਲਾ ਖੇਤਰ ਹੈ ਅਤੇ ਪੂਰੇ ਰੈਗੂਲੇਟਰੀ ਫ਼ਰੇਮਵਰਕ ਵਿੱਚ ਨਹੀਂ। ਉਨ੍ਹਾਂ ਦੱਸਿਆ ਕਿ ਇਸ ਦੇ ਵਿਗਿਆ-ਪਨ ਨੂੰ ਬੈਨ ਕਰਨ ਬਾਰੇ ਕੋਈ ਫ਼ੈਸਲਾ ਨਹੀਂ ਲਿਆ ਗਿਆ। ਰਿਜ਼ਰਵ ਬੈਂਕ (ਆਰ ਬੀ ਆਈ) ਅਤੇ ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਸੇਬੀ) ਦੇ ਰਾਹੀਂ ਜਾਗਰੂਕਤਾ ਫ਼ੈਲਾਉਣ ਲਈ ਕਦਮ ਚੁੱਕੇ ਗਏ ਹਨ। ਉਨ੍ਹਾ ਦੱਸਿਆ ਕਿ ਸਰਕਾਰ ਜਲਦੀ ਹੀ ਬਿੱਲ ਪੇਸ਼ ਕਰੇਗੀ। ਕ੍ਰਿਪਟੋ ਦੇ ਇਸ਼ਤਿਹਾਰਾਂ ਬਾਰੇ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਇੱਥੇ ਏ ਐਸ ਸੀ ਆਈ ਇਨ੍ਹਾਂ ਵਿਗਿਆਪਨਾਂ ਨੂੰ ਕੰਟਰੋਲ ਕਰਦੀ ਹੈ ਅਤੇ ਇਸ ਦੇ ਸਾਰੇ ਨਿਯਮਾਂ ਨੂੰ ਦੇਖਿਆ ਜਾ ਰਿਹਾ ਹੈ। ਉਨ੍ਹਾਂ ਪਾਰਲੀਮੈਂਟ ਨੂੰ ਇਹ ਦੱਸਿਆ ਕਿ ਸਰਕਾਰ ਜਲਦ ਹੀ ਬਿੱਲ ਕੈਬਨਿਟ ’ਚ ਪਾਸ ਕਰਨ ਤੋਂ ਬਾਅਦ ਅਮਲ ਵਿੱਚ ਲਿਆਏਗੀ।

## ਕਿਸਾਨ ਅੰਦੋਲਨ ਕਾਰਨ 60000 ਕਰੋੜ ਦੇ ਕਾਰੋਬਾਰ ਦੇ ਨੁਕਸਾਨ ਦਾ ਅੰਦਾਜ਼ਾ



ਨਵੀਂ ਦਿੱਲੀ, 2 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀਆਂ ਹੱਦਾਂ ਉੱਤੇਹੋਏ ਪ੍ਰਦਰਸ਼ਨ ਦੌਰਾਨ ਹੋਏ ਨੁਕਸਾਨ ਬਾਰੇ ਕੱਲ੍ਹ ਕੈਟ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ ਕਿ ਇਸ ਅੰਦੋਲਨ ਦੇ ਕਾਰਨ ਅੱਜ ਤਕ ਕਰੀਬ 60000 ਕਰੋੜ ਰੁਪਏ ਦੇ ਵਪਾਰ ਦਾ ਨੁਕਸਾਨ ਹੋਇਆ ਹੈ।

ਕੈਟ (ਇੱਕ ਕਾਰੋਬਾਰੀ ਸੰਸਥਾ-ਸੀ ਏ ਆਈ ਟੀ) ਨੇ ਕਿਹਾ ਕਿ ਨੁਕਸਾਨ ਦੇ ਅੰਕੜੇ ਵੱਖ-ਵੱਖ ਰਾਜਾਂ ਤੋਂ ਸੀ ਏ ਆਈ ਟੀ ਦੀ ਖੋਜ ਸੰਸਥਾ ਰਾਹੀਂ ਮਿਲੇ ਇਨਪੁਟਸ ਉੱਤੇ ਆਧਾਰਤ ਹਨ।ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਰੋਜ਼ ਲਗਭਗ 50000 ਟਰੱਕ ਮਾਲ ਲੈ ਕੇ ਦਿੱਲੀ ਆਉਂਦੇ ਅਤੇ ਕਰੀਬ 30,000 ਟਰੱਕ ਦਿੱਲੀ ਤੋਂ ਦੂਸਰੇ ਰਾਜਾਂ ਨੂੰ ਮਾਲ ਢੋਂਦੇ ਹਨ। ਕਿਉਂਕਿ ਦਿੱਲੀ ਨਾ ਖੇਤੀ ਪ੍ਰਧਾਨ ਸੂਬਾ ਹੈ ਅਤੇ ਨਾ ਉਦਯੋਗਿਕ ਸੂਬਾ, ਇਸ ਨੂੰ ਆਪਣੇ ਸਦੀਆਂ ਪੁਰਾਣੇ ਵਪਾਰ ਤੇ ਵੰਡ ਸਿਸਟਮ ਨੂੰ ਬਣਾਈ ਰੱਖਣ ਲਈ ਮਾਲ ਦੀ ਖਰੀਦ-ਵਿਕਰੀ ਉੱਤੇ ਨਿਰਭਰ ਰਹਿਣਾ ਪੈਂਦਾ ਹੈ ਅਤੇ ਇਸ ਲਈ ਦਿੱਲੀ ਕਿਸਾਨ ਅੰਦੋਲਨ ਦਾ ਮੁੱਖ ਪੀੜਤ ਹੈ। ਕੈਟ ਮੁਤਾਬਕ ਦਸੰਬਰ 2020 ਅਤੇ ਜਨਵਰੀ 2021 ਵਿੱਚ ਪੰਜਾਬ, ਹਰਿਆਣਾ, ਰਾਜਸਥਾਨ, ਉਤਰ ਪ੍ਰਦੇਸ਼, ਜੰਮੂ-ਕਸ਼ਮੀਰ, ਹਿਮ-ਾਚਲ ਪ੍ਰਦੇਸ਼ ਤੋਂ ਦਿੱਲੀ ਦੀ ਸਪਲਾਈ ਉੱਤੇ ਕਾਫੀ ਪ੍ਰਭਾਵ ਪਿਆ ਹੈ। ਓਧਰ ਕਿਸਾਨਾਂ ਵੱਲੋਂਹਾਈਵੇ ਰੋਕੇ ਜਾਣ ਕਾਰਨ ਮਾਲ ਲੈ ਆਉਣ ਜਾਣ ਵਾਲੀਆਂ ਗੱਡੀਆਂ ਵਿੱਚ ਮੁਸ਼ਕਲਾਂ ਕਾਰਨ ਇਹ ਕਾਰੋਬਾਰੀ ਨੁਕਸਾਨ ਮੁੱਖ ਤੌਰਉਤੇ ਨਵੰਬਰ, ਦਸੰਬਰ 2020 ਅਤੇ ਜਨਵਰੀ 2021 ਵਿੱਚ ਹੋਇਆ ਹੈ।

## ਅਦਾਲਤੀ ਮਾਣਹਾਨੀ ਕੇਸ: ਵਿਜੇ ਮਾਲਿਆ ਵਿਰੁੱਧ ਆਖਰੀ ਸੁਣਵਾਈ 18 ਜਨਵਰੀ ਨੂੰ



ਨਵੀਂ ਦਿੱਲੀ, 2 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕੱਲ੍ਹ ਇੱਥੇ ਕਿਹਾ ਹੈ ਕਿ ਉਸ ਨੇ ਕਾਫੀ ਲੰਬੇ ਸਮੇਂ ਤਕ ਇੰਤਜ਼ਾਰ ਕੀਤਾ ਹੈ ਅਤੇ ਉਹ ਭਗੌੜੇ ਕਰੋਬਾਰੀ ਵਿਜੈ ਮਾਲਿਆ ਖਿਲਾਫ ਅਦਾਲਤੀ ਮਾਣਹਾਨੀ ਦੇ ਮਾਮਲੇ ਵਿੱਚ ਹੋਰ ਇੰਤਜ਼ਾਰ ਨਹੀਂ ਕਰ ਸਕਦੇ। ਅਦਾਲਤ ਨੇ ਕਿਹਾ ਕਿ ਇਸ ਕੇਸ ਵਿੱਚ ਸਜ਼ਾ ਦੇ ਬਾਰੇ ਆਖਰੀ ਸੁਣਵਾਈ ਅਗਲੇ ਸਾਲ 18 ਜਨਵਰੀ ਨੂੰ ਕੀਤੀ ਜਾਵੇਗੀ। ਸੁਪਰੀ ਕੋਰਟ ਨੇ ਕਿਹਾ ਕਿ ਵਿਜੇ ਮਾਲਿਆ ਦੇ ਖਿਲਾਫ ਅਦਾਲਤੀ ਮਾਣਹਾਨੀ ਦੇ ਮਾਮਲੇ ਵਿੱਚ ਉਹ ਹੋਰ ਇੰਤਜ਼ਾਰ ਨਹੀਂ ਕਰ ਸਕਦੇ। ਮਾਲਿਆ ਆਪਣੀ ਬੰਦ ਹੋ ਚੁੱਕੀ ਕਿੰਗਫਿਸ਼ਰ ਏਅਰਲਾਈਨਜ਼ ਦੇ ਨਾਲ ਸਬੰਧਤ 9000 ਕਰੋੜ ਰੁਪਏ ਤੋਂ ਵੱਧ ਦੇ ਬੈਂਕ ਕਰਜ਼ੇ ਦੇ ਘੁਟਾਲੇ ਦੇ ਕੇਸ ਵਿੱਚ ਲੋੜੀਂਦਾ ਹੈ।

ਜਸਟਿਸ ਯੂ ਯੂ ਲਲਿਤ, ਜਸਟਿਸ ਐਸ ਆਰ ਭੱਟ ਅਤੇ ਜਸਟਿਸ ਬੇਲਾ ਐਮ ਤ੍ਰਿਵੇਦੀ ਦੇ ਤਿੰਨ ਮੈਂਬਰੀ ਬੈਂਚ ਨੇ ਕਿਹਾ ਕਿ ਇਸ ਵੇਲੇ ਬ੍ਰਿਟੇਨ ਵਿੱਚ ਲੁਕੇ ਹੋਏ ਵਿਜੇਮਾਲਿਆ ਨੂੰ 2017 ਵਿੱਚ ਅਦਾਲਤੀ ਮਾਣਹਾਨੀ ਦਾ ਦੋਸ਼ੀ ਮੰਨਿਆ ਗਿਆ ਸੀ ਅਤੇ ਉਸ ਨੂੰ ਦਿੱਤੀ ਜਾਣ ਵਾਲੀ ਸਜ਼ਾ ਉੱਤੇ ਉਸ ਦਾ ਪੱਖ ਸੁਣਨ ਲਈ ਕੇਸ ਸੂਚੀਬੱਧ ਕੀਤਾ ਜਾਣਾ ਸੀ। ਬੈਂਚ ਨੇ ਕਿਹਾ ਕਿ ਅਦਾਲਤ ਨੇ ਕਾਫੀ ਲੰਬਾ ਇੰਤਜ਼ਾਰ ਕੀਤਾ ਹੈ। ਕੋਰਟ ਨੇ ਪਿਛਲੇ ਸਾਲ ਵਿਜੈ ਮਾਲਿਆ (65) ਦੀ ਰਿਵੀਊ ਪਟੀਸ਼ਨ ਰੱਦ ਕਰ ਦਿੱਤੀ ਸੀ, ਜਿਸ ਵਿੱਚ ਉਸ ਨੇ ਅਦਾਲਤ ਦੇ ਨੌਂ ਮਈ 2017 ਦੇ ਫੈਸਲੇ ਉੱਤੇ ਮੁੜ ਵਿਚਾਰ ਦੇ ਲਈ ਅਪੀਲ ਕੀਤੀ ਸੀ। ਇਸ ਕੇਸ ਵਿੱਚ ਅਦਾਲਤ ਨੇ ਉਸ ਨੂੰ ਅਦਾਲਤੀ ਹੁਕਮਾਂ ਦੀ ਹੱਤਕ ਕਰ ਕੇ ਆਪਣੇ ਬੱਚਿਆਂ ਨੂੰ ਚਾਰ ਕਰੋੜ ਅਮਰੀਕੀ ਡਾਲਰ ਟਰਾਂਸਫਰ ਭੇਜਣ ਕੇ ਅਦਾਲਤੀ ਮਾਣਹਾਨੀ ਦਾ ਦੋਸ਼ੀ ਮੰਨਿਆ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਉਸ ਦੇ ਸਾਹਮਣੇ ਪੇਸ਼ ਇੱਕ ਆਫਿਸ ਮੈਮੋਰੰਡਮ ਦੇ ਅਨੁਸਾਰ ਬ੍ਰਿਟੇਨ ਵਿੱਚ ਹਵਾਲਗੀ ਦੀ ਕਾਰਵਾਈ ਆਖਰੀ ਗੇੜ ਵਿੱਚ ਹੈ ਤੇ ਇਸ ਵਿੱਚ ਵਿਜੇ ਮਾਲਿਆ ਲਈ ਅਪੀਲ ਦੇ ਸਾਰੇ ਮੌਕੇ ਖਤਮ ਹੋ ਚੁੱਕੇ ਹਨ। ਅਦਾਲਤ ਨੇ ਸੁਣਵਾਈ ਦੌਰਾਨ ਕਿਹਾ, ‘ਅਸੀਂ ਇਸ ਕੇਸ ਨੂੰ ਨਿਪਟਾਰੇ ਲਈ ਜਨਵਰੀ ਦੇ ਦੂਜੇ ਹਫਤੇ ਵਿੱਚ ਸੂਚੀਬੱਧ ਕਰਾਂਗੇ, ਕਿਉਂਕਿ ਅਸੀਂ ਹੋਰ ਲੰਬਾ ਇੰਤਜ਼ਾਰ ਨਹੀਂ ਕਰ ਸਕਦੇ। ਇਸ ਕੇਸ ਦਾ ਕਿਸੇ ਨਾ ਕਿਸੇ ਪੜਾਅ ਉੱਤੇ ਨਿਪਟਾਰਾ ਹੋਣਾ ਹੈ ਅਤੇ ਪ੍ਰਕਿਰਿਆ ਸਮਾਪਤ ਹੋਣੀ ਚਾਹੀਦੀ ਹੈ।’ ਬੈਂਚ ਨੇ ਕਿਹਾ ਕਿ ਮਾਲਿਆ ਨੂੰ ਦਲੀਲਾਂ ਪੇਸ਼ ਕਰਨ ਦੀ ਆਜ਼ਾਦੀ ਹੈ ਅਤੇ ਜੇ ਕਿਸੇ ਕਾਰਨ ਉਹ ਪੇਸ਼ ਨਹੀਂ ਹੋ ਸਕਦਾ ਤਾਂ ਵਕੀਲ ਉਸ ਵੱਲੋਂ ਦਲੀਲਾਂ ਪੇਸ਼ ਕਰ ਸਕਦੇ ਹਨ।

## ਕਿਸਾਨਾਂ ਦੇ ਪ੍ਰਦਰਸ਼ਨ ਵਿਰੁੱਧ ਪੋਸਟਾਂ ਕਾਰਨ ਕੰਗਣਾ ਰਣੌਤ ਨੂੰ ਧਮਕੀ

### * ਕੰਗਣਾ ਨੇ ਸ਼ਿਕਾਇਤ ਦਰਜ ਕਰਵਾਈ



ਮੁੰਬਈ, 2 ਦਸੰਬਰ (ਪੋਸਟ ਬਿਊਰੋ)- ਫਿਲਮ ਅਭਿਨੇਤਰੀ ਕੰਗਣਾ ਰਣੌਤ ਨੇ ਕਿਹਾ ਕਿ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਬਾਰੇ ਉਸ ਦੀ ਪੋਸਟ ਨੂੰ ਲੈ ਕੇ ਧਮਕੀ ਮਿਲਣ ਪਿੱਛੋਂ ਉਸ ਨੇ ਇੱਕ ਸ਼ਿਕਾਇਤ ਦਰਜ ਕਰਵਾਈ ਹੈ।

ਕੰਗਣਾ ਰਣੌਤ ਨੇ ਇੰਸਟਗ੍ਰਾਮ ਉੱਤੇ ਹਿੰਦੀ ਵਿੱਚ ਇੱਕ ਲੰਬਾ ਬਿਆਨ ਪੋਸਟ ਕੀਤਾ ਅਤੇ ਦੋਸ਼ ਲਾਇਆ ਕਿ ਮੈਨੂੰ ਆਪਣੀ ਤਾਜ਼ਾ ਪੋਸਟ ਬਾਰੇ ਭੰਨ-ਤੋੜੂ ਤਾਕਤਾਂ ਵੱਲੋਂ ਲਗਾਤਾਰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਬਠਿੰਡਾ ਦੇ ਇੱਕ ਵਿਅਕਤੀ ਨੇ ਮੈਨੂੰ ਸ਼ਰੇਆਮ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਹੈ। ਮੈਂ ਅਜਿਹੀਆਂ ਧਮਕੀਆਂ ਤੋਂ ਡਰਦੀ ਨਹੀਂ। ਕੰਗਣਾ ਨੇ ਕਿਹਾ ਕਿ ਮੈਂ ਦੇਸ਼ ਵਿਰੁੱਧ ਸਾਜ਼ਿਸ਼ਾਂ ਰਚਣ ਵਾਲਿਆਂ ਤੇ ਅੱਤਵਾਦੀ ਤਾਕਤਾਂ ਵਿਰੁੱਧ ਬੋਲਣਾ ਜਾਰੀ ਰੱਖਾਂਗੀ, ਭਾਵੇਂ ਉਹ ਨਿਰਦੋਸ਼ ਜਵਾਨਾਂ ਦੀ ਹੱਤਿਆ ਕਰਨ ਵਾਲੇ ਨਕਸਲੀ ਹੋਣ, ਟੁੱਕੜੇ-ਟੁੱਕੜੇ ਗੈਂਗ ਹੋਵੇ ਜਾਂ ਫਿਰ ਖਾਲਿਸਤਾਨ ਬਣਾਉਣ ਦਾ ਸੁਫਨਾ ਵੇਖ ਰਹੇ ਵਿਦੇਸ਼ਾਂ ਵਿੱਚ ਬੈਠੇ ਅੱਤਵਾਦੀ ਹੋਣ। ਸ਼ਿਕਾਇਤ ਦੀ ਕਾਪੀ ਸਾਂਝੀ ਕਰਦੇ ਹੋਏ ਕੰਗਣਾ ਨੇ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨੂੰ ਬੇਨਤੀ ਕੀਤੀ ਕਿ ਉਹ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਉਨ੍ਹਾਂ ਦੀ ਸ਼ਿਕਾਇਤ ਉੱਤੇ ਕਾਰਵਾਈ ਕਰਨ ਦਾ ਨਿਰਦੇਸ਼ ਦੇਣ।

## ਆਸੂ ਦੇ ਆਗੂ ਨੂੰ ਕੁੱਟ-ਕੁੱਟ ਕੇ ਮਾਰਨ ਦੇ ਦੋਸ਼ ਵਿੱਚ 13 ਗ੍ਰਿਫਤਾਰ



ਗੁਹਾਟੀ, 2 ਦਸੰਬਰ (ਪੋਸਟ ਬਿਊਰੋ)- ਆਲ ਅਸਾਮ ਸਟੂਡੈਂਟਸ ਯੂਨੀਅਨ (ਆਸੂ) ਦੇ ਇੱਕ ਆਗੂ ਨੂੰ ਕੁੱਟ-ਕੁੱਟ ਕੇ ਮਾਰ ਦੇਣ ਦੇ ਕੇਸ ਵਿੱਚ ਮੁੱਖ ਦੋਸ਼ੀ ਸਣੇ ਘੱਟੋ-ਘੱਟ 13 ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਵਿਦਿਆਰਥੀ ਜਥੇਬੰਦੀ ਨੇ ਕਿਹਾ ਹੈ ਕਿ ਜਦੋਂ ਤਕ ਦੋਸ਼ੀਆਂ ਨੂੰ ਸਖਤ ਸਜ਼ਾ ਨਹੀਂ ਦਿੱਤੀ ਜਾਂਦੀ, ਉਹ ਚੁੱਪ ਨਹੀਂ ਬੈਠਣਗੇ।

ਜੌਹਰਹਾਟ ਵਿੱਚ ਬੀਤੇ ਸੋਮਵਾਰ ਇੱਕ ਹਾਦਸੇ ਪਿੱਛੋਂ ਤਿੱਖੀ ਬਹਿਸ ਹੋਣ ਮਗਰੋਂ ਲੋਕਾਂ ਦੇ ਇੱਕ ਗਰੁੱਪ ਨੇ ਆਸੂ ਦੇ ਆਗੂ ਅਨਿਮੇਸ਼ ਭੂਈਆਂ (28) ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਅਤੇ ਇਸ ਦੌਰਾਨ ਦੋ ਹੋਰ ਜਣੇ ਗੰਭੀਰ ਜ਼ਖਮੀ ਹੋ ਗਏ ਸਨ। ਇਸ ਘਟਨਾ ਦੌਰਾਨ ਕਈ ਲੋਕ ਮੌਜੂਦ ਸਨ, ਪਰ ਉਨ੍ਹਾਂ ਭੀੜ ਨੂੰ ਰੋਕਣ ਲਈ ਕੁਝ ਨਹੀਂ ਕੀਤਾ। ਭੂਈਆਂ ਦੀ ਮੌਤ ਉੱਤੇ ਦੁੱਖ ਜ਼ਾਹਰ ਕਰਦੇ ਹੋਏ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਨੇ ਪੁਲਸ ਨੂੰ ਫਾਸਟ ਟਰੈਕ ਅਦਾਲਤ ਵਿੱਚ ਕੇਸ ਲਈ ਇੱਕ ਮਹੀਨੇ ਵਿੱਚ ਦੋਸ਼ ਪੱਤਰ ਦਾਖਲ ਕਰਨ ਦਾ ਹੁਕਮ ਦਿੱਤਾ ਅਤੇ ਵਿਸ਼ੇਸ਼ ਡਾਇਰੈਕਟਰ ਜਨਰਲ ਪੁਲਸ (ਕਾਨੂੰਨ ਵਿਵਸਥਾ) ਜੀ ਪੀ ਸਿੰਘ ਨੂੰ ਨਿੱਜੀ ਤੌਰ ਉੱਤੇਇਸ ਦੀ ਨਿਗਰਾਨੀ ਕਰਨ ਨੂੰ ਕਿਹਾ। ਘਟਨਾ ਦੀ ਮੈਜਿਸਟਰੇਟੀ ਜਾਂਚ ਦੇ ਹੁਕਮ ਵੀ ਦੇ ਦਿੱਤੇ ਗਏ ਹਨ। ਮੁੱਖ ਮੰਤਰੀ ਸਰਮਾ ਦੇ ਨਿਰਦੇਸ਼ ਉੱਤੇ ਸਿੱਖਿਆ ਮੰਤਰੀ ਰਨੋਜ ਪੇਗੂ ਨੇ ਕੱਲ੍ਹ ਦਰਗਾਓਂ ਵਿੱਚ ਭੂਈਆਂ ਦੇ ਘਰ ਜਾ ਕੇ ਮ੍ਰਿਤਕ ਦੇ ਪਰਵਾਰ ਨੂੰ ਪੰਜ ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਵੀ ਕੀਤਾ।

## ਪੰਜ ਸਾਲਾ ਬੱਚੀ ਦੇ ਸਰੀਰ ਵਿੱਚ 41 ਸਾਲਾ ਕਿਸਾਨ ਦਾ ਦਿਲ ਧੜਕਣ ਲੱਗਾ

ਇੰਦੌਰ, 2 ਦਸੰਬਰ (ਪੋਸਟ ਬਿਊਰੋ)- ਮੈਡੀਕਲ ਜਗਤ ਵਿੱਚ ਬੇਹੱਦ ਹੈਰਾਨ ਕਰ ਦੇਣ ਵਾਲੇ ਮਾਮਲੇ ਵਿੱਚ ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ 41 ਸਾਲਾ ਕਿਸਾਨ ਦੇ ਮਰਨ ਪਿੱਛੋਂ ਅੰਗਦਾਨ ਤੋਂ ਮਿਲੇ ਦਿਲ ਨੂੰ ਪੰਜ ਸਾਲ ਦੀ ਬੱਚੀ ਦੇ ਸਰੀਰ ਵਿੱਚ ਟਰਾਂਸਪਲਾਂਟ ਕੀਤਾ ਗਿਆ ਹੈ। ਇਹ ਦਿਲ ਹਵਾਈ ਜਹਾਜ਼ਰਾਹੀਂ ਮੁੰਬਈ ਭੇਜ ਕੇ ਉਥੋਂ ਦੇ ਇੱਕ ਹਸਪਤਾਲ ਵਿੱਚ ਪੰਜ ਸਾਲਾ ਬੱਚੀ ਦੇ ਸਰੀਰ ਵਿੱਚ ਟਰਾਂਸਪਲਾਂਟ ਕੀਤਾ ਗਿਆ ਹੈ।

ਇੰਦੌਰ ਦੇ ਸਰਕਾਰੀ ਮਹਾਤਮਾ ਗਾਂਧੀ ਮੈਮੋਰੀਅਲ ਮੈਡੀਕਲ ਕਾਲਜ ਦੇ ਡੀਨ ਡਾ. ਸੰਜੇ ਦੀਕਸ਼ਿਤ ਨੇ ਦੱਸਿਆ ਕਿ ਮੁੰਬਈ ਦੇ ਹਸਪਤਾਲ ਵਿੱਚ ਗੰਭੀਰ ਹਾਲਤ ਵਿੱਚ ਦਾਖ਼ਲ ਪੰਜ ਸਾਲਾ ਬੱਚੀ ਅਜਿਹੀ ਬੀਮਾਰੀ ਦੀ ਸ਼ਿਕਾਰ ਸੀ ਕਿ ਉਸ ਦਾ ਦਿਲ ਅਤੇ ਇਸ ਦੇ ਆਲੇ-ਦੁਆਲੇ ਦੀ ਥਾਂ ਆਮ ਅਕਾਰ ਤੋਂ ਵੱਡੀ ਹੋ ਗਈ ਸੀ, ਜਦਕਿ ਕਿਸਾਨ ਦੇ ਮਰਨ ਉਪਰੰਤ ਅੰਗਦਾਨ ਤੋਂ ਮਿਲੇ ਦਿਲ ਦਾ ਆਕਾਰ ਆਮ ਦੇ ਮੁਕਾਬਲੇ ਛੋਟਾ ਸੀ। ਦੀਕਸ਼ਿਤ ਨੇ ਦੱਸਿਆ ਕਿ ਅੰਗਾਂ ਦੇ ਇਸ ਅਜਬ ਸੰਜੋਗ ਦੇ ਕਾਰਨ ਬੱਚੀ ਦੇ ਸਰੀਰ ਵਿੱਚ ਇੱਕ ਬਾਲਗ ਵਿਅਕਤੀ ਦਾ ਦਿਲ ਟਰਾਂਸਪਲਾਂਟ ਕੀਤਾ ਜਾ ਸਕਿਆ। ਮੁੰਬਈ ਦੇ ਹਸਪਤਾਲ ਵਿੱਚ ਡਾਕਟਰ ਬੱਚੀ ਦੀ ਹਾਲਤ ਉੱਤੇ ਨਜ਼ਰ ਰਹੇ ਹਨ।

ਅਧਿਕਾਰੀਆਂ ਨੇ ਦੱਸਿਆ ਕਿ ਖ਼ੁਮ ਸਿੰਘ ਸੋਲੰਕੀ (41) ਦੇ ਮਰਨ ਉਪਰੰਤ ਅੰਗਦਾਨ ਤੋਂ ਮਿਲੇ ਦਿਲ ਨੂੰ ਬੱਚੀ ਦੇ ਸਰੀਰ ਵਿੱਚ ਟਰਾਂਸਪਲਾਂਟ ਕਰਨ ਲਈ ਇੰਦੌਰ ਤੋਂ ਕੱਲ੍ਹ ਸ਼ਾਮ ਹਵਾਈ ਜਹਾਜ਼ ਰਾਹੀਂ ਮੁੰਬਈ ਭੇਜਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਦੇਵਾਸ ਜ਼ਿਲ੍ਹੇ ਦੇ ਪਿਪਲੀਆ ਲੋਹਾਰ ਪਿੰਡ ਦਾ ਕਿਸਾਨ ਸੋਲੰਕੀ 28 ਨਵੰਬਰ ਨੂੰ ਸੜਕ ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋ ਗਿਆਅਤੇ ਉਸ ਨੂੰ ਇੰਦੌਰ ਦੇ ਇੱਕ ਪ੍ਰਾਈਵੇਟ ਹਸਪਤਾਲਦਾਖ਼ਲ ਕਰਾਇਆ ਸੀ। ਇਲਾਜ ਦੌਰਾਨ ਕਿਸਾਨ ਦੀ ਸਿਹਤ ਵਿਗੜਦੀ ਗਈ ਅਤੇ ਡਾਕਟਰਾਂ ਨੇ ਕੱਲ੍ਹ ਉਸ ਨੂੰ ਦਿਮਾਗੀ ਤੌਰ ਉਤੇ ਮ੍ਰਿਤਕ ਐਲਾਨ ਕਰ ਦਿੱਤਾ। ਸੋਲੰਕੀ ਦਾ ਪਰਵਾਰ ਸੋਗ ਵਿੱਚ ਡੁਬੇ ਹੋਣ ਦੇ ਬਾਵਜੂਦ ਅੰਗਦਾਨ ਲਈ ਰਾਜ਼ੀ ਹੋ ਗਿਆ ਤੇ ਉਸ ਤੋਂ ਬਾਅਦ ਸਰਜਨਾਂ ਨੇ ਕਿਸਾਨ ਦੇ ਮ੍ਰਿਤਕ ਸਰੀਰ ਵਿੱਚੋਂ ਉਸ ਦਾ ਦਿਲ, ਜਿਗਰ, ਦੋਵੇਂ ਗੁਰਦੇ ਅਤੇ ਦੋਵੇਂ ਫ਼ੇਫੜੇ ਕੱਢ ਲਏ। ਉਨ੍ਹਾਂ ਦੱਸਿਆ ਕਿ ਸੋਲੰਕੀ ਦਾ ਜਿਗਰ ਅਤੇ ਦੋਵੇਂ ਗੁਰਦੇ ਇੰਦੌਰ ਦੇ ਤਿੰਨ ਲੋੜਵੰਦ ਮਰੀਜ਼ਾਂ ਨੂੰ ਟਰਾਂਸਪਲਾਂਟ ਕੀਤੇ ਗਏ, ਜਦਕਿ ਉਨ੍ਹਾਂ ਦੇ ਦੋਵੇਂ ਫ਼ੇਫੜੇ ਹੈਦਰਾਬਾਦ ਦੇ ਇੱਕ ਹਸਪਤਾਲ ਵਿੱਚ ਦਾਖ਼ਲ 38 ਸਾਲਾ ਮਰੀਜ਼ ਨੂੰ ਟਰਾਂਸਪਲਾਂਟ ਕੀਤੇ ਗਏ।

# ਰੂਸੀ ਜਹਾਜ਼ਾਂ ਨੇ ਕਾਬੁਲ ’ਚ ਮਨੁੱਖੀ ਸਹਾਇਤਾ ਪਹੁੰਚਾਈ



ਕਾਬੁਲ, 2 ਦਸੰਬਰ (ਪੋਸਟ ਬਿਊਰੋ)- ਕਾਬੁਲ ਵਿੱਚ ਰੂਸੀ ਰਾਜਦੂਤ ਦਮਿੱਤਰੀ ਝਰਿਨੋਵ ਨੇ ਕਿਹਾ ਹੈ ਕਿ ਤਾਲਿਬਾਨ ਨੂੰ ਅਫਗਾਨਿਸਤਾਨ ਵਿੱਚ ਅਸਰਦਾਰ ਤਰੀਕੇ ਨਾਲ ਅੱਤਵਾਦ ਨਾਲ ਲੜਨ ਵਿੱਚ ਕਾਫੀ ਪ੍ਰੇਸ਼ਾਨੀ ਹੋ ਰਹੀ ਹੈ, ਕਿਉਂਕਿ ਉਨ੍ਹਾਂ ਕੋਲ ਆਰਥਿਕ ਵਸੀਲਿਆਂ ਦੀ ਕਮੀ ਹੈ। ਇਸੇ ਦੌਰਾਨ ਤਿੰਨ ਰੂਸੀ ਜਹਾਜ਼ਾਂ ਨੇ ਕਾਬੁਲ ਏਅਰਪੋਰਟ ਉਤੇ ਮਨੁੱਖੀ ਮਦਦ ਪਹੁੰਚਾਈ ਹੈ ਤੇ 214 ਰੂਸੀ ਨਾਗਰਿਕਾਂ ਅਤੇ ਰੂਸ ਵਿੱਚ ਪੜ੍ਹਦੇ ਅਫਗਾਨੀ ਵਿਦਿਆਰਥੀਆਂ ਨੂੰ ਆਪਣੇ ਨਾਲ ਮਾਸਕੋ ਲੈ ਗਏ ਹਨ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਵਿੱਚ ਵਧੇਰੇ ਕਿਰਗਿਸਤਾਨ ਦੇ ਵਾਸੀ ਹਨ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਹੁਕਮ ਉੱਤੇ ਇਹ ਕਦਮ ਚੁੱਕਿਆ ਗਿਆ ਹੈ।

ਰੂਸੀ ਰੱਖਿਆ ਮੰਤਰਾਲੇ ਮੁਤਾਬਕ ਮਾਸਕੋ ਤੋਂ ਆਏ ਤਿੰਨ ਰੂਸੀ ਜਹਾਜ਼ਾਂ ਸੈਕਿੰਡ-76 ਤੋਂ ਕਾਬੁਲ ਏਅਰਪੋਰਟ ਉਤੇ ਮਨੁੱਖੀ ਸਹਾਇਤਾ ਪਹੁੰਚਾਈ ਗਈ ਅਤੇ 214 ਰੂਸੀ ਨਾਗਰਿਕਾਂ ਤੇ ਰੂਸ ਵਿੱਚ ਪੜ੍ਹਦੇ ਅਫਗਾਨੀ ਵਿਦਿਆਰਥੀਆਂ ਨੂੰ ਵਾਪਸ ਮਾਸਕੋ ਲਿਆਂਦਾਹੈ। ਇਸੇ ਦੌਰਾਨ ਸਪੂਤਨਿਕ ਨੇ ਰੂਸੀ ਰਾਜਦੂਤ ਝਰਿਨੋਵ ਦੇ ਹਵਾਲੇ ਨਾਲ ਕਿਹਾ ਕਿ ਸਤੰਬਰ ਦੇ ਮਹੀਨੇ ਤੋਂ ਤਾਲਿਬਾਨ ਦੇ ਕਬਜ਼ੇ ਵਾਲੇ ਕਾਬੁਲ ਵਿੱਚ ਅੱਤਵਾਦੀ ਸੰਗਠਨ ਅੰਡਰ ਗਰਾਊਂਡ ਹੋਏ ਹਨ। ਉਹ ਆਪਣੀ ਥਾਂ ਵਾਰ-ਵਾਰ ਬਦਲ ਰਹੇ ਹਨ। ਇਸ ਹਾਲਤ ਵਿੱਚ ਵਿੱਤੀ ਸੰਕਟ ਕਾਰਨ ਤਾਲਿਬਾਨ ਨੂੰ ਇਨ੍ਹਾਂ ਅੱਤਵਾਦੀ ਸਰਗਰਮੀਆਂ ਉਤੇ ਕਾਬੂ ਪਾਉਣ ਵਿੱਚ ਕਾਫੀ ਪ੍ਰੇਸ਼ਾਨੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਦੀ ਬੈਂਕਿੰਗ ਪ੍ਰਣਾਲੀ ਵੀ ਠੱਪ ਪੈ ਚੁੱਕੀ ਹੈ।ਦੂਜੇ ਪਾਸੇ ਨਾਟੋ ਦੇ ਮੈਂਬਰ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਨਾਟੋ ਫੌਜਾਂ ਦੇ ਅਫਗਾਨਿਸਤਾਨ ਛੱਡਣ ਦੇ ਸਿਰਫ ਤਿੰਨ ਮਹੀਨੇ ਬਾਅਦ ਲਾਤੀਵੀਆਂ ਦੇ ਰਿਗ ਵਿੱਚ 18 ਸਾਲਾਂ ਦੀ ਆਪਣੀ ਮੌਜੂਦਗੀ ਉਤੇ ਸਮੀਖਿਆ ਕੀਤੀ ਹੈ। ਨਾਟੋ ਦੇਸ਼ਾਂ ਦੇ ਸੁਰੱਖਿਆ ਬਲ ਸਾਲ 2003 ਤੋਂ ਅਫਗਾਨਿਸਤਾਨ ਵਿੱਚ ਤੈਨਾਤ ਸਨ।

# ਬਾਰਬਾਡੋਸ 400 ਸਾਲਾਂ ਬਾਅਦ ਗਣਤੰਤਰ ਦੇਸ਼ ਬਣਿਆ



ਬ੍ਰਿਜਟਾਊਨ, 2 ਦਸੰਬਰ (ਪੋਸਟ ਬਿਊਰੋ)- ਕੈਰੇਬੀਆਈ ਦੀਪ ਬਰਾਬਾਰ-ਡੋਸ ਇੱਕ ਗਣਤੰਤਰ ਬਣ ਗਿਆ ਹੈ। ਉਸ ਨੂੰ ਕੱਲ੍ਹ ਅੱਧੀ ਰਾਤ ਗਣਤੰਤਰ ਐਲਾਨ ਕੀਤਾ ਗਿਆ ਅਤੇ ਮਹਾਰਾਣੀ ਐਲਿਜ਼ਾਬੈਥ-2 ਦਾ ਰਾਜ ਖ਼ਤਮ ਹੋ ਗਿਆ।

ਇਸ ਮੌਕੇ ਇੱਕ ਵਿਸ਼ੇਸ਼ ਸਮਾਗਮ ਹੋਇਆ, ਜਿਸ ਵਿੱਚ ਬ੍ਰਿਟੇਨ ਦੇ ਪ੍ਰਿੰਸ ਚਾਰਲਸ ਸਣੇ ਕਈ ਨੇਤਾ ਸ਼ਾਮਲ ਹੋਏ। ਮਹਾਰਾਣੀ ਦਾ ਰਾਜ ਖ਼ਤਮ ਹੋਣ ਦੇ ਨਾਲ ਡੇਮ ਸਾਂਦਰਾ ਮਸੋਨ ਨੇ ਇੱਥੇ ਪਹਿਲੀ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਹੈ। ਇਸ ਕੈਰੇਬੀਆਈ ਦੀਪ ਉੱਤੇ ਪਹਿਲੀ ਵਾਰ ਲੱਗਭਗ 400 ਸਾਲ ਪਹਿਲਾਂ ਇੱਕ ਬ੍ਰਿਟਿਸ਼ ਜਹਾਜ਼ ਪੁੱਜਾ ਸੀ। ਇਸ ਤੋਂ ਬਾਅਦ ਇੱਥੇ ਅੰਗਰੇਜ਼ਾਂ ਦਾ ਸ਼ਾਸਨ ਸੀ। ਬਾਰਬਾਡੋਸ ਨੂੰ ਆਜ਼ਾਦੀ 1966 ਵਿੱਚ ਮਿਲ ਗਈ, ਪਰ ਉਹ ਪੂਰੀ ਤਰ੍ਹਾਂ ਗਣਤੰਤਰ ਨਹੀਂ ਹੋਇਆ ਸੀ। ਜ਼ਿਆਦਾਤਰ ਸ਼ਾਸਨ ਪ੍ਰਬੰਧ ਅਜੇ ਵੀ ਬ੍ਰਿਟੇਨ ਦੇ ਹਿਸਾਬ ਨਾਲ ਚੱਲਦੇ ਸਨ। ਪਿੱਛੇ ਜਿਹੇ ਬਾਰਬਾਡੋਸ ਵਿੱਚ ਪੂਰਨ ਗਣਤੰਤਰ ਐਲਾਨ ਕਰਨ ਦੀ ਮੰਗ ਤੇਜ਼ ਹੋ ਗਈ ਸੀ। ਕੱਲ੍ਹ ਅੱਧੀ ਰਾਤ ਹੁੰਦੇ ਸਾਰ 21 ਤੋਪਾਂ ਦੀ ਸਲਾਮੀ ਦਿੱਤੀ ਗਈ ਅਤੇ ਕੌਮੀ ਗੀਤ ਗਾਇਆ ਗਿਆ। ਇਸ ਦੌਰਾਨ ਰਾਜਧਾਨੀ ਦੇ ਹੀਰੋਜ ਸਕਾਵਇਰ ਉੱਤੇ ਸੈਂਕੜੇ ਲੋਕ ਹਾਜ਼ਰ ਹੋਏ। ਇੱਥੇ ਦੀ ਆਬਾਦੀ ਲੱਗਭਗ ਤਿੰਨ ਲੱਖ ਹੈ ਅਤੇ ਇਹ ਜਗ੍ਹਾ ਸੈਲਾਨੀਆਂ ਲਈ ਦੁਨੀਆ ਭਰ ਵਿੱਚ ਕਾਫ਼ੀ ਮਸ਼ਹੂਰ ਹੈ। ਇੱਥੇ ਇਹ ਵੀ ਖਾਸ ਗੱਲ ਦੱਸਣਯੋਗ ਹੈ ਕਿ ਮੰਨੀ-ਪ੍ਰਮੰਨੀ ਅੰਤਰਰਾਸ਼ਟਰੀ ਗਾਇਕਾ ਰਿਹਾਨਾ ਵੀ ਇਸੇ ਦੇਸ਼ ਨਾਲ ਸਬੰਧ ਰੱਖਦੀ ਹੈ ਅਤੇ ਉਹ ਵੀ ਇਸ ਮੌਕੇ ਵਿਸ਼ੇਸ਼ ਤੌਰ ਉੱਤੇ ਹਾਜ਼ਰ ਸੀ।

## ਉਤਰ ਪੱਛਮੀ ਤੁਰਕੀ ਵਿੱਚ ਤੇਜ਼ ਤੂਫਾਨ ਕਾਰਨ ਛੇ ਲੋਕਾਂ ਦੀ ਮੌਤ

ਇਸਤੰਬੁਲ, 2 ਦਸੰਬਰ (ਪੋਸਟ ਬਿਊਰੋ)- ਸਥਾਨਕ ਮੀਡੀਆ ਮੁਤਾਬਕ ਤੁਰਕੀ ਦੇ ਉਤਰ-ਪੱਛਮੀ ਖੇਤਰ ਵਿੱਚ ਤੇਜ਼ ਹਨ੍ਹੇਰੀ ਤੂਫਾਨ ਨੇ ਘੱਟ ਤੋਂ ਘੱਟ ਛੇ ਲੋਕਾਂ ਦੀ ਜਾਨ ਲੈ ਲਈ ਅਤੇ 50 ਤੋਂ ਵੱਧ ਜ਼ਖ਼ਮੀ ਹੋਏ ਹਨ। ਤੁਰਕੀ ਦੇ ਇੱਕ ਟੀ ਵੀ ਨਿਊਜ਼ ਚੈਨਲ ਨੇ ਕੱਲ੍ਹ ਕਿਹਾ ਕਿ 16 ਮਿਲੀਅਨ ਤੋਂ ਵੱਧ ਆਬਾਦੀ ਵਾਲੇ ਤੁਰਕੀ ਦੇ ਸਭ ਤੋਂ ਵੱਡੇ ਸ਼ਹਿਰ ਇਸਤੰਬੁਲ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ 46 ਹੋਰ ਜ਼ਖ਼ਮੀ ਹੋ ਗਏ।ਰਿਪੋਰਟ ਮੁਤਾਬਕ ਖ਼ਰਾਬ ਮੌਸਮ ਨੇ ਦੋ ਹੋਰ ਲੋਕਾਂ ਦੀ ਜਾਨ ਲੈ ਲਈ ਤੇ ਉਤਰੀ ਰਾਜਾਂ ਕੋਕੇਲੀ ਅਤੇ ਜੋਂਗੁਲਡਕ ਵਿੱਚ ਕਈ ਹੋਰ ਜ਼ਖ਼ਮੀ ਹੋ ਗਏ। ਜਹਾਜ਼ ਫਸ ਗਏ ਹਨ ਅਤੇ ਤੇਜ਼ ਹਵਾਵਾਂ ਕਾਰਨ ਸਕੂਲਾਂ ਨੂੰ ਬੰਦ ਕਰਨਾ ਪਿਆ ਹੈ। ਤੇਜ਼ ਹਵਾ ਦੇ ਬੁੱਲਿਆਂ ਕਾਰਨ ਮੋਟਰਸਾਈਕਲ ਚਾਲਕਾਂ ਤਕ ਨੂੰ ਬੋਸਫੋਰਸ ਪੁਲਾਂ ਨੂੰ ਪਾਰ ਕਰਨਾ ਮੁਸ਼ਕਲ ਹੋ ਗਿਆ। ਤੁਰਕੀ ਦੀ ਨੈਸ਼ਨਲ ਫਲੈਗ ਏਅਰਲਾਈਨ ਮੁਤਾਬਕ ਤੂਫਾਨ ਨੇ ਇਸਤੰਬੁਲ ਲਈ ਜਾਣ ਵਾਲੇ ਜਹਾਜ਼ਾਂ ਨੂੰ ਰੋਕ ਦਿੱਤਾ ਹੈ।

# ਸਵੀਡਨ ’ਚ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਨੇ ਦੂਸਰੀ ਵਾਰ ਸਰਕਾਰ ਬਣਾਈ



ਕੋਪਨਹੈਗਨ, 2 ਦਸੰਬਰ (ਪੋਸਟ ਬਿਊਰੋ)- ਸਵੀਡਨ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਮੈਗਡਾਲੀਨਾ ਐਂਡਰਸਨ ਨੇ ਕੱਲ੍ਹ ਆਪਣੀ ਪਾਰਟੀ ਦੀ ਘੱਟ ਗਿਣਤੀ ਵਾਲੀ ਸਰਕਾਰ ਬਣਾ ਲਈ ਹੈ। ਇਸ ਸਰਕਾਰ ਵਿੱਚ ਪਿਛਲੇ ਮੰਤਰੀਆਂ ਨਾਲੋਂ ਥੋੜ੍ਹਾ ਜਿਹਾ ਬਦਲਾਅ ਕੀਤਾ ਗਿਆ ਹੈ।ਐਂਡਰਸਨਪਹਿਲਾਂ ਸਵੀਡਨ ਦੀ ਵਿੱਤ ਮੰਤਰੀ ਵੀ ਰਹਿ ਚੁੱਕੀ ਹੈ, ਨੇ ਆਪਣੀ ਉਹ ਭੂਮਿਕਾ ਨਿਭਾਉਣ ਲਈਪਿਛਲੀ ਸਰਕਾਰ ਦੇ ਗ੍ਰਹਿ ਮੰਤਰੀ ਮਾਈਕਲ ਡੈਮਬਰਗ ਨੂੰ ਚੁਣਿਆ ਹੈ।

ਸੋਸ਼ਲ ਡੈਮੋਕ੍ਰੇਟਿਕ ਪਾਰਟੀ ਦੀ ਆਗੂ ਐਂਡਰਸਨ ਨੂੰ ਸੋਮਵਾਰ ਫਿਰ ਇਸ ਦੇਸ਼ ਦੀ ਸਰਕਾਰ ਦਾ ਮੁਖੀ ਚੁਣਿਆ ਗਿਆ ਸੀ। ਉਸ ਨੇ ਪਿਛਲੇ ਹਫਤੇ ਪ੍ਰਧਾਨ ਮੰਤਰੀ ਬਣਨ ਦੇ ਸੱਤ ਘੰਟਿਆਂ ਬਾਅਦ ਇਸ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਕਿਉਂਕਿ ਉਸ ਵੇਲੇ ਬਜਟ ਬਾਰੇ ਸੋਸ਼ਲ ਡੈਮੋਕ੍ਰੇਟਿਕ ਪਾਰਟੀ ਅਤੇ ਭਾਈਵਾਲ ਪਾਰਟੀ ਦਾ ਵਿਵਾਦ ਹੋ ਗਿਆ ਸੀ ਜਿਸ ਕਾਰਨ ਉਨ੍ਹਾਂ ਦਾ ਗੱਠਜੋੜ ਟੁੱਟ ਗਿਆ ਸੀ। ਸੋਮਵਾਰ ਨੂੰ 173 ਪਾਰਲੀਮੈਂਟ ਮੈਂਬਰਾਂ ਦੇ ਵਿਰੋਧ ਦੇ ਬਾਵਜੂਦ ਐਂਡਰਸਨ ਨੂੰ ਪ੍ਰਧਾਨ ਮੰਤਰੀ ਚੁਣਿਆ ਗਿਆ ਹੈ। ਐਂਡਰਸਨ ਨੇ ਐਨ ਲਿੰਡੇ ਨੂੰ ਵਿਦੇਸ਼ ਮੰਤਰੀ ਅਤੇ ਪੀਟਰ ਹਲਟਕੁਇਸਟ ਨੂੰ ਰੱਖਿਆ ਮੰਤਰੀ ਨਿਯੁਕਤ ਕੀਤਾ ਅਤੇ ਸਰਕਾਰ ਦੀ ਸਥਿਰਤਾ ਦੀ ਆਸ ਕੀਤੀ ਹੈ।

# ਚੀਨ ਦੇ ਐਟਮੀ ਭੰਡਾਰ ਤੋਂ ਅਮਰੀਕਾ ਤ੍ਰੱਭਕਿਆ



ਵਾਸ਼ਿੰਗਟਨ, 2 ਦਸੰਬਰ (ਪੋਸਟ ਬਿਊਰੋ)- ਚੀਨ ਦੇ ਐਟਮੀ ਭੰਡਾਰ ਤੋਂ ਡਰਦਾ ਅਮਰੀਕਾ ਚੀਨ ਨਾਲ ਐਟਮੀਪਸਾਰ ਰੋਕਣ ਦੀ ਸੰਧੀ ਕਰਨ ਲਈ ਗੱਲਬਾਤ ਦੀ ਪਹਿਲ ਕਰ ਰਿਹਾ ਹੈ।

ਅਮਰੀਕਾ ਦੇ ਫੌਜੀ ਹੈੱਡ ਕੁਆਰਟਰ ਪੈਂਟਾਗਨ ਦੀ ਇੱਕ ਰਿਪੋਰਟ ਮੁਤਾਬਕ ਚੀਨ 2030 ਤਕ ਆਪਣੇ ਭੰਡਾਰ ਵਿੱਚ ਲੱਗਭਗ 1000 ਐਟਮੀ ਹਥਿਆਰ ਜਮ੍ਹਾ ਕਰ ਸਕਦਾ ਹੈ। ਇਸ ਸਮੇਂ ਵਿੱਚ ਚੀਨ ਕੋਲ ਕਰੀਬ 350 ਐਟਮੀ ਹਥਿਆਰ ਹਨ। ਅਮਰੀਕਾ ਦੇ ਡਰ ਦਾ ਸਭ ਤੋਂ ਵੱਡਾ ਕਾਰਨ ਚੀਨ ਕੋਲ ਵਧੀਆ ਤਕਨੀਕ ਦਾ ਹੋਣਾ ਹੈ।ਚੀਨ ਨੇ ਕੁਝ ਸਮਾਂ ਪਹਿਲਾਂ ਡੀ ਐਫ-17 ਹਾਈਪਰਸੋਨਿਕ ਮਿਜ਼ਾਈਲ ਵਿਕਸਿਤ ਕੀਤੀ ਸੀ, ਜਿਹੜੀ ਆਵਾਜ਼ ਦੀ ਰਫ਼ਤਰ ਤੋਂ ਵੀ ਪੰਜ ਗੁਣਾ ਤੇਜ਼ੀ ਨਾਲ ਕਿਸੇ ਵੀ ਨਿਸ਼ਾਨੇ ਨੂੰ ਮਾਰ ਸਕਦੀ ਹੈ। ਅਮਰੀਕੀ ਰਾਸ਼ਟਰਪਤੀ ਬਾਈਡੇਨ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਕੁਝ ਦਿਨ ਪਹਿਲਾਂ ਹੋਈ ਵਰਚੁਅਲ ਬੈਠਕ ਪਿੱਛੋਂ ਅਮਰੀਕਾ ਨੇ ਡਿਪਲੋਮੈਟਿਕ ਚੈਨਲਾਂ ਰਾਹੀਂ ਐਟਮੀਪਸਾਰ ਰੋਕਣ ਦੀ ਸੰਧੀ ਲਈ ਗੰਭੀਰ ਯਤਨ ਸ਼ੁਰੂ ਕਰ ਦਿੱਤੇ ਹਨ। ਬਾਈਡੇਨ ਦੇ ਕੌਮੀ ਸੁਰੱਖਿਆ ਸਲਾਹਕਾਰ ਜੈਕ ਦਾ ਕਹਿਣਾ ਹੈ ਕਿ ਬਾਈਡੇਨ ਅਤੇ ਜਿਨਪਿੰਗ ਦੀ ਬੈਠਕ ਪਿੱਛੋਂ ਇਸ ਤਰ੍ਹਾਂ ਦੀ ਸੰਧੀ ਦੀ ਪਹਿਲ ਲਈ ਹਾਲਾਤ ਢੁੱਕਵੇਂ ਹਨ। ਸ਼ਰਤ ਇਹ ਹੈ ਕਿ ਚੀਨ ਵੱਲੋਂ ਵੀ ਉਸਾਰੂ ਸੰਦੇਸ਼ ਆਉਣਾ ਚਾਹੀਦਾ ਹੈ। ਚੀਨ ਦੇ ਨਾਲ ਅਜਿਹੀ ਕੋਈ ਵੀ ਸੰਧੀ ਹੋਣ ਨਾਲ ਏਸ਼ੀਆ-ਪ੍ਰਸ਼ਾਂਤ ਖੇਤਰ ਵਿੱਚ ਸ਼ਾਂਤੀ ਦੀ ਸਥਾਪਨਾ ਹੋ ਸਕੇਗੀ।





FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

## 14 ਦਸੰਬਰ ਨੂੰ ਬਜਟ ਅਪਡੇਟ ਦੇਣਗੇ ਲਿਬਰਲ

ਓਟਵਾ, 2 ਦਸੰਬਰ (ਪੋਸਟ ਬਿਊਰੋ) : ਟਰੂਡੋ ਦੀ ਅਗਵਾਈ ਵਿੱਚ ਲਿਬਰਲਾਂ ਵੱਲੋਂ 14 ਦਸੰਬਰ ਨੂੰ ਫੈਡਰਲ ਸਰਕਾਰ ਦੀ ਵਿੱਤੀ ਸਥਿਤੀ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਇਸ ਦੌਰਾਨ ਮਹਿੰਗਾਈ ਦਰ ਵਿੱਚ ਹੋਏ ਵਾਧੇ, ਬ੍ਰਿਟਿਸ਼ ਕੋਲੰਬੀਆਂ ਵਿੱਚ ਆਏ ਹੜ੍ਹਾਂ ਤੇ ਕੋਵਿਡ-19 ਦੇ ਨਵੇਂ ਵੇਰੀਐਂਟ ਦੇ ਸਾਹਮਣੇ ਆਉਣ ਤੋਂ ਬਾਅਦ ਅਰਥਚਾਰੇ ਦੀ ਸਥਿਤੀ ਬਾਰੇ ਸਰਕਾਰ ਦਾ ਨਜ਼ਰੀਆ ਸਪਸ਼ਟ ਕੀਤਾ ਜਾਵੇਗਾ। ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਕਿ ਸਰਕਾਰ ਜਾਣਦੀ ਹੈ ਕਿ ਦੇਸ਼ ਦੀ ਵਿੱਤੀ ਸਥਿਤੀ ਬਾਰੇ ਪਾਰਦਰਸ਼ੀ ਰਹਿਣਾ ਕਿੰਨਾ ਅਹਿਮ ਹੈ। ਤੇਲ ਦੀਆਂ ਉੱਚੀਆਂ ਕੀਮਤਾਂ ਕਾਰਨ ਸਰਕਾਰ ਦੀ ਆਰਥਿਕ ਸਥਿਤੀ ਸੰਭਲੀ ਹੈ ਤੇ ਲਿਬਰਲ ਸਰਕਾਰ ਨੂੰ ਥੋੜ੍ਹੀ ਰਾਹਤ ਮਿਲੀ ਹੈ। ਅਰਥਚਾਰੇ ਨੂੰ ਹੁਲਾਰਾ ਦੇਣ ਲਈ ਲਿਬਰਲ ਸਰਕਾਰ ਵੱਲੋਂ 100 ਬਿਲੀਅਨ ਡਾਲਰ ਖਰਚ ਕਰਨ ਦਾ ਵਾਅਦਾ ਕੀਤਾ ਗਿਆ ਸੀ ਤੇ ਇਸ ਦੇ ਨਾਲ ਹੀ ਸਰਕਾਰ ਨੇ ਚੋਣ ਕੈਂਪੇਨ ਵਿੱਚ ਕਈ ਬਿਲੀਅਨ ਡਾਲਰ ਹੋਰ ਖਰਚਣ ਦਾ ਕਰਾਰ ਵੀ ਕੀਤਾ ਸੀ। ਇਸ ਉੱਤੇ ਮਾਹਿਰਾਂ ਵੱਲੋਂ ਇਹ ਚੇਤਾਵਨੀ ਵੀ ਦਿੱਤੀ ਜਾ ਰਹੀ ਹੈ ਕਿ ਐਨੇ ਖਰਚਿਆਂ ਕਾਰਨ ਮਹਿੰਗਾਈ ਹੋਰ ਵਧ ਸਕਦੀ ਹੈ।

## ਜਿਨਸੀ ਸ਼ੋਸ਼ਣ ਦੇ ਸ਼ਿਕਾਰ ਆਪਣੇ ਮੈਂਬਰਾਂ ਤੋਂ ਕੈਨੇਡੀਅਨ ਸਰਕਾਰ ਤੇ ਮਿਲਟਰੀ ਆਗੂ ਮੰਗਣਗੇ ਮੁਆਫੀ



ਓਟਵਾ, 2 ਦਸੰਬਰ (ਪੋਸਟ ਬਿਊਰੋ) : ਕੈਨੇਡੀਅਨ ਸਰਕਾਰ, ਮਿਲਟਰੀ ਆਗੂਆਂ ਨਾਲ ਰਲ ਕੇ ਅਗਲੇ ਮਹੀਨੇ ਜਿਨਸੀ ਹਮਲੇ ਤੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਸੱਭਨਾਂ ਤੋਂ ਰਸਮੀ ਤੌਰ ਉੱਤੇ ਮੁਆਫੀ ਮੰਗੇਗੀ।

ਰੱਖਿਆ ਮੰਤਰੀ ਅਨੀਤਾ ਆਨੰਦ, ਡਿਪਟੀ ਰੱਖਿਆ ਮੰਤਰੀ ਜੋਡੀ ਥਾਮਸ ਤੇ ਡਿਫੈਂਸ ਸਟਾਫ ਦੇ ਚੀਫ ਜਨਰਲ ਵੇਨ ਆਇਰ ਨੇ ਸੋਮਵਾਰ ਨੂੰ ਜਾਰੀ ਕੀਤੇ ਇੱਕ ਸਾਂਝੇ ਬਿਆਨ ਵਿੱਚ ਆਖਿਆ ਕਿ ਇਹ ਮੁਆਫੀ ਵਰਚੂਅਲੀ ਤੌਰ ਉੱਤੇ 13 ਦਸੰਬਰ ਦੁਪਹਿਰੇ 1:00 ਵਜੇ ਮੰਗੀ ਜਾਵੇਗੀ। ਇਸ ਸਾਂਝੇ ਬਿਆਨ ਵਿੱਚ ਆਖਿਆ ਗਿਆ ਕਿ ਜਿਨ੍ਹਾਂ ਨੂੰ ਨੁਕਸਾਨ ਪਹੁੰਚਿਆ ਹੈ ਉਨ੍ਹਾਂ ਨਾਲ ਰਿਸ਼ਤਿਆਂ ਨੂੰ ਸੁਧਾਰਨ ਲਈ ਅਸੀਂ ਅਤੀਤ ਵਿੱਚ ਜਿਨਸੀ ਹਮਲਿਆਂ ਤੇ ਜਿਨਸੀ ਸ਼ੋਸ਼ਣ, ਜਿਸ ਵਿੱਚ ਤੰਗ ਪਰੇਸ਼ਾਨ ਕੀਤਾ ਜਾਣਾ ਤੇ ਪੱਖਪਾਤ ਵੀ ਸ਼ਾਮਲ ਹੋਵੇਗਾ, ਦਾ ਸ਼ਿਕਾਰ ਡਿਫੈਂਸ ਟੀਮ ਦੇ ਮੌਜੂਦਾ ਤੇ ਸਾਬਕਾ ਮੈਂਬਰਾਂ ਕੋਲੋਂ ਜਨਤਕ ਮੁਆਫੀ ਮੰਗਾਂਗੇ।

ਇਨ੍ਹਾਂ ਅਧਿਕਾਰੀਆਂ ਤੇ ਆਗੂਆਂ ਨੇ ਅੱਗੇ ਆਖਿਆ ਕਿ ਸਾਡੀ ਆਰਗੇਨਾਈਜ਼ੇਸ਼ਨ ਵਿੱਚ ਜਿਨਸੀ ਹਮਲੇ, ਜਿਨਸੀ ਸ਼ੋਸ਼ਣ, ਲਿੰਗ ਦੇ ਅਧਾਰ ਉੱਤੇ ਕਿਸੇ ਵੀ ਤਰ੍ਹਾਂ ਦੇ ਪੱਖਪਾਤ ਲਈ ਕੋਈ ਥਾਂ ਨਹੀਂ। ਪਰ ਅਸੀਂ ਇਹ ਵੀ ਜਾਣਦੇ ਹਾਂ ਕਿ ਕਿਤੇ ਨਾ ਕਿਤੇ ਸਾਥੋਂ ਕੋਈ ਭੁੱਲ ਹੋਈ ਹੈ ਜਿਸ ਕਾਰਨ ਸਾਡੇ ਲੋਕਾਂ ਨੂੰ ਨੁਕਸਾਨ ਪਹੁੰਚਿਆ ਹੈ।

## ਕੋਵਿਡ-19 ਦੇ ਨਵੇਂ ਵੇਰੀਐਂਟ ਓਮਾਈਕ੍ਰੌਨ ਦੇ ਓਨਟਾਰੀਓ ਵਿੱਚ ਮਿਲੇ ਦੋ ਮਾਮਲੇ

ਟੋਰਾਂਟੋ, 2 ਦਸੰਬਰ (ਪੋਸਟ ਬਿਊਰੋ) : ਨਾਈਜੀਰੀਆ ਦਾ ਟਰਿੱਪ ਕਰਕੇ ਪਰਤੇ ਓਟਵਾ ਦੇ ਦੋ ਵਿਅਕਤੀ ਪਿੱਛੇ ਜਿਹੇ ਮਿਲੇ ਕੋਵਿਡ-19 ਦੇ ਨਵੇਂ ਵੇਰੀਐਂਟ ਓਮਾਈਕ੍ਰੌਨ ਨਾਲ ਪਾਜ਼ੀਟਿਵ ਪਾਏ ਗਏ ਹਨ। ਇਸ ਵੇਰੀਐਂਟ ਦੇ ਸੱਭ ਤੋਂ ਪਹਿਲੇ ਮਾਮਲੇ ਦੱਖਣੀ ਅਫਰੀਕਾ ਵਿੱਚ ਪਾਏ ਗਏ। ਇਹ ਜਾਣਕਾਰੀ ਓਨਟਾਰੀਓ ਹੈਲਥ ਅਧਿਕਾਰੀਆਂ ਵੱਲੋਂ ਐਤਵਾਰ ਨੂੰ ਦਿੱਤੀ ਗਈ।

ਓਨਟਾਰੀਓ ਦੀ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਤੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ·ਕੀਰਨ ਮੂਰ ਨੇ ਇੱਕ ਸਾਂਝੇ ਬਿਆਨ ਵਿੱਚ ਆਖਿਆ ਕਿ ਦੋਵਾਂ ਮਰੀਜ਼ਾਂ ਨੂੰ ਆਈਸੋਲੇਸ਼ਨ ਵਿੱਚ ਰੱਖਿਆ ਗਿਆ ਹੈ ਤੇ ਓਟਵਾ ਪਬਲਿਕ ਹੈਲਥ ਵੱਲੋਂ ਇਨ੍ਹਾਂ ਦੋਵਾਂ ਦੇ ਸੰਪਰਕ ਵਿੱਚ ਆਉਣ ਵਾਲੇ ਹੋਰਨਾਂ ਲੋਕਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਿਊਐਚਓ) ਅਨੁਸਾਰ ਓਮਾਈਕ੍ਰੌਨ ਵੇਰੀਐਂਟ ਦੀਆਂ ਮਿਊਟੇਸ਼ਨਜ਼ ਚਿੰਤਾਜਨਕ ਹਨ। ਸ਼ੁਰੂਆਤੀ ਜਾਂਚ ਤੋਂ ਸਾਹ-ਮਣੇ ਆਇਆ ਹੈ ਕਿ ਹੋਰਨਾਂ ਵੇਰੀਐਂਟਸ ਦੇ ਮੁਕਾਬਲੇ ਇਸ ਵੇਰੀਐਂਟ ਨਾਲ ਮੁੜ ਇਨਫੈਕਸ਼ਨ ਹੋਣ ਦਾ ਖਤਰਾ ਜ਼ਿਆਦਾ ਹੈ।



ਇਸ ਨਵੇਂ ਵੇਰੀਐਂਟ ਦੇ ਸਾਹਮਣੇ ਆਉਣ ਤੋਂ ਬਾਅਦ ਕੈਨੇਡਾ ਸਮੇਤ ਕਈ ਦੇਸ਼ਾਂ ਨੇ ਦੱਖਣੀ ਅਫਰੀਕੀ ਮੁਲਕਾਂ ਲਈ ਟਰੈਵਲ ਸਬੰਧੀ ਪਾਬੰਦੀਆਂ ਲਾ ਦਿੱਤੀਆਂ ਸਨ। ਪਰ ਕੈਨੇਡਾ ਦੇ ਟਰੈਵਲ ਬੈਨ ਵਿੱਚ ਨਾਈਜੀਰੀਆ ਸ਼ਾਮਲ ਨਹੀਂ ਸੀ। ਫੈਡਰਲ ਸਿਹਤ ਮੰਤਰੀ ਜੀਨ-ਯਵੇਸ ਡਕਲਸ ਨੇ ਆਖਿਆ ਕਿ ਇਨ੍ਹਾਂ ਦੋ ਮਾਮਲਿਆਂ ਦੇ ਸਾਹਮਣੇ ਆਉਣ ਤੋਂ ਬਾਅਦ ਇਹ ਸਿੱਧ ਹੁੰਦਾ ਹੈ ਕਿ ਸਾਡਾ ਮਾਨੀਟਰਿੰਗ ਸਿਸਟਮ ਕੰਮ ਕਰ ਰਿਹਾ ਹੈ।

## ਨਵੇਂ ਕੋਵਿਡ-19 ਵੇਰੀਐਂਟ ਵਾਲੇ ਦੇਸ਼ਾਂ ਤੋਂ ਆਉਣ ਵਾਲੀਆਂ ਫਲਾਈਟਸ ਉੱਤੇ ਫੋਰਡ ਨੇ ਰੋਕ ਲਾਉਣ ਦੀ ਕੀਤੀ ਮੰਗ

ਟੋਰਾਂਟੋ, 2 ਦਸੰਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਵੱਲੋਂ ਓਟਵਾ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਉਹ ਅਜਿਹੇ ਸਾਰੇ ਦੇਸ਼ਾਂ ਤੋਂ ਉਡਾਨਾਂ ਬੰਦ ਕਰ ਦੇਣ ਤੇ ਉਨ੍ਹਾਂ ਦੇਸ਼ਾਂ, ਜਿਵੇਂ ਕਿ ਅਫਰੀਕਾ, ਤੋਂ ਯਾਤਰੀਆਂ ਦੇ ਆਉਣ ਉੱਤੇ ਵੀ ਬੈਨ ਲਾ ਦੇਣ ਜਿੱਥੇ ਕੋਵਿਡ-19 ਦਾ ਨਵਾਂ ਵੇਰੀਐਂਟ ਮਿਲਿਆ ਹੈ।



ਸ਼ੁੱਕਰਵਾਰ ਨੂੰ ਫੋਰਡ ਨੇ ਇਹ ਬਿਆਨ ਦੱਖਣੀ ਅਫਰੀਕਾ, ਬੋਤਸਵਾਨਾ ਤੇ ਹਾਂਗ ਕਾਂਗ ਵਿੱਚ ਕੋਵਿਡ-19 ਦੇ ਮਿਲੇ ਨਵੇਂ ਵੇਰੀਐਂਟ ਬੀ·1·1·529 ਦੇ ਸਬੰਧ ਵਿੱਚ ਦਿੱਤਾ। ਫੋਰਡ ਨੇ ਆਖਿਆ ਕਿ ਉਨ੍ਹਾਂ ਨੂੰ ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ· ਕੀਰਨ ਮੂਰ ਨੇ ਕਈ ਦੇਸ਼ਾਂ ਵਿੱਚ ਮਿਲੇ ਇਸ ਨਵੇਂ ਵੇਰੀਐਂਟ ਬਾਰੇ ਦੱਸਿਆ ਤੇ ਨਾਲੇ ਇਹ ਵੀ ਆਖਿਆ ਕਿ ਇਹ ਵੀ ਪਤਾ ਲੱਗਿਆ ਹੈ ਕਿ ਇਸ ਵੇਰੀਐਂਟ ਉੱਤੇ ਕਿਸੇ ਵੈਕਸੀਨ ਦਾ ਅਸਰ ਵੀ ਨਹੀਂ ਹੁੰਦਾ। ਉਨ੍ਹਾਂ ਆਖਿਆ ਕਿ ਇਸ ਤੋਂ ਫੌਰਨ ਬਾਅਦ ਹੀ ਉਨ੍ਹਾਂ ਫੈਡਰਲ ਸਰਕਾਰ ਨਾਲ ਇਸ ਸਬੰਧ ਵਿੱਚ ਗੱਲ ਕੀਤੀ ਤੇ ਇਸ ਬਾਰੇ ਫੌਰੀ ਕਾਰਵਾਈ ਦੀ ਮੰਗ ਵੀ ਕੀਤੀ।

ਉਨ੍ਹਾਂ ਇਹ ਵੀ ਆਖਿਆ ਕਿ ਇਸ ਤਰ੍ਹਾਂ ਦੀ ਪਾਬੰਦੀ ਤੋਂ ਪਹਿਲਾਂ ਪਹੁੰਚਣ ਵਾਲੇ ਲੋਕਾਂ ਨੂੰ ਟੈਸਟ ਕੀਤਾ ਜਾਣਾ ਤੇ ਕੁਆਰਨਟੀਨ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਆਖਿਆ ਕਿ ਕੈਨੇਡਾ ਪਹੁੰਚਣ ਵਾਲੇ ਸਾਰੇ ਪੈਸੈਂਜਰਜ਼ ਦੇ ਪੁਆਇੰਟ ਆਫ ਐਰਾਈਵਲ ਉੱਤੇ ਮੁੜ ਟੈਸਟਿੰਗ ਸ਼ੁਰੂ ਕਰਨੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਅਸੀਂ ਐਲਫਾ ਤੇ ਡੈਲਟਾ ਵਾਲੇ ਵੇਰੀਐਂਟਸ ਵਾਲੀਆਂ ਗਲਤੀਆਂ ਦੁਹਰਾਅ ਨਹੀਂ ਸਕਦੇ।

## ਜੋਲੀ ਵੱਲੋਂ ਕੈਨੇਡੀਅਨਜ਼ ਨੂੰ ਇਥੋਪੀਆ ਛੱਡਣ ਦੀ ਅਪੀਲ

ਓਟਵਾ, 2 ਦਸੰਬਰ (ਪੋਸਟ ਬਿਊਰੋ) : ਵਿਦੇਸ਼ ਮੰਤਰੀ ਮਿਲੇਨੀ ਜੋਲੀ ਨੇ ਸ਼ੁੱਕਰਵਾਰ ਨੂੰ ਕੈਨੇਡੀਅਨਜ਼ ਨੂੰ ਇਹ ਅਪੀਲ ਕੀਤੀ ਕਿ ਉਹ ਫੌਰੀ ਤੌਰ ਉੱਤੇ ਇਥੋਪੀਆ ਛੱਡਣ।

ਉਨ੍ਹਾਂ ਆਖਿਆ ਕਿ ਕੈਨੇਡਾ ਉੱਥੇ ਤੇਜ਼ੀ ਨਾਲ ਖਰਾਬ ਹੋ ਰਹੇ ਹਾਲਾਤ ਤੋਂ ਕਾਫੀ ਚਿੰਤਤ ਹਨ। ਇੱਕ ਬਿਆਨ ਜਾਰੀ ਕਰਕੇ ਜੋਲੀ ਨੇ ਆਖਿਆ ਕਿ ਐਡਿਸ ਅਬਾਬਾ ਵਿੱਚ ਕੈਨੇਡੀਅਨ ਅੰਬੈਸੀ ਨੂੰ ਖੁੱਲ੍ਹਾ ਰੱਖਿਆ ਜਾ ਸਕਦਾ ਹੈ।



ਜ਼ਿਕਰਯੋਗ ਹੈ ਕਿ ਉੱਥੋਂ ਦੇ ਪ੍ਰਧਾਨ ਮੰਤਰੀ ਐਬੀ ਅਹਿਮਦ ਦੀ ਸਰਕਾਰ ਤੇ ਟਿਗਰੇਅ ਰੀਜਨ ਦੇ ਬਾਗੀਆਂ ਦਰਮਿਆਨ ਇੱਕ ਸਾਲ ਤੋਂ ਵੀ ਵੱਧ ਸਮੇਂ ਤੋਂ ਸੰਘਰਸ਼ ਚੱਲ ਰਿਹਾ ਹੈ।

## ਕਈ ਗੱਡੀਆਂ ਦੀ ਟੱਕਰ ਵਿੱਚ ਇੱਕ ਮਹਿਲਾ ਗੰਭੀਰ ਜ਼ਖ਼ਮੀ

ਓਨਟਾਰੀਓ, 2 ਦਸੰਬਰ (ਪੋਸਟ ਬਿਊਰੋ) : ਐਲਗਿਨ ਮਿੱਲਜ਼ ਦੇ ਉੱਤਰ ਵੱਲ ਕਈ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਕਾਰਨ ਹਾਈਵੇਅ 404 ਦਾ ਵੱਡਾ ਹਿੱਸਾ ਬੰਦ ਕਰ ਦਿੱਤਾ ਗਿਆ।

ਯੌਰਕ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਘੱਟੋ ਘੱਟ ਤਿੰਨ ਹਾਦਸਿਆਂ ਦੀ ਜਾਂਚ ਕਰ ਰਹੀ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੀ ਉਹ ਮਦਦ ਕਰ ਰਹੇ ਹਨ। ਇਸ ਹਾਦਸੇ ਵਿੱਚ ਇੱਕ 27 ਸਾਲਾ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ।




ਪੁਲਿਸ ਨੇ ਦੱਸਿਆ ਕਿ ਇੱਕ ਟੋਅ ਟਰੱਕ ਹਾਈਵੇਅ 404 ਤੇ 19ਥ ਐਵਨਿਊ ਦੇ ਮੋੜ ਉੱਤੇ ਖੜ੍ਹਾ ਸੀ ਜਦੋਂ ਇਹ ਹਾਦਸਾ ਵਾਪਰਿਆ। ਦੂਜੀ ਗੱਡੀ ਆਪਣਾ ਨਿਯੰਤਰਣ ਗੁਆ ਬੈਠੀ ਤੇ ਟੋਅ ਟਰੱਕ ਨਾਲ ਜਾ ਟਕਰਾਈ। ਓਪੀਪੀ ਹਾਈਵੇਅ ਸੇਫਟੀ ਡਵੀਜ਼ਨ ਨੇ ਟਵਿੱਟਰ ਉੱਤੇ ਦੱਸਿਆ ਕਿ ਬਰਫਬਾਰੀ ਕਾਰਨ ਸੜਕਾਂ ਉੱਤੇ ਬਹੁਤ ਹੀ ਘੱਟ ਵਿਜ਼ੀਬਿਲਿਟੀ ਸੀ। ਪੈਰਾਮੈਡਿਕਸ ਨੇ ਦੱਸਿਆ ਕਿ ਐਤਵਾਰ ਸਵੇਰੇ 10:00 ਵਜੇ ਉਨ੍ਹਾਂ ਨੂੰ ਇੱਕ ਗੰਭੀਰ ਹਾਦਸੇ ਬਾਰੇ ਜਾਣਕਾਰੀ ਮਿਲੀ। ਮੌਕੇ ਉੱਤੇ ਦੋ ਵਿਅਕਤੀਆਂ ਦੀ ਜਾਂਚ ਕੀਤੀ ਗਈ ਪਰ ਇੱਕ ਨੇ ਹਸਪਤਾਲ ਜਾਣ ਤੋਂ ਇਨਕਾਰ ਕਰ ਦਿੱਤਾ।

ਇਸ ਦੌਰਾਨ ਯੌਰਕ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਰਿਚਮੰਡ ਹਿੱਲ ਉੱਤੇ ਤਿੰਨ ਗੱਡੀਆਂ ਆਪਸ ਵਿੱਚ ਟਕਰਾਅ ਗਈਆਂ। ਯੌਰਕ ਰੀਜਨਲ ਪੁਲਿਸ ਨੇ ਦੱਸਿਆ ਕਿ ਯੰਗ ਸਟਰੀਟ ਦੇ ਪੂਰਬ ਵੱਲ ਸਟੱਫਵਿਲ ਰੋਡ ਉੱਤੇ ਦੁਪਹਿਰੇ 1:00 ਵਜੇ ਇਹ ਹਾਦਸਾ ਵਾਪਰਿਆ। ਦੋ ਵਿਅਕਤੀ ਗੱਡੀ ਦੇ ਅੰਦਰ ਹੀ ਫਸ ਗਏ ਤੇ ਪੈਰਾਮੈਡਿਕਸ ਅਨੁਸਾਰ ਇੱਕ ਵਿਅਕਤੀ ਬੇਹੋਸ਼ ਹੋ ਗਿਆ। ਇਸ ਤੋਂ ਬਾਅਦ ਸਟਫਵਿਲ ਰੋਡ ਨੂੰ ਯੰਗ ਸਟਰੀਟ ਤੇ ਬੇਅਵਿਊ ਕੋਲੋਂ ਜਾਂਚ ਲਈ ਬੰਦ ਕਰ ਦਿੱਤਾ ਗਿਆ।



## ਟਰਾਂਟੋ ਨੂੰ ਇਸ ਸੀਜ਼ਨ ਦੀ ਪਹਿਲੀ ਬਰਫਵਾਰੀ ਨੇ ਕੱਜ਼ਿਆ

ਟੋਰਾਂਟੋ (ਸੁਰਜੀਤ ਸਿੰਘ ਫਲੋਰਾ): ਟੋਰਾਂਟੋ ਅਤੇ ਇਸ ਦੇ ਆਲੇ-ਦੁਆਲੇ ਦੇ ਸ਼ਹਿਰ ਦੀਆਂ ਸੜਕਾਂ ਤੇ ਛੱਤਾਂ ਦੇ ਨਾਲ-ਨਾਲ ਦਰਖ਼ਤਾਂ ਨੂੰ ਇਸ ਸੀਜ਼ਨ ਦੀ ਪਹਿਲੀ ਬਰਫ਼ਬਾਰੀ ਨੇ ਐਤਵਾਰ 28 ਨਵੰਬਰ ਨੂੰ ਕੱਜ਼ ਲਿਆ ਹੈ। ਟੋਰਾਂਟੋ ਦਾ ਤਾਪਮਾਨ ਇਕ ਡਿਗਰੀ ਦੇ ਕਰੀਬ ਹੈ ਜੋ ਰਾਤ ਅਤੇ ਕਲ੍ਹ ਸੋਮਵਾਰ ਤੱਕ ਪਹੁੰਚਦੇ ਹੋਏ ਘੱਟ ਕੇ -3 ਡਿਗਰੀ ਹੋ ਜਾਵੇਗਾ। ਜਿਸ ਨਾਲ ਠੰਢ ਹੋਰ ਵਧ ਜਾਵੇਗੀ। ਇਸ ਦੇ ਨਾਲ ਹੀ ਆ ਰਹੇ ਹਫਤੇ ਹੋਰ 3-4 ਸੈਂਤੀਮੀਟਰ ਬਰਫ਼ ਪੈਣ ਦੇ ਅਸਾਰ ਮੌਸਮ ਵਿਭਾਗ ਵਲੋਂ ਯਾਰੀ ਕੀਤੇ ਗਏ ਹਨ। ਇਸ ਦੇ ਨਾਲ ਹੀ ਸਾਹ ਲੈਣ ਸੰਬੰਧੀ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਹਾਲਾਤ ਠੀਕ ਹੋਣ ਤੱਕ ਬਾਹਰੀ ਗਤੀਵਿਧੀਆਂ ਤੋਂ ਬਚਣ ਦੀ ਸਲਾਹ ਦਿੱਤੀ ਜਾ ਰਹੀ ਹੈ। ਵਿਭਾਗ ਮੁਤਾਬਿਕ ਅਜਿਹੇ ਵਿਅਕਤੀਆਂ ਨੂੰ ਖੰਘ, ਗਲੇ ਵਿੱਚ ਖਾਰਿਸ਼, ਸਿਰ ਦਰਦ ਜਾਂ ਸਾਹ ਚੜ੍ਹਨ ਆਦਿ ਵਰਗੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮੌਸਮ ਵਿਭਾਗ ਵਲੋਂ ਡਰਾਇਵਰਾਂ ਨੂੰ ਗੱਡੀਆਂ ਵਿਚ ਗਰਮ ਕੱਪੜੇ ਤੇ ਗੈਸ ਟੈਕ ਦੇ ਨਾਲ ਨਾਲ ਬਰਫ਼ ਸਾਫ਼ ਕਰਨ ਵਾਲੇ ਉਜਾਰ ਤੇ ਸ਼ੀਸ਼ੇ ਸਾਫ਼ ਕਰਨ ਵਾਲਾ ਪਾਣੀ ਦਾ ਟੈਂਕ ਵੀ ਭਰ ਕੇ ਰੱਖਣ ਦੀ ਸਲਾਹ ਦਿੱਤੀ ਜਾ ਰਹੀ ਹੈ। ਕਿਉਂਕਿ ਕਈ ਵਾਰ ਕੋਈ ਵੀ ਗੱਡੀ ਹਾਦਸਾ ਗ੍ਰਸਤ ਹੋਣ ਤੇ ਆਵਾਜਾਈ ਰੁਕ ਜਾਂਦੀ ਹੈ ਤੇ ਗੱਡੀ ਵਿਚ ਗੈਸ ਗੱਟ ਹੋਣ ਕਾਰਨ ਤੇ ਲੰਮੇ ਸਮੇਂ ਤੱਕ ਟਰੈਫਿਕ ਵਿਚ ਫਸੇ ਰਹਿਣ ਤੇ ਗੈਸ ਖ਼ਤਮ ਹੋਣ ਤੇ ਗੱਡੀ ਬੰਦ ਹੋ ਜਾਵੇਗੀ ਜੋ ਹੋਰ ਵੀ ਠੰਢ ਵਿਚ ਮੁਸਕਲਾਂ ਪੈਦਾ ਕਰ ਸਕਦਾ ਹੈ। ਇਸ ਦੇ ਨਾਲ ਹੀ ਬਰਫ਼ਬਾਰੀ ਦੇ ਦਸਤਕ ਦੇ ਨਾਲ ਹੀ ਸੜਕ ਅਤੇ ਆਸਮਾਨੀ ਆਵਾਜਾਈ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋਈ ਹੈ। ਜਿਸ ਨਾਲ ਬਹੁਤ ਸਾਰੀਆਂ ਹਵਾਈ ਉਡਾਨਾਂ ਆਪਣੇ ਸਮੇਂ ਤੋਂ ਦੇਰੀ ਨਾਲ ਚੱਲਦੀਆਂ ਹਨ ਜਾਂ ਫਿਰ ਰੱਦ ਹੋ ਜਾਂਦੀਆਂ ਹਨ। ਇਸ ਤਰ੍ਹਾਂ ਇਕ ਦੇਸ਼ ਤੋਂ ਦੂਸਰੇ ਦੇਸ਼ ਜਾਣ ਵਾਲੇ ਲੋਕਾ ਲਈ ਕਾਫ਼ੀ ਮੁਸ਼ਕਲ ਪੈਦਾ ਹੋ ਜਾਂਦੀ ਹੈ। ਕ੍ਰਿਸਮਿਸ ਤੋਂ ਪਹਿਲਾਂ ਬਰਫ਼ਬਾਰੀ ਹੋ ਜਾਵੇ ਤਾਂ ਕੈਨੇਡੀਅਨ ਗੋਰੇ ਲੋਕ ਬਹੁਤ ਖੁਸ਼ ਹੋ ਜਾਂਦੇ ਹਨ ਕਿਉਂਕਿ ਉਹਨਾਂ ਦਾ ਮੰਨਣਾ ਹੈ ਕਿ ਕ੍ਰਿਸਮਿਸ ਤੋਂ ਪਹਿਲਾਂ ਜਾਂ ਉਸ ਰਾਤ ਨੂੰ ਬਰਫ਼ ਦਾ ਪੈਣਾ ਬਹੁਤ ਹੀ ਸ਼ੁਭ ਹੁੰਦਾ ਹੈ। ਇਸ ਦੇ ਨਾਲ ਹੀ ਇਹ ਵੀ ਸੱਚ ਹੈ ਕਿ ਕੰਮਾ ਕਾਰਾਂ 'ਤੇ ਜਾਣ ਵਾਲਿਆਂ ਨੂੰ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ। ਕਈ ਬੱਚੇ ਬਾਹਰ ਨਿਕਲ ਕੇ ਬਰਫ਼ ਦਾ ਸਨੋਮੈਨ ਬਣਾ ਕੇ ਉਸ ਦੀ ਬਹੁਤ ਹੀ ਖ਼ੂਬਸੂਰਤੀ ਨਾਲ ਸਜਾਵਟ ਵੀ ਕਰ ਦਿੰਦੇ ਹਨ ਜੋ ਰਾਹਗੀਰਾਂ ਦੇ ਮਨੋਰੰਜਨ ਦਾ ਕਾਰਨ ਬਣਦਾ ਹੈ। ਕਈ ਬੱਚੇ ਬਰਫ਼ ਦਾ ਰੁਗ ਭਰ ਕੇ ਇਸ ਦਾ ਸਵਾਦ ਵੀ ਚੱਖ ਲੈਂਦੇ ਹਨ।




## ਹੋਰ ਉਮਰ ਵਰਗ ਦੇ ਲੋਕਾਂ ਨੂੰ ਵੀ ਤੀਜੀ ਡੋਜ਼ ਦੇਣ ਬਾਰੇ ਵਿਚਾਰ ਕਰ ਰਹੀ ਹੈ ਓਨਟਾਰੀਓ ਸਰਕਾਰ : ਐਲੀਅਟ

ਟੋਰਾਂਟੋ, 2 ਦਸੰਬਰ (ਪੋਸਟ ਬਿਊਰੋ) : ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਦਾ ਕਹਿਣਾ ਹੈ ਕਿ ਨਵੇਂ ਓਮਾਈਕ੍ਰੌਨ ਵੇਰੀਐਂਟ ਕਾਰਨ ਪੈਦਾ ਹੋਏ ਤੌਖਲਿਆਂ ਦੇ ਚੱਲਦਿਆਂ ਓਨਟਾਰੀਓ ਸਰਕਾਰ ਹੋਰ ਉਮਰ ਵਰਗ ਦੇ ਲੋਕਾਂ ਨੂੰ ਵੀ ਤੀਜੀ ਡੋਜ਼ ਦੇਣ ਬਾਰੇ ਵਿਚਾਰ ਕਰ ਰਹੀ ਹੈ।



ਓਨਟਾਰੀਓ ਦੀਆਂ ਮੌਜੂਦਾ ਗਾਈਡਲਾਈਨਜ਼ ਅਨੁਸਾਰ ਇਹ ਤੀਜੀ ਡੋਜ਼ ਗਿਣੇ ਚੁਣੇ ਉਮਰ ਵਰਗ ਦੇ ਲੋਕਾਂ ਨੂੰ ਦਿੱਤੀ ਜਾ ਰਹੀ ਹੈ, ਜੋ ਕਿ ਕੁੱਲ ਆਬਾਦੀ ਦਾ 20 ਫੀ ਸਦੀ ਹੀ ਬਣਦੇ ਹਨ। ਇਨ੍ਹਾਂ ਵਿੱਚ 70 ਸਾਲ ਤੋਂ ਉੱਪਰ ਦੇ ਲੋਕ, ਜਿਨ੍ਹਾਂ ਲੋਕਾਂ ਨੇ ਐਸਟ੍ਰਾਜ਼ੈਨੇਕਾ ਦੀਆਂ ਦੋ ਡੋਜ਼ਾਂ ਲਵਾਈਆਂ ਹਨ, ਆਟੋਇਮਿਊਨ ਡਜ਼ੀਜ਼ ਨਾਲ ਪੀੜਤ ਲੋਕ, ਇੰਡੀਜੀਨਸ ਓਨਟਾਰੀਓ ਵਾਸੀ ਤੇ ਲਾਂਗ ਟਰਮ ਕੇਅਰ ਅਤੇ ਰਿਟਾਇਰਮੈਂਟ ਹੋਮਜ਼ ਵਿੱਚ ਰਹਿਣ ਵਾਲੇ ਲੋਕ ਸ਼ਾਮਲ ਹਨ।

ਪਰ ਹੁਣ ਓਨਟਾਰੀਓ ਵਿੱਚ ਓਮਾਈਕ੍ਰੌਨ ਵੇਰੀਐਂਟ ਦੇ ਫੈਲਣ ਦੀ ਸੰਭਾਵਨਾ ਦੇ ਚੱਲਦਿਆਂ ਵੱਡੀ ਗਿਣਤੀ ਲੋਕਾਂ ਨੂੰ ਤੀਜੀ ਡੋਜ਼ ਲਾਉਣ ਦੀ ਮੰਗ ਵੱਧ ਰਹੀ ਹੈ। ਇਸ ਸਮੇਂ ਪ੍ਰੋਵਿੰਸ ਕੋਲ ਕੋਵਿਡ-19 ਵੈਕਸੀਨ ਦੀਆਂ 3.8 ਮਿਲੀਅਨ ਡੋਜ਼ਾਂ ਪਈਆਂ ਹਨ। ਸੋਮਵਾਰ ਨੂੰ ਕੁਈਨਜ਼ ਪਾਰਕ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਲੀਅਟ ਨੇ ਆਖਿਆ ਕਿ ਅਸੀਂ ਬੂਸਟਰ ਡੋਜ਼ ਹੋਰਨਾਂ ਉਮਰ ਵਰਗ ਦੇ ਲੋਕਾਂ ਨੂੰ ਵੀ ਦੇ ਰਹੇ ਹਾਂ ਇਸ ਲਈ ਅਸੀਂ ਓਨਟਾਰੀਓ ਵਾਸੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਬੂਸਟਰ ਡੋਜ਼ ਲਵਾਉਣ ਲਈ ਅੱਗੇ ਆਉਣ।

ਦੱਖਣੀ ਅਫਰੀਕਾ ਵਿੱਚ ਕੋਵਿਡ-19 ਦਾ ਨਵਾਂ ਵੇਰੀਐਂਟ ਮਿਲਣ ਤੋਂ ਵੀ ਸਰਕਾਰ ਚਿੰਤਤ ਹੈ। ਪਬਲਿਕ ਹੈਲਥ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਜੇ ਤਾਂ ਓਨਟਾਰੀਓ ਵਿੱਚ ਇਸ ਨਵੇਂ ਵੇਰੀਐਂਟ ਦੇ ਦੋ ਚਾਰ ਮਾਮਲੇ ਹੀ ਸਾਹਮਣੇ ਆਏ ਹਨ ਪਰ ਆਉਣ ਵਾਲੇ ਦਿਨਾਂ ਵਿੱਚ ਇਸ ਦੇ ਵੱਧ ਮਾਮਲੇ ਸਾਹਮਣੇ ਆਉਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

## ਵੱਡੀਆਂ ਟੈਕਨੀਕਲ ਕੰਪਨੀਆਂ ਉੱਤੇ ਸਰਵਿਸ ਟੈਕਸ ਲਾਉਣ ਲਈ ਸਰਕਾਰ ਪੇਸ਼ ਕਰੇਗੀ ਬਿੱਲ

ਓਟਵਾ, 2 ਦਸੰਬਰ (ਪੋਸਟ ਬਿਊਰੋ) : ਲਿਬਰਲ ਸਰਕਾਰ ਵੱਡੀਆਂ ਟੈਕਨੀਕਲ ਕੰਪਨੀਆਂ ਉੱਤੇ ਡਿਜੀਟਲ ਸਰਵਿਸ ਟੈਕਸ ਲਾਗੂ ਕਰਨ ਦਾ ਵਿਚਾਰ ਕਰ ਰਹੀ ਹੈ। ਇਹ ਸੱਭ ਆਉਣ ਵਾਲੇ ਹਫਤਿਆਂ ਵਿੱਚ ਹੀ ਲਿਆਂਦਾ ਜਾਵੇਗਾ।

ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਦੇ ਤਰਜ਼ਮਾਨ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਸਰਕਾਰ ਨੇ ਇਸ ਬਿੱਲ ਦੇ ਖਰੜੇ ਨੂੰ ਅੰਤਿਮ ਛੋਹਾਂ ਦੇਣ ਦਾ ਫੈਸਲਾ ਕੀਤਾ ਹੈ। ਇੱਕ ਸਰਕਾਰੀ ਸੂਤਰ ਨੇ ਦੱਸਿਆ ਕਿ ਇਸ ਬਿੱਲ ਦਾ ਖਰੜਾ ਜਾਂ ਇਸ ਬਾਰੇ ਸਲਾਹ ਮਸ਼ਵਰਾ ਸਰਕਾਰ ਵੱਲੋਂ ਚੁੱਕਿਆ ਜਾਣ ਵਾਲਾ ਅਗਲਾ ਕਦਮ ਹੋਵੇਗਾ ਤੇ ਇਹ ਇਸ ਸਾਲ ਦੇ ਅੰਤ ਤੱਕ ਆ ਜਾਵੇਗਾ।



2021 ਦੇ ਬਜਟ ਵਿੱਚ ਕੀਤੇ ਗਏ ਵਾਅਦੇ ਮੁਤਾਬਕ ਲਿਬਰਲਾਂ ਦਾ ਕਹਿਣਾ ਹੈ ਕਿ ਇਹ ਟੈਕਸ ਅਗਲੇ ਪੰਜ ਸਾਲਾਂ ਵਿੱਚ 3•4 ਬਿਲੀਅਨ ਡਾਲਰ ਲਿਆਵੇਗਾ। ਇਹ ਟੈਕਸ ਆਨਲਾਈਨ ਆਪਰੇਟ ਕਰਨ ਵਾਲੀਆਂ ਵੱਡੀਆਂ ਕੰਪਨੀਆਂ, ਸੋਸ਼ਲ ਮੀਡੀਆ ਪਲੇਟਫਾਰਮਜ਼, ਜਿਵੇਂ ਕਿ ਐਮੇਜ਼ੌਨ, ਗੂਗਲ ਤੇ ਫੇਸਬੁੱਕ ਦੇ ਨਾਲ ਨਾਲ ਊਬਰ ਤੇ ਏਅਰਬੀਐਨਬੀ ਉੱਤੇ ਲਾਏ ਜਾਣਗੇ ਤੇ ਆਨਲਾਈਨ ਇਸ਼ਤਿਹਾਰਾਂ ਤੋਂ ਇਨ੍ਹਾਂ ਨੂੰ ਆਮਦਨ ਹੋਵੇਗੀ।

ਪਰ ਅਕਤੂਬਰ ਵਿੱਚ ਦ ਆਰਗੇਨਾਈਜ਼ੇਸ਼ਨ ਫੌਰ ਇਕਨੌਮਿਕ ਕੋ-ਆਪਰੇਸ਼ਨ ਐਂਡ ਡਿਵੈਲਪਮੈਂਟ 15 ਫੀ ਸਦੀ ਗਲੋਬਲ ਮਿਨੀਮਮ ਕਾਰਪੋਰੇਟ ਟੈਕਸ ਰੇਟ ਵਾਲੀ ਡੀਲ ਉੱਤੇ ਸਹਿਮਤ ਹੋਈ ਸੀ। ਜਿਸ ਤਹਿਤ ਵੱਡੀਆਂ ਤੇ ਵੱਡਾ ਮੁਨਾਫਾ ਕਮਾਉਣ ਵਾਲੀਆਂ ਗਲੋਬਲ ਕੰਪਨੀਆਂ ਨੂੰ ਉਨ੍ਹਾਂ ਦੇਸ਼ਾਂ ਨੂੰ ਕੁੱਝ ਟੈਕਸ ਅਦਾ ਕਰਨੇ ਪੈਣਗੇ ਜਿਨ੍ਹਾਂ ਦੇਸ਼ਾਂ ਵਿੱਚ ਇਹ ਕੰਪਨੀਆਂ ਆਪਰੇਟ ਕਰਦੀਆਂ ਹਨ। ਇਹ ਵੀ ਆਖਿਆ ਗਿਆ ਕਿ ਭਾਵੇਂ ਇਹ ਕੰਪਨੀਆਂ ਸਬੰਧਤ ਦੇਸ਼ਾਂ ਵਿੱਚ ਮੌਜੂਦ ਹੋਣ ਜਾ ਨਾ ਹੋਣ ਇਨ੍ਹਾਂ ਨੂੰ ਇਹ ਟੈਕਸ ਦੇਣੇ ਹੀ ਪੈਣਗੇ।

ਇਸ ਸਮਝੌਤੇ ਤਹਿਤ ਦੇਸ਼ ਦੋ ਸਾਲਾਂ ਲਈ ਯੂਨੀਲੇਟਰਲ ਟੈਕਸ ਨਾ ਲਾਉਣ ਉੱਤੇ ਸਹਿਮਤ ਹੋਏ। ਕੈਨੇਡਾ ਨੇ ਆਖਿਆ ਕਿ ਉਹ ਆਪਣਾ ਟੈਕਸ ਮੁਲਤਵੀ ਕਰ ਦੇਵੇਗਾ ਤੇ ਇਹ ਟੈਕਸ ਉਸ ਸੂਰਤ ਵਿੱਚ ਹੀ ਲਾਗੂ ਹੋਵੇਗਾ ਜੇ ਓਈਸੀਡੀ 2024 ਤੱਕ ਲਾਗੂ ਨਹੀਂ ਹੋਵੇਗਾ। ਹਾਲਾਂਕਿ ਇਹ ਟੈਕਸ 2024 ਤੱਕ ਅਦਾ ਨਹੀਂ ਕਰਨਾ ਹੋਵੇਗਾ ਪਰ 2022 ਵਿੱਚ ਪੂਰਬ-ਪ੍ਰਭਾਵੀ ਹੋਵੇਗਾ। ਇਸ ਨਾਲ ਵੱਡੀਆਂ ਟੈਕਨੀਕਲ ਕੰਪਨੀਆਂ ਦਾ ਟੈਕਸ ਬਿੱਲ ਇੱਕ ਬਿਲੀਅਨ ਡਾਲਰ ਤੋਂ ਵੀ ਵੱਧ ਹੋਵੇਗਾ।

## ਮਾਲਟਨ ਵਿੱਚ ਰੌਬਰੀ ਦੌਰਾਨ ਛੁਰੇਬਾਜ਼ੀ ਕਾਰਨ ਇੱਕ ਜ਼ਖ਼ਮੀ



ਮਿਸੀਸਾਗਾ, 2 ਦਸੰਬਰ (ਪੋਸਟ ਬਿਊਰੋ) : ਵੀਰਵਾਰ ਦੁਪਹਿਰ ਨੂੰ ਮਿਸੀਸਾਗਾ ਵਿੱਚ ਹੋਈ ਰੌਬਰੀ ਦੌਰਾਨ ਇੱਕ ਵਿਅਕਤੀ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ। ਉਸ ਉੱਤੇ ਕਿਸੇ ਵੱਲੋਂ ਚਾਕੂ ਨਾਲ ਵਾਰ ਕੀਤੇ ਗਏ ਸਨ। ਦੁਪਹਿਰੇ 3:30 ਉੱਤੇ ਗੋਰਵੇਅ ਡਰਾਈਵ ਤੇ ਐਟੂਡ ਡਰਾਈਵ ਨੇੜੇ ਇੱਕ ਕਾਰੋਬਾਰੀ ਅਦਾਰੇ ਵਿੱਚ ਰੌਬਰੀ ਕੀਤੇ ਜਾਣ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਪੁਲਿਸ ਅਧਿਕਾਰੀ ਉੱਥੇ ਪਹੁੰਚੇ। ਪੀਲ ਪਬਲਿਕ ਕਾਂਸਟੇਬਲ ਅਖਿਲ ਮੂਕਨ ਨੇ ਆਖਿਆ ਕਿ ਉੱਥੇ ਪਹੁੰਚਣ ਉਪਰੰਤ ਐਮਰਜੰਸੀ ਸਰਵਿਸਿਜ਼ ਨੇ ਪਾਇਆ ਕਿ ਇੱਕ ਮਸ਼ਕੂਕ ਵੱਲੋਂ ਇੱਕ ਵਿਅਕਤੀ ਨੂੰ ਚਾਕੂ ਦੇ ਵਾਰ ਨਾਲ ਜ਼ਖ਼ਮੀ ਕਰ ਦਿੱਤਾ ਗਿਆ।

ਪੁਲਿਸ ਨੇ ਦੱਸਿਆ ਕਿ ਇਸ ਰੌਬਰੀ ਵਿੱਚ ਤਿੰਨ ਮਸ਼ਕੂਕ ਸ਼ਾਮਲ ਸਨ ਤੇ ਉਨ੍ਹਾਂ ਕੋਲ ਹਥਿਆਰ ਤੇ ਚਾਕੂ ਆਦਿ ਵੀ ਸਨ। ਪੁਲਿਸ ਦੇ ਮੌਕੇ ਉੱਤੇ ਪਹੁੰਚਣ ਤੋਂ ਪਹਿਲਾਂ ਹੀ ਮਸ਼ਕੂਕ ਉੱਥੋਂ ਪੈਦਲ ਹੀ ਫਰਾਰ ਹੋ ਗਏ। ਜ਼ਖ਼ਮੀ ਵਿਅਕਤੀ ਨੂੰ ਗੰਭੀਰ ਪਰ ਸਥਿਰ ਹਾਲਤ ਵਿੱਚ ਹਸਪਤਾਲ ਭੇਜਿਆ ਗਿਆ। ਇਲਾਕੇ ਵਿੱਚ ਭਾਰੀ ਗਿਣਤੀ ਵਿੱਚ ਪੁਲਿਸ ਮੌਜੂਦ ਸੀ।

# ਓਮਾਈਕ੍ਰੋਨ ਉੱਤੇ ਬਹੁਤੀਆਂ ਅਸਰਦਾਰ ਨਹੀਂ ਹਨ ਮੌਜੂਦਾ ਵੈਕਸੀਨਜ਼ : ਮੌਡਰਨਾ




ਸਿਡਨੀ, 2 ਦਸੰਬਰ (ਪੋਸਟ ਬਿਊਰੋ) : ਡਰੱਗ ਨਿਰਮਾਤਾ ਕੰਪਨੀ ਮੌਡਰਨਾ ਦੇ ਹੈੱਡ ਦਾ ਕਹਿਣਾ ਹੈ ਕਿ ਕੋਵਿਡ-19 ਵੈਕਸੀਨਜ਼ ਓਮਾਈਕ੍ਰੌਨ ਵੇਰੀਐਂਟ ਉੱਤੇ ਓਨੀ ਅਸਰਦਾਰ ਨਹੀਂ ਹੈ ਜਿੰਨੀ ਕਰੋਨਾਵਾਇਰਸ ਦੇ ਪਹਿਲਾਂ ਵਾਲੇ ਵੇਰੀਐਂਟਸ ਉੱਤੇ ਸੀ। ਇਸ ਨਾਲ ਫਾਇਨਾਂਸ਼ੀਅਲ ਮਾਰਕਿਟਸ ਵਿੱਚ ਚਿੰਤਾ ਦੀ ਲਹਿਰ ਦੌੜ ਗਈ ਹੈ।

ਬੀਤੇ ਦਿਨੀਂ ਇੱਕ ਇੰਟਰਵਿਊ ਵਿੱਚ ਮੌਡਰਨਾ ਦੇ ਚੀਫ ਐਗਜ਼ੈਕਟਿਵ ਸਟੀਫਨ ਬੈਂਸਲ ਨੇ ਆਖਿਆ ਕਿ ਅਜੇ ਡੈਲਟਾ ਵੇਰੀਐਂਟ ਤੱਕ ਵੀ ਸਥਿਤੀ ਸੰਭਲੀ ਹੋਈ ਸੀ ਪਰ ਇਸ ਵੇਰੀਐਂਟ ਨਾਲ ਹਾਲਾਤ ਪਹਿਲਾਂ ਵਾਲੇ ਨਹੀ ਹਨ। ਉਨ੍ਹਾਂ ਆਖਿਆ ਕਿ ਅਜੇ ਉਹ ਪੱਕੇ ਤੌਰ ਉੱਤੇ ਕੁੱਝ ਨਹੀਂ ਆਖ ਸਕਦੇ ਤੇ ਜਦੋਂ ਤੱਕ ਡਾਟਾ ਨਹੀਂ ਆ ਜਾਂਦਾ ਉਦੋਂ ਤੱਕ ਕੁੱਝ ਆਖਿਆ ਨਹੀਂ ਜਾ ਸਕਦਾ। ਉਨ੍ਹਾਂ ਆਖਿਆ ਕਿ ਜਿੰਨੇ ਵੀ ਸਾਇੰਟਿਸਟਸ ਨਾਲ ਉਨ੍ਹਾਂ ਗੱਲ ਕੀਤੀ ਹੈ ਸੱਭ ਦੀ ਇਹੋ ਰਾਇ ਹੈ ਕਿ ਇਹ ਠੀਕ ਨਹੀਂ ਰਹਿਣ ਵਾਲਾ।

ਵੈਕਸੀਨ ਦਾ ਅਸਰ ਪਹਿਲਾਂ ਵਾਂਗ ਨਾ ਹੋਣ ਕਾਰਨ ਲੋਕ ਵਧੇਰੇ ਬਿਮਾਰ ਪੈਣਗੇ ਤੇ ਲੰਮਾਂ ਸਮਾਂ ਹਸਪਤਾਲ ਦਾਖਲ ਰਹਿਣਗੇ ਤੇ ਇਸ ਨਾਲ ਮਹਾਂਮਾਰੀ ਲੰਮਾਂ ਸਮਾਂ ਚੱਲੇਗੀ। ਉਨ੍ਹਾਂ ਦੇ ਅਜਿਹੇ ਬਿਆਨਾਂ ਦਾ ਅਸਰ ਤੇਲ, ਸਟਾਕਸ ਤੇ ਆਸਟਰੇਲੀਅਨ ਡਾਲਰ ਉੱਤੇ ਵੀ ਪਿਆ। ਉਨ੍ਹਾਂ ਆਖਿਆ ਕਿ ਇਸ ਵੇਰੀਐਂਟ ਤੇ ਭਵਿੱਖ ਵਿੱਚ ਹੋਣ ਵਾਲੀਆਂ ਮਿਊਟੇਸ਼ਨਜ਼ ਦੇ ਮੱਦੇਨਜ਼ਰ ਇਹ ਆਖਿਆ ਜਾ ਸਕਦਾ ਹੈ ਕਿ ਵੈਕਸੀਨਜ਼ ਵਿੱਚ ਵੀ ਤਬਦੀਲੀ ਕੀਤੇ ਜਾਣ ਦੀ ਲੋੜ ਹੈ।

# ਅਪੀਲੀ ਅਦਾਲਤ ਵੱਲੋਂ ਬਾਈਡੇਨ ਦੇ ਦੇਸ਼ ਨਿਕਾਲੇ ਦੇ ਸਟੈਂਡਰਡ ਉਤੇ ਦੁਬਾਰਾ ਸੁਣਵਾਈ



ਵਿਕਟੋਰੀਆ, 2 ਦਸੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚੋਂ ਕਿਸਨੂੰ ਦੇਸ਼ ਨਿਕਾਲਾ ਦਿੱਤਾ ਜਾਣਾ ਚਾਹੀਦੈ, ਇਸ ਬਾਰੇ ਬਾਈਡੇਨ ਸਰਕਾਰ ਦੇ ਉਨ੍ਹਾਂ ਚੋਣਵੇਂ ਮਾਪਦੰਡਾਂ ਦੀ ਮਿਆਦ ਉਤੇ ਫੈਡਰਲ ਅਪੀਲੀ ਅਦਾਲਤ ਨੇ ਨਵੇਂ ਸਿਰੇ ਤੋਂ ਸੁਣਵਾਈ ਦਾ ਹੁਕਮ ਦਿੱਤਾ ਹੈ। ਨਿਊ ਆਰਲੀਅੰਸ ਵਿੱਚ 5ਵੀਂ ਯੂ ਐਸ ਸਰਕਿਟ ਕੋਰਟ ਆਫ ਅਪੀਲਸ ਨੇ ਪ੍ਰਸ਼ਾਸਨ ਦੀ ਨੀਤੀ ਨੂੰ ਕਾਇਮ ਰੱਖਣ ਵਾਲੇ ਤਿੰਨ ਜੱਜਾਂ ਦੇ 5ਵੇਂ ਸਰਕਿਟ ਪੈਨਲ ਦੇ 15 ਸਤੰਬਰ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ।ਹੁਕਮ ਵਿੱਚ ਕਿਹਾ ਗਿਆ ਕਿ ਅਦਾਲਤ ਦੇ 26 ਜੱਜਾਂ ਵਿੱਚੋਂ ਇੱਕ ਨੇ ਹੇਠਲੀ ਅਦਾਲਤ ਦੇ ਫੈਸਲੇ ਉਤੇ ਜੱਜਾਂ ਦੀਆਂ ਵੋਟਾਂ ਦੀ ਬੇਨਤੀ ਕੀਤੀ ਸੀ ਕਿ ਬ੍ਰਾਈਡੇਨ ਪ੍ਰਸ਼ਾਸਨ ਦੀ ਅੰਤ੍ਰਿਮ ਇਨਫੋਰਸਮੈਂਟ ਤਰਜੀਹਾਂ ਨਾਜਾਇਜ਼ ਸਨ ਜਾਂ ਨਹੀਂ।

ਟੈਕਸਾਸ ਅਤੇ ਲੁਈਸਿਆਨ ਵੱਲੋਂ ਇਸ ਬਾਰੇ ਅਪੀਲ ਕੀਤੀ ਗਈ ਸੀ। ਅਦਾਲਤ ਦੇ 17 ਸਰਗਰਮ ਜੱਜਾਂ ਵਿੱਚੋਂ ਬਹੁਤੇ ਜੱਜਾਂ ਨੇ ਦੁਬਾਰਾ ਸੁਣਵਾਈ ਲਈ ਵੋਟਾਂ ਪਾਈਆਂ। ਸੁਣਵਾਈ ਦੀ ਅਗਲੀ ਤਰੀਕ ਅਜੇ ਤੈਅ ਨਹੀਂ ਕੀਤੀ ਗਈ।

# ਕੈਨੇਡਾ ਤੋਂ ਹਾਂਗ ਕਾਂਗ ਗਏ ਵਿਅਕਤੀ ਵਿਚ ਪਾਇਆ ਗਿਆ ਓਮਾਈਕ੍ਰੋਨ ਵਾਇਰਸ



ਟੋਰਾਂਟੋ, 2 ਦਸੰਬਰ (ਪੋਸਟ ਬਿਊਰੋ) : 62 ਸਾਲਾ ਇੱਕ ਵਿਅਕਤੀ, ਜਿਹੜਾ ਪੂਰੀ ਤਰ੍ਹਾਂ ਵੈਕਸੀਨੇਟਿਡ ਸੀ, ਕੈਨੇਡਾ ਤੋਂ ਹਾਂਗ ਕਾਂਗ ਗਿਆ, ਉਸ ਦੇ ਕੋਵਿਡ-19 ਦੇ ਨਵੇਂ ਵੇਰੀਐਂਟ ਓਮਾਈਕ੍ਰੌਨ ਨਾਲ ਗ੍ਰਸਤ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਇਸ ਦਾ ਖੁਲਾਸਾ ਹਾਂਗ ਕਾਂਗ ਦੇ ਡਿਪਾਰਟਮੈਂਟ ਆਫ ਹੈਲਥ ਦੇ ਸੈਂਟਰ ਫੌਰ ਹੈਲਥ ਪ੍ਰੋਟੈਕਸ਼ਨ ਵੱਲੋਂ ਕੀਤਾ ਗਿਆ।

ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਟਰੈਵਲਰ ਕੈਨੇਡੀਅਨ ਸੀ ਜਾਂ ਨਹੀਂ। ਪਰ ਉਹ 10 ਨਵੰਬਰ ਨੂੰ ਏਅਰ ਕੈਨੇਡਾ ਦੀ ਫਲਾਈਟ ਏਸੀ007 ਰਾਹੀਂ ਵੈਨਕੂਵਰ ਤੋਂ ਹਾਂਗ ਕਾਂਗ ਪਹੁੰਚਿਆ ਤੇ 17 ਨਵੰਬਰ ਨੂੰ ਉਸ ਵਿੱਚ ਲੱਛਣ ਨਜ਼ਰ ਆਉਣ ਲੱਗੇ। ਹਾਂਗ ਕਾਂਗ ਦੇ ਸਿਹਤ ਅਧਿਕਾਰੀਆਂ ਨੇ ਪਹਿਲਾਂ ਇਹ ਆਖਿਆ ਕਿ ਇਸ ਵਿਅਕਤੀ ਨੂੰ ਵਾਇਰਸ ਇੱਕ ਹੋਰ ਟਰੈਵਲਰ ਤੋਂ ਹੋਇਆ ਸੀ ਜਿਹੜਾ ਸਾਊਥ ਅਫਰੀਕਾ ਤੋਂ ਉੱਥੇ ਆਇਆ ਸੀ ਤੇ ਰੀਗਲ ਏਅਰਪੋਰਟ ਹੋਟਲ ਵਿੱਚ ਉਸੇ ਮੰਜ਼ਿਲ ਉੱਤੇ ਹੀ ਰਹਿ ਰਿਹਾ ਸੀ।

ਇਸ ਸਮੇਂ ਦੋਵਾਂ ਵਿਅਕਤੀਆਂ ਨੂੰ ਕੁਆਰਨਟੀਨ ਕੀਤਾ ਗਿਆ ਹੈ। ਹਾਂਗ ਕਾਂਗ ਦੇ ਸਿਹਤ ਅਧਿਕਾਰੀਆਂ ਅਨੁਸਾਰ ਦੂਜਾ ਟਰੈਵਲਰ 36 ਸਾਲਾ ਵਿਅਕਤੀ ਹੈ ਜਿਹੜਾ 11 ਨਵੰਬਰ ਨੂੰ ਪਹੁੰਚਿਆ। ਦੋਵਾਂ ਵਿਅਕਤੀਆਂ ਨੂੰ ਫਾਈਜ਼ਰ-ਬਾਇਓਐਨਟੈਕ ਵੈਕਸੀਨ ਦੀਆਂ ਦੋ-ਦੋ ਡੋਜ਼ਾਂ ਲੱਗੀਆਂ ਹੋਈਆਂ ਹਨ। ਕੈਨੇਡਾ ਦੀ ਚੀਫ ਪਬਲਿਕ ਹੈਲਥ ਆਫੀਸਰ ਡਾ. ਥੈਰੇਸਾ ਟੈਮ ਨੇ ਆਖਿਆ ਕਿ ਅਸੀਂ ਹਾਂਗ ਕਾਂਗ ਦੇ ਸਿਹਤ ਅਧਿਕਾਰੀਆਂ ਨਾਲ ਪੂਰਾ ਰਾਬਤਾ ਰੱਖ ਰਹੇ ਹਾਂ ਤੇ ਅਸੀਂ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਸਾਨੂੰ ਕਿਤੇ ਕੈਨੇਡਾ ਵਿੱਚ ਕੋਈ ਮਾਮਲਾ ਟਰੇਸ ਕਰਨ ਦੀ ਲੋੜ ਤਾਂ ਨਹੀਂ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

STARLANE PAINTING
Residential ▪ Commercial ▪ Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਉ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਟਾਂਕ ਕਸ਼ੱਤਰੀ ਲੜਕਾਂ, ਉਮਰ 25 ਸਾਲ, ਕੈਨੇਡਾ ਪੀ.ਆਰ., ਕੱਦ 5.8 ਇੰਚ, ਲਈ ਡਿਗਰੀ ਕਰਨ ਆਈ ਕੈਨੇਡਾ ਵਿੱਚ ਕੱਚੇ ਜਾ ਪੱਕੇ ਤੌਰ 'ਤੇ ਰਹਿ ਰਹੀ ਲੜਕੀ ਦੀ ਲੋੜ। +1-204-557-6726 (ਕੈਨੇਡਾ) +91-99142-07712 Email: hrpreet.ca@gmail.com

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਰਵੀਦਾਸੀਆ/ਰਾਮਦਾਸੀਆ ਸਿੱਖ ਲੜਕਾ, ਉਮਰ 27 ਸਾਲ, ਕੱਦ 5 ਫੁੱਟ 11 ਇੰਚ, ਕੈਨੀਡੀਅਨ ਸਿਟੀਜ਼ਨ, ਕੈਨੇਡਾ ਵਿਚ ਸਰਕਾਰੀ ਨੌਕਰੀ ਕਰ ਰਹੇ ਲੜਕੇ ਲਈ ਯੋਗ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕਾ 21 ਸਾਲ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ ਅਤੇ ਪਿੱਛੋਂ ਪਰਿਵਾਰ ਲੁਧਿਆਣੇ ਤੋਂ ਹੈ। ਸੰਪਰਕ: 905-996-0127, 416-728-9390

## ਲੜਕੀ ਦੀ ਲੋੜ

Jatt Sikh boy truck driver, 5'11, born in 1992. Clean shave , vegetarian, Permanent Resident, 1.5 acres property in India. 2 residential properties in Brampton. Living in Brampton, well settled. Looking for a suitable match. Only serious inquiries. Contact-+1-416-991-9192

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

You can (905)793-2202
Place Your Business Here
To Reach Wider Audience
For more info Call 905-793-2202 or e-mail ads@punjabipost.ca

You can (905)793-2202
Place Your Business Here
To Reach Wider Audience
For more info Call 905-793-2202 or e-mail ads@punjabipost.ca

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

# ਫਿਲਮੀ ਦੁਨੀਆ

## ਉਨ੍ਹਾਂ ਹੀ ਔਰਤਾਂ ਦੇ ਕਿਰਦਾਰ ਕਰਾਂਗੀ ਜਿਨ੍ਹਾਂ ਦੀ ਕੋਈ ਆਵਾਜ਼ ਹੋਵੇਗੀ : ਮ੍ਰਿਣਾਲ ਠਾਕੁਰ



ਕਈ ਵਾਰ ਕਲਾਕਾਰ ਆਪਣੇ ਕਿਰਦਾਰਾਂ ਰਾਹੀਂ ਆਪਣੇ ਪ੍ਰਸ਼ੰਸਕਾਂ ਨੂੰ ਇੱਕ ਸੰਦੇਸ਼ ਵੀ ਦਿੰਦੇ ਹਨ। ਅਭਿਨੇਤਰੀ ਮ੍ਰਿਣਾਲ ਠਾਕੁਰ ਵੀ ਅਜਿਹੀ ਹੀ ਸੋਚ ਨਾਲ ਕਿਰਦਾਰਾਂ ਦੀ ਚੋਣ ਕਰ ਰਹੀ ਹੈ। ਮ੍ਰਿਣਾਲ ਦੀ 'ਧਮਾਕਾ' ਜਾਂ 'ਤੂਫਾਨ' ਹੋਣ ਜਾਂ ਆਉਣ ਵਾਲੀਆਂ ਫਿਲਮਾਂ 'ਜਰਸੀ' ਅਤੇ 'ਅੱਖ ਮਿਚੌਲੀ', ਸਭ ਵਿੱਚ ਉਸ ਦਾ ਕਿਰਦਾਰ ਮਜ਼ਬੂਤ ਹੈ। ਇਸ ਬਾਰੇ ਮ੍ਰਿਣਾਲ ਦਾ ਕਹਿਣਾ ਹੈ, ''ਮੈਂ ਤੈਅ ਕੀਤਾ ਹੈ ਕਿ ਮੈਂ ਸਿਰਫ ਉਨ੍ਹਾਂ ਔਰਤਾਂ ਦੇ ਕਿਰਦਾਰ ਨਿਭਾਵਾਂਗੀ, ਜਿਨ੍ਹਾਂ ਦੀ ਆਪਣੀ ਕੋਈ ਸੋਚ ਤੇ ਆਵਾਜ਼ ਹੋਵੇ। ਔਰਤਾਂ ਮਰਦਾਂ ਦੇ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ, ਉਨ੍ਹਾਂ ਨੂੰ ਉਸੇ ਤਰ੍ਹਾਂ ਹੀ ਪ੍ਰਦਰਸ਼ਿਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਵਿਚਾਰੀ ਦੇ ਤੌਰ ਉਤੇ ਨਹੀਂ ਦਿਖਾਇਆ ਜਾਣਾ ਚਾਹੀਦਾ।''

'ਜਰਸੀ' ਵਿੱਚ ਸ਼ਾਹਿਦ ਕਪੂਰ ਨਾਲ ਕੰਮ ਕਰਨ ਬਾਰੇ ਮ੍ਰਿਣਾਲ ਦਾ ਕਹਿਣਾ ਹੈ, ''ਮੈਂ ਉਸ ਨੂੰ ਨਾ ਸਿਰਫ ਆਪਣੇ ਸਹਿ ਕਲਾਕਾਰ ਨਹੀਂ, ਸਗੋਂ ਇੱਕ ਦੋਸਤ ਵਜੋਂ ਲਿਆ ਹੈ। ਮੈਂ ਉਨ੍ਹਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਦੇ ਨਹੀਂ ਥੱਕਾਂਗੀ। ਮੈਂ ਉਨ੍ਹਾਂ ਤੋਂ ਕਈ ਚੀਜ਼ਾਂ ਸਿੱਖੀਆਂ ਹਨ।'' ਮ੍ਰਿਣਾਲ ਦੀ ਫਿਲਮ 'ਜਰਸੀ' 31 ਦਸੰਬਰ ਨੂੰ ਅਤੇ 'ਅੱਖ ਮਿਚੌਲੀ' ਅਗਲੇ ਸਾਲ 13 ਮਈ ਨੂੰ ਰਿਲੀਜ ਹੋਵੇਗੀ।

## ਸਾਲ ਵਿੱਚ ਦੋ ਜਾਂ ਤਿੰਨ ਫਿਲਮਾਂ ਹੀ ਕਰਾਂਗਾ : ਇਮਰਾਨ ਹਾਸ਼ਮੀ



ਕਈ ਵਾਰ ਲਗਾਤਾਰ ਇੱਕੋ ਜਿਹੀਆਂ ਫਿਲਮਾਂ ਕਰਨ ਦੇ ਕਾਰਨ ਸਿਤਾਰੇ ਕਈ ਤਰ੍ਹਾਂ ਦੇ ਟੈਗਸ ਵਿੱਚ ਬੱਝ ਜਾਂਦੇ ਹਨ। 'ਜੰਨਤ', 'ਅਜ਼ਹਰ' ਆਦਿ ਫਿਲਮਾਂ ਦੇ ਅਭਿਨੇਤਾ ਇਮਰਾਨ ਹਾਸ਼ਮੀ ਵੀ ਸੀਰੀਅਲ ਕਿੱਸਰ ਅਤੇ ਹਾਰਰ ਫਿਲਮਾਂ ਹੀ ਕਰਨ ਵਾਲੇ ਅਭਿਨੇਤਾ ਦੇ ਟੈਗ ਤੋਂ ਬਾਹਰ ਨਿਕਲ ਚੁੱਕੇ ਹਨ। ਇਮਰਾਨ 'ਕੈਪਟਨ ਨਵਾਬ' ਫਿਲਮ ਆਪਣੇ ਬੈਨਰ ਹੇਠ ਬਣਾਉਣਾ ਚਾਹੁੰਦੇ ਸਨ, ਪ੍ਰੰਤੂ ਉਹ ਫਿਲਮ ਕੁਝ ਕਾਰਨਾਂ ਕਰ ਕੇ ਨਹੀਂ ਬਣ ਸਕੀ।

ਇਮਰਾਨ ਕਹਿੰਦੇ ਹਨ, ''ਬਤੌਰ ਨਿਰਮਾਤਾ ਮੈਂ ਦੱਸਣਾ ਚਾਹੁੰਦਾ ਹਾਂ ਕਿ 'ਕੈਪਟਨ ਨਵਾਬ' ਫਿਲਮ ਨਹੀਂ ਬਣੇਗੀ, ਪਰ ਅਜਿਹਾ ਨਹੀਂ ਕਿ ਮੈਂ ਦੂਸਰੀ ਫਿਲਮ ਉੱਤੇ ਕੰਮ ਨਹੀਂ ਕਰ ਰਿਹਾ। ਕੁਝ ਦਿਲਚਸਪ ਸਕ੍ਰਿਪਟ ਵਿੱਚ ਬਿਜ਼ੀ ਹਾਂ। ਮੈਂ ਕਿਸੇ ਜਲਦਬਾਜ਼ੀ ਵਿੱਚ ਨਹੀਂ। ਮੈਂ ਫਿਲਮਾਂ ਬਣਾਉਣ ਦੇ ਨਾਲ ਐਕਟਿੰਗ ਵੀ ਕਰ ਰਿਹਾ ਹਾਂ, ਇਸ ਲਈ ਸਾਲ ਵਿੱਚ ਦੋ-ਤਿੰਨ ਫਿਲਮਾਂ ਹੀ ਕਰਾਂਗਾ। ਉਹ ਜ਼ਮਾਨਾ ਗਿਆ, ਜਦੋਂ ਪੰਜ-ਛੇ ਫਿਲਮਾਂ ਇਕੱਠੇ ਸਾਈਨ ਕਰ ਲੈਂਦਾ ਸੀ। ਉਹ ਸੰਭਵ ਵੀ ਨਹੀਂ ਹੈ। ਮੈਂ ਸੀਰੀਅਲ ਕਿੱਸਰ ਦਾ ਟੈਗ ਵੀ ਬਿਲਕੁਲ ਮਿਸ ਨਹੀਂ ਕਰਦਾ ਹਾਂ।''

## ਫਿਰ ਆਮਿਰ ਖਾਨ ਨਾਲ ਨਜ਼ਰ ਆ ਸਕਦੇ ਹਨ ਰਣਬੀਰ ਕਪੂਰ



ਸਾਲ 2014 ਵਿੱਚ ਰਿਲੀਜ਼ ਹੋਈ ਆਮਿਰ ਖਾਨ ਦੀ ਫਿਲਮ 'ਪੀਕੇ' ਵਿੱਚ ਰਣਬੀਰ ਕਪੂਰ ਏਲੀਅਨ ਦੇ ਕਿਰਦਾਰ ਵਿੱਚ ਮਹਿਮਾਨ ਭੂਮਿਕਾ ਵਿੱਚ ਨਜ਼ਰ ਆਏ ਸਨ। ਅੱਗੋਂ ਆਮਿਰ ਅਤੇ ਰਣਬੀਰ ਦੇ ਫਿਲਮ ਇਕੱਠੇ ਕੰਮ ਕਰਨ ਦੀ ਚਰਚਾ ਹੈ। ਇਸ ਫਿਲਮ ਦਾ 'ਪੀਕੇ' ਨਾਲ ਕੋਈ ਲੈਣ-ਦੇਣਾ ਨਹੀਂ ਹੋਵੇਗਾ। ਫਿਲਮ ਨਾਲ ਜੁੜੇ ਸੂਤਰਾਂ ਮੁਤਾਬਕ ਇਸ ਪ੍ਰੋਜੈਕਟ ਦੇ ਬਾਰੇ ਅਜੇ ਜ਼ਿਆਦਾ ਜਾਣਕਾਰੀ ਸਾਹਮਣੇ ਨਹੀਂ ਆਈ, ਪਰ ਆਮਿਰ ਅਤੇ ਰਣਬੀਰ ਦੋਵਾਂ ਨੂੰ ਇਸ ਫਿਲਮ ਦੀ ਸਕ੍ਰਿਪਟ ਬਹੁਤ ਪਸੰਦ ਆਈ ਹੈ ਅਤੇ ਦੋਵਾਂ ਨੇ ਇਸ ਦਾ ਹਿੱਸਾ ਬਣਨ ਦੇ ਲਈ ਆਪਣੀ ਹਾਮੀ ਭਰ ਦਿੱਤੀ ਹੈ।

ਦੋਵਾਂ ਵਿੱਚ ਕਾਫੀ ਦਿਨਾਂ ਤੋਂ ਇਕੱਠੇ ਕੰਮ ਕਰਨ ਨੂੰ ਲੈ ਕੇ ਗੱਲਬਾਤ ਚੱਲ ਰਹੀ ਸੀ। ਇਹ ਦੱਸਿਆ ਜਾ ਰਿਹਾ ਹੈ ਕਿ ਆਮਿਰ ਇਸ ਫਿਲਮ ਨੂੰ ਪ੍ਰੋਡਿਊਸ ਕਰਨਗੇ ਤੇ ਅਗਲੇ ਸਾਲ ਦੀ ਦੂਸਰੀ ਛਮਾਹੀ ਤੱਕ ਇਸ ਫਿਲਮ ਦੀ ਸ਼ੂਟਿੰਗ ਸ਼ੁਰੂ ਹੋ ਸਕਦੀ ਹੈ। ਰਣਬੀਰ ਹਾਲੇ ਲਵ ਰੰਜਨ ਦੇ ਨਿਰਦੇਸ਼ਨ ਵਾਲੀ ਅਣਟਾਈਟਲਡ ਰੋਮਾਂਟਿਕ ਕਾਮੇਡੀ ਫਿਲਮ ਦੀ ਸ਼ੂਟਿੰਗ ਕਰ ਰਹੇ ਹਨ। ਓਧਰ ਆਮਿਰ ਅਗਲੀ ਫਿਲਮ 'ਲਾਲ ਸਿੰਘ ਚੱਢਾ' ਦੇ ਪੋਸਟ ਪ੍ਰੋਡਕਸ਼ਨ ਵਿੱਚ ਰੁੱਝੇ ਹੋਏ ਹਨ।

## ਜਾਹਨਵੀ ਬਣੇਗੀ 'ਮਿਸਿਜ਼ ਮਾਹੀ'



ਫਿਲਮ 'ਮਿਸਟਰ ਐਂਡ ਮਿਸਿਜ਼ ਮਾਹੀ' ਵਿੱਚ ਜਾਹਨਵੀ ਕਪੂਰ ਮਿਸਿਜ਼ ਮਾਹੀ ਦੇ ਰੋਲ ਵਿੱਚ ਆਏਗੀ। ਫਿਲਮ ਵਿੱਚ ਉਸ ਦੀ ਜੋੜੀ ਰਾਜ ਕੁਮਾਰ ਰਾਓ ਨਾਲ ਬਣਨ ਜਾ ਰਹੀ ਹੈ। ਫਿਲਮਕਾਰ ਕਰਣ ਜੌਹਰ ਨੇ ਆਪਣੇ ਪ੍ਰੋਡਕਸ਼ਨ ਹਾਊਸ ਧਰਮਾ ਪ੍ਰੋਡਕਸ਼ਨ ਦੀ ਇਸ ਫਿਲਮ ਦਾ ਐਲਾਨ ਪਿੱਛੇ ਜਿਹੇ ਕੀਤਾ ਹੈ। ਫਿਲਮ ਵਿੱਚ ਰਾਜ ਕੁਮਾਰ ਮਹਿੰਦਰ ਉਰਫ ਮਾਹੀ ਦੇ ਕਿਰਦਾਰ ਸਵਿੱਚ ਨਜ਼ਰ ਆਉਣ ਵਾਲਾ ਹੈ ਤਾਂ ਜਾਹਨਵੀ ਮਹਿਮਾਨ ਦਾ ਅਹਿਮ ਕਿਰਦਾਰ ਨਿਭਾਵੇਗੀ। ਮੋਸ਼ਨ ਪੋਸਟਰ ਦੇ ਵੀਡੀਓ ਦੇ ਸ਼ੁਰੂ ਵਿੱਚ ਜਾਹਨਵੀ ਤੇ ਰਾਜ ਕੁਮਾਰ ਦੀ ਆਵਾਜ਼ ਸੁਣਾਈ ਦਿੰਦੀ ਹੈ। ਰਾਜ ਕੁਮਾਰ ਕਹਿੰਦਾ ਹੈ ਕਿ ਕਦੀ ਕਦੀ ਇੱਕ ਸੁਫਨਾ ਪੂਰਾ ਕਰਨ ਲਈ ਦੋ ਜਣਿਆਂ ਦੀ ਲੋੜ ਪੈਂਦੀ ਹੈ। ਇਸ ਦੇ ਬਾਅਦ ਕ੍ਰਿਕਟ ਕੁਮੈਂਟਰੀ ਸ਼ੁਰੂ ਹੋ ਜਾਂਦੀ ਹੈ, ਜਿਸ ਵਿੱਚ ਅਖੀਰ ਵਿੱਚ ਕਮੈਂਟੇਟਰ ਇੱਕ ਬੱਲੇਬਾਜ਼ ਦੀ ਤਾਰੀਫ ਕਰਦਾ ਸੁਣਈ ਦਿੰਦਾ ਹੈ ਤੇ ਅਖੀਰ ਵਿੱਚ ਕਹਿੰਦਾ ਹੈ, ''ਲੱਗਦਾ ਹੈ ਇੰਡੀਆ ਨੂੰ ਇੱਕ ਨਵਾਂ ਸਟਾਰ ਮਿਲ ਗਿਆ ਹੈ।''

ਜਾਹਨਵੀ ਨੇ ਇਹ ਵੀਡੀਓ ਸ਼ੇਅਰ ਕਰਦੇ ਹੋਏ ਕੈਪਸ਼ਨ ਵਿੱਚ ਲਿਖਿਆ, ''ਸ਼ੁਰੂਆਤੀ ਸਮਾਂ ਆ ਗਿਆ ਹੈ। ਇਹ ਸਫਰ ਦੋ ਦਿਲਾਂ ਦਾ ਹੈ, ਜੋ ਆਪਣੇ ਸੁਫਨੇ ਦਾ ਪਿੱਛਾ ਕਰਦੇ ਨਜ਼ਰ ਆਉਣਗੇ। ਅਸੀਂ 'ਮਿਸਟਰ ਐਂਡ ਮਿਸਿਜ਼ ਮਾਹੀ' ਲੈ ਕੇ ਆ ਰਹੇ ਹਾਂ। ਇਹ ਫਿਲਮ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ।'' ਮੋਸ਼ਨ ਪੋਸਟਰ ਨੂੰ ਸੋਸ਼ਲ ਮੀਡੀਆ ਉੱਤੇ ਸ਼ੇਅਰ ਕਰ ਕੇ ਕਰਣ ਨੇ ਇਹ ਕੈਪਸ਼ਨ ਲਿਖੀ, ''ਇੱਕ ਸੁਫਨਾ ਦੋ ਦਿਲਾਂ ਨੇ ਚੁਣਿਆ। ਪੇਸ਼ ਹੈ ਸ਼ਰਨ ਸ਼ਰਮਾ ਵੱਲੋਂ ਨਿਰਦੇਸ਼ਤ 'ਮਿਸਟਰ ਐਂਡ ਮਿਸਿਜ਼ ਮਾਹੀ', ਜੋ ਇੱਕ ਹੋਰ ਦਿਲ ਨੂੰ ਛੂਹ ਲੈਣ ਵਾਲੀ ਕਹਾਣੀ ਦੇ ਨਾਲ ਵਾਪਸ ਆ ਰਹੇ ਹਨ। ਰਾਜ ਕੁਮਾਰ ਅਤੇ ਜਾਹਨਵੀ ਦੀ ਇਹ ਫਿਲਮ ਸੱਤ ਅਕਤੂਬਰ 2022 ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ।'' ਫਿਲਮ ਵੇਖ ਕੇ ਅਜਿਹਾ ਲੱਗਦਾ ਹੈ ਕਿ ਇਸ ਦਾ ਕ੍ਰਿਕਟ ਨਾਲ ਜਬਰਦਸਤ ਸੰਬੰਧ ਹੈ। ਫਿਲਮ ਦੇ ਟਾਈਟਲ ਵਿੱਚ 'ਮਾਹੀ' ਸ਼ਬਦ ਤੋਂ ਸਪੱਸ਼ਟ ਹੈ ਕਿ ਇਸ ਦਾ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਮਹਿੰਦਰ ਸਿੰਘ ਧੋਨੀ ਨਾਲ ਕੁਝ ਨਾ ਕੁਝ ਹੈ।

## 'ਮੇਡੇ' ਦਾ ਨਾਂਅ ਬਦਲ ਕੇ ਹੋਇਆ 'ਰਨਵੇ 34'



ਫਿਲਮ ਦੀ ਰਿਲੀਜ਼ ਤੋਂ ਪਹਿਲਾਂ ਉਸ ਦਾ ਨਾਂਅ ਬਦਲਿਆ ਜਾਣਾ ਕੋਈ ਨਵੀਂ ਗੱਲ ਨਹੀਂ। ਥ੍ਰਿਲਰ ਫਿਲਮ 'ਮੇਡੇ' ਦਾ ਨਾਂਅ ਵੀ ਬਦਲ ਦਿੱਤਾ ਗਿਆ ਹੈ। ਇਸ ਦਾ ਨਵਾਂ ਨਾਂਅ 'ਰਨਵੇ 34' ਹੋਵੇਗਾ। ਫਿਲਮ ਦੇ ਨਿਰਮਾਤਾ ਅਤੇ ਨਿਰਦੇਸ਼ਕ ਅਜੈ ਦੇਵਗਨ ਨੇ ਇਸ ਦੀ ਜਾਣਕਾਰੀ ਇੱਕ ਅਧਿਕਾਰਕ ਬਿਆਨ ਜਾਰੀ ਕਰਦੇ ਹੋਏ ਦਿੱਤੀ ਹੈ।

ਅਜੈ ਦੇਵਗਨ ਨੇ ਕਿਹਾ, 'ਰਨਵੇ 34' ਸੱਚੀਆਂ ਘਟਨਾਵਾਂ ਉੱਤੇ ਆਧਾਰਤ ਹੈ। ਇਸ ਫਿਲਮ ਦੀ ਕਹਾਣੀ ਬਹੁਤ ਇਮੋਸ਼ਨਲ ਅਤੇ ਥ੍ਰਿਲਰ ਹੈ। ਮੇਰੀਆਂ ਕਈ ਭਾਵਨਾਵਾਂ 'ਰਨਵੇ 34' ਫਿਲਮ ਨਾਲ ਜੁੜੀਆਂ ਹਨ। ਜਦ ਇਸ ਦੀ ਸਕ੍ਰਿਪਟ ਆਈ ਤਾਂ ਮੈਂ ਜਾਣਦਾ ਸੀ ਕਿ ਮੈਂ ਇਸ ਨੂੰ ਬਣਾਵਾਂਗਾ। ਸਹਿਯੋਗੀ ਕਲਾਕਾਰ ਅਮਿਭਾਭ ਬੱਚਨ, ਰਕੁਲਪ੍ਰੀਤ ਸਿੰਘ, ਬੋਮਨ ਇਰਾਨੀ, ਸਾਰਿਆਂ ਨੂੰ ਬਰਾਬਰੀ ਦੇ ਮੌਕੇ ਮਿਲੇ ਹਨ। ਫਿਲਮ ਵਿੱਚ ਅਜੈ ਦੇਵਗਨ ਪਾਇਲਟ ਦੇ ਕਿਰਦਾਰ ਵਿੱਚ ਹਨ। ਅਮਿਤਾਭ ਦੇ ਕਿਰਦਾਰ ਨੂੰ ਸਸਪੈਂਸ ਰੱਖਿਆ ਹੈ। 'ਯੂ ਮੀ ਔਰ ਹਮ' ਅਤੇ 'ਸ਼ਿਵਾਏ' ਦੇ ਬਾਅਦ ਇਹ ਅਜੈ ਦੇਵਗਨ ਦੇ ਨਿਰਦੇਸ਼ਨ ਵਿੱਚ ਤੀਸਰੀ ਫਿਲਮ ਹੋਵੇਗੀ। ਅਗਲੇ ਸਾਲ ਈਦ ਉੱਤੇ 29 ਅਪ੍ਰੈਲ ਨੂੰ ਫਿਲਮ ਰਿਲੀਜ਼ ਹੋਵੇਗੀ।

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Tel: 905.793.5777
Avtar Singh Tiwana
Sales Representative
416.802.5866
31 Melanie Dr. Unit #4 Brampton, ON L6T 5H8






CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ, ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!
HELP WANTED
ਕਾਮਿਆਂ ਦੀ ਲੋੜ
DUNDAS·JAFINE
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD



# JAG AUJLA


REAL ESTATE BROKER

DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Call For a Quick & Free Home Evaluation
www.BramptonQuickHomeEvaluation.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੇਲ ਲਈ ਉਪਲੱਬਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੁਮ ਅਤੇ 4 ਵਾਸ਼ਰੁਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਈਨੀਂਗ ਰੁਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇਂ ਸੰਪਰਕ ਕਰ ਸਕਦੇ ਹੋ।

## BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਿਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

## BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈੱਡਰੂਮ, 3 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

## BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

## BRAMPTON




34 Winterfold Dr

CREDITVIEW & BOVAIRD
(MOUNT PLEASANT)

ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

Chapel Ridge
FUNERAL HOME
& CREMATION CENTRE

## ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



## 2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: **ਹਰਜਿੰਦਰ ਸਿੰਘ ਬਿਲਖੂ**
**647-966-0093**
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com



Region of Peel
working with you

# ਮਾਪਿਆਂ ਅਤੇ ਦੇਖਭਾਲਕਰਤਾਵਾਂ ਲਈ ਸੂਚਨਾ, ਅਸੀਂ ਤੁਹਾਡੇ 5-11 ਸਾਲਾਂ ਦੇ ਬੱਚਿਆਂ ਨੂੰ ਵੈਕਸੀਨ ਲਗਾਉਣ ਲਈ ਤਿਆਰ ਹਾਂ

ਹੁਣ ਉਹ
ਸਾਡੇ ਕਲੀਨਿਕਾਂ ਵਿੱਚ Pfizer ਕੋਵਿਡ-19 (COVID-19) ਵੈਕਸੀਨ ਲਗਵਾ ਸਕਦੇ ਹਨ।

**ਮੁਲਾਕਾਤ ਬੁੱਕ ਕਰਨ ਲਈ ਸਾਡੀ ਵੈਬਸਾਈਟ ਤੇ ਜਾਓ ਜਾਂ ਫੋਨ ਕਰੋ।**

**peelregion.ca/covid19vaccine**
**1-833-943-3900**


cupw sttp
CANADIAN UNION OF POSTAL WORKERS
GIG WORKERS UNITED
WE DESERVE
BETTER PAY
& WORKERS'
RIGHTS
JOIN GIG WORKERS UNITED!
GigWorkersUnited.ca
Text: JOIN to 647-499-2259
join@gigworkersunited.ca
@GigWorkersUnited @GigWorkersUnite
SCAN ME
CUPE·SCFP 1979